# ਕੈਨੇਡਾ ਦਰਪਣ

ਮਾਰਚ 6, 1987

**March 6, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING MARCH 6, 1987 Vol. 6 No. 08 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਬਰਨਾਲਾ ਦੇ ਸੱਦੇ ’ਤੇ ਲੌਂਗੋਵਾਲ ’ਚ ਭਾਰੀ ਇਕੱਠ

# ਸਿੰਘ ਸਾਹਿਬਾਨ ਦੇ ਫੈਸਲੇ ਰੱਦ

ਸੰਗਰੂਰ — ਪੰਜਾਬ ਦੇ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਵਲੋਂ ਪਿੰਡ ਲੌਂਗੋਵਾਲ ’ਚ ਸੱਦੇ ਸਰਬਤ ਖਾਲਸਾ ਸਮਾਗਮ ’ਚ ਦੋ ਲੱਖ ਤੋਂ ਵੱਧ ਵਿਅਕਤੀਆਂ ਦੇ ਸ਼ਾਮਲ ਹੋਣ ਦੀ ਖ਼ਬਰ ਮਿਲੀ ਹੈ।

ਸਿੰਘ ਸਾਹਿਬਾਨ ਦੇ ਫੈਸਲਿਆਂ ਦੇ ਵਿਰੋਧ ’ਚ ਸੱਦੇ ਇਸ ਇਕੱਠ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ, ਜਿਸ ਤੋਂ ਅਨੁਮਾਨ ਲੱਗਦਾ ਹੈ ਕਿ ਮੁੱਖ ਗ੍ਰੰਥੀਆਂ ਦੀ ਸਿਆਸਤ ਦਾ ਵਿਰੋਧ ਵੱਡੇ ਪੱਧਰ ’ਤੇ ਹੈ। ਇਸ ਇਕੱਠ ’ਚ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਮਤੇ ਪਾਸ ਕੀਤੇ ਗਏ ਅਤੇ ਸਿੰਘ ਸਾਹਿਬਾਨ ਦੇ ਫੈਸਲੇ ਰੱਦ ਕਰ ਦਿਤੇ ਗਏ। ਪੰਜਾਬ ਦੇ ਇਕ ਵਜ਼ੀਰ ਨੇ ਸਰਬਤ ਖਾਲਸੇ ਦੇ ਫੈਸਲੇ ਪੜ੍ਹ ਕੇ ਸੁਣਾਏ। ਇਨ੍ਹਾਂ ਫੈਸਲਿਆਂ ਨੂੰ ਸਰਬ ਸੰਮਤੀ ਨਾਲ ਪ੍ਰਵਾਨਗੀ ਇਸ ਗੱਲ ਦਾ ਸਬੂਤ ਸੀ ਲੋਕ ਅਜੇ ਵੀ ਬਰਨਾਲਾ ਦੇ ਨਾਲ ਹਨ।

ਇਸ ਮੌਕੇ ’ਤੇ ਬੋਲਦਿਆਂ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਸਿੰਘ ਸਾਹਿਬਾਨ ਦੀ ਕਰੜੀ ਨੁਕਤਾਚੀਨੀ ਕੀਤੀ। ਬਰਨਾਲਾ ਨੇ ਕਿਹਾ ਕਿ ਉਹ ਅਕਾਲ ਤਖਤ ਦੇ ਉਚੇ ਅਹੁਦੇ ਦੀ ਕਦਰ ਕਰਦੇ ਹਨ ਪਰ ਜਥੇਦਾਰਾਂ ਨੂੰ ਨਜਾਇਜ਼ ਫਾਇਦਾ ਨਹੀਂ ਉਠਾਉਣਾ ਚਾਹੀਦਾ। ਬਰਨਾਲਾ ਨੇ ਦੋਸ਼ ਲਾਇਆ ਕਿ ਸਿੰਘ ਸਾਹਿਬਾਨ ਅਤਿਵਾਦੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ ਅਤੇ ਉਹਨੂੰ ਗੱਦੀ ਤੋਂ ਲਾਹੁਣ ਲਈ ਉਹ ਹਰ ਕੰਮ ਕਰਨ ਨੂੰ ਤਿਆਰ ਹਨ। ਬਰਨਾਲਾ ਨੇ ਪਹਿਲੇ ਮੁੱਖ ਗ੍ਰੰਥੀਆਂ ਨੂੰ ਬਰਤਰਫ਼ ਕਰਨ ਦੇ ਢੰਗ ਦੀ ਵੀ ਅਲੋਚਨਾ ਕੀਤੀ ਅਤੇ ਇਹਨੂੰ ਗਲਤ ਦੱਸਿਆ।

ਖਜ਼ਾਨਾ ਮੰਤਰੀ ਬਲਵੰਤ ਸਿੰਘ ਨੇ ਵੀ ਜਥੇਦਾਰਾਂ ਦੀ ਅਲੋਚਨਾ ਕੀਤੀ ਅਤੇ ਕਿਹਾ ਕਿ ਅਸੀਂ ਧਾਰਮਿਕ ਤੌਰ ’ਤੇ ਉਨ੍ਹਾਂ ਦੀ ਕਦਰ ਕਰਦੇ ਹਾਂ ਪਰ ਉਨ੍ਹਾਂ ਨੂੰ ਰਾਜਸੀ ਮਾਮਲਿਆਂ ’ਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ।

ਇਸ ਸਮਾਗਮ ’ਚ ਲੋਕ ਬੜੀ ਦੂਰੋਂ ਦੂਰੋਂ ਪਹੁੰਚੇ ਸਨ। ਬਰਨਾਲਾ ਦੇ ਵਿਰੋਧੀਆਂ ਨੇ ਇਹ ਦੋਸ਼ ਵੀ ਲਾਇਆ ਹੈ ਕਿ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਸਰਕਾਰੀ ਮਸ਼ੀਨਰੀ ਦੀ ਖੁਲ੍ਹੀ ਵਰਤੋਂ ਕੀਤੀ ਗਈ।

ਇਸ ਸਮਾਗਮ ’ਚ ਸਾਰੇ ਮੰਤਰੀਆਂ ਦੀ ਮੌਜੂਦਗੀ ਨੇ ਹਾਲ ਦੀ ਘੜੀ ਬਰਨਾਲਾ ਦੀ ਗੱਦੀ ਨੂੰ ਬਚਾ ਲਿਆ ਹੈ। ਸਿੰਘ ਸਾਹਿਬ ਵਲੋਂ ਜਾਰੀ 20 ਵਿਧਾਇਕਾਂ ਦੀ ਲਿਸਟ ਦੇ ਬਾਵਜੂਦ ਇਹ ਸਾਰੇ ਸਮਾਗਮ ’ਚ ਹਾਜ਼ਰ ਹੋਏ। ਹੁਣ ਦੇਖਣਾ ਇਹ ਹੈ ਕਿ ਕੀ ਸਿੰਘ ਸਾਹਿਬਾਨ ਇਨ੍ਹਾਂ ਨੂੰ ਸਿਖ ਪੰਥ ’ਚੋਂ ਖਾਰਜ ਕਰਦੇ ਹਨ ਜਾਂ ਨਹੀਂ ? ਇਹ ਭਾਰੀ ਇਕੱਠ ਇਸ ਗੱਲ ਦਾ ਵੀ ਸਬੂਤ ਹੈ ਕਿ ਲੋਕਾਂ ਨੇ ਸਿੰਘ ਸਾਹਿਬਾਨ ਵਲੋਂ ਬਰਨਾਲਾ ਦੇ ਬਾਈਕਾਟ ਦੇ ਸੱਦੇ ਨੂੰ ਠੁਕਰਾ ਦਿੱਤਾ ਹੈ ਅਤੇ ਉਨ੍ਹਾਂ ਦੀ ਪੋਜ਼ੀਸ਼ਨ ਬੜੀ ਹਾਸੋਹੀਣੀ ਬਣ ਗਈ ਹੈ।

## ਦਿੱਲੀ ਦੰਗਿਆਂ ’ਚ ਲਾਪ੍ਰਵਾਹੀ ਵਰਤਣ ਲਈ ਪੁਲੀਸ ਜ਼ਿੰਮੇਂਵਾਰ

# ਮਿਸ਼ਰਾ ਕਮਿਸ਼ਨ ਨੇ ਕਾਂਗਰਸੀਆਂ ਨੂੰ ਬਰੀ ਕਰ ਦਿੱਤਾ

ਨਵੀਂ ਦਿੱਲੀ — 1984 ’ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਦੰਗਿਆਂ ਦੀ ਜਾਂਚ ਕਰਨ ਵਾਲੇ ਮਿਸ਼ਰਾ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਾਂਗਰਸ ਦੇ ਲੀਡਰਾਂ ਨੂੰ ਬਰੀ ਕਰ ਦਿੱਤਾ ਹੈ ਅਤੇ ਪੁਲੀਸ ’ਤੇ ਦੋਸ਼ ਲਾਇਆ ਹੈ ਕਿ ਇਹਨੇ ਹਾਲਤ ਨੂੰ ਸਾਂਭਣ ’ਚ ਲਾਪਰਵਾਹੀ ਵਰਤੀ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿਚ ਹਿੰਸਕ ਦੰਗੇ ਭੜਕ ਪਏ ਸਨ ਅਤੇ 3 ਹਜ਼ਾਰ ਤੋਂ ਵੱਧ ਨਿਰਦੋਸ਼ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ।

ਮਿਸ਼ਰਾ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ 19 ਕਾਂਗਰਸੀ ਵਰਕਰ ਆਪਣੇ ਤੌਰ ’ਤੇ ਇਨ੍ਹਾਂ ਦੰਗਾਕਾਰੀਆਂ ਵਿਚ ਸ਼ਾਮਲ ਹੋਏ ਪਰ ਕਿਸੇ ਵੀ ਨੇਤਾ ਖਿਲਾਫ਼ ਕੋਈ ਠੋਸ ਸਬੂਤ ਨਹੀਂ। ਇਨ੍ਹਾਂ ਵਿਚੋਂ ਦੋ ਪਹਿਲਾਂ ਹੀ ਬਰੀ ਹੋ ਚੁੱਕੇ ਹਨ ਅਤੇ 17 ਦੇ ਖਿਲਾਫ ਕੇਸ ਪੈਂਡਿੰਗ ਪਏ ਹਨ। ਹਾਲਤ ਤੇ ਕੰਟਰੋਲ ਨਾ ਕਰਨ ਲਈ ਪੁਲੀਸ ਨੂੰ ਦੋਸ਼ੀ ਕਰਾਰ ਦਿਤਾ ਗਿਆ ਹੈ। ਕਮਿਸ਼ਨ ਨੇ ਪੁਲੀਸ ਦੀ ਇਹ ਥਿਊਰੀ ਰੱਦ ਕਰ ਦਿੱਤੀ ਕਿ ਹਾਲਤ ’ਤੇ ਕਾਬੂ ਪਾਉਣ ਲਈ ਪੁਲੀਸ ਦੀ ਗਿਣਤੀ ਕਾਫੀ ਘੱਟ ਸੀ।

ਦਿੱਲੀ ਅਤੇ ਹੋਰ ਸ਼ਹਿਰਾਂ ’ਚ ਹੋਈ ਇਸ ਕਤਲੋਗਾਰਤ ਤੋਂ ਬਾਅਦ ਕਈ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਨੇ ਅਜਿਹੀਆਂ ਰਿਪੋਰਟਾਂ ਛਾਪੀਆਂ ਸਨ, ਜਿਸ ਵਿਚ ਕਈ ਕਾਂਗਰਸੀ ਨੇਤਾਵਾਂ ਨੂੰ ਦੰਗੇ ਕਰਾਉਣ ਲਈ ਦੋਸ਼ੀ ਠਹਿਰਾਇਆ ਗਿਆ ਸੀ। ਦਿੱਲੀ ਦੇ ਕਈ ਅਖਬਾਰਾਂ ਨੇ ਵੀ ਇਨ੍ਹਾਂ ਦੇ ਨਾਂ ਛਾਪੇ ਸਨ। ਕਾਂਗਰਸੀ ਲੀਡਰ ਐਚ. ਕੇ. ਐਲ. ਭਗਤ ਅਤੇ ਜਗਦੀਸ਼ ਟਾਈਟਲਰ ਉਨ੍ਹਾਂ ’ਚੋਂ ਪ੍ਰਮੁਖ ਸਨ। ਉਨ੍ਹਾਂ ਵਿਰੁੱਧ ਐਕਸ਼ਨ ਲੈਣ ਦੀ ਬਜਾਏ ਰਾਜੀਵ ਗਾਂਧੀ ਨੇ ਉਨ੍ਹਾਂ ਨੂੰ ਕੈਬਨਿਟ ’ਚ ਮੰਤਰੀ ਲੈ ਲਿਆ ਸੀ।

ਮਿਸ਼ਰਾ ਕਮਿਸਨ ਦੀ ਰਿਪੋਰਟ ਨੇ ਇਨ੍ਹਾਂ ਨੂੰ ਹੁਣ ਕਲੀਨ ਚਿੱਟ ਦੇ ਦਿੱਤੀ ਹੈ। ਉਧਰ ਪਾਰਲੀਮੈਂਟ ’ਚ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੂੰ ਲੈ ਕੇ ਹੰਗਾਮੇ ਹੋਣ ਦੀ ਖਬਰ ਮਿਲੀ ਹੈ।

ਅਕਾਲੀ ਐਮ. ਪੀ. ਜਗਜੀਤ ਸਿੰਘ ਅਰੋੜਾ ਨੇ ਪਾਰਲੀਮੈਂਟ ’ਚ ਬੋਲਦਿਆਂ ਕਿਹਾ ਕਿ ਕਮਿਸ਼ਨ ਨੇ ਆਪਣੀ ਰਿਪੋਰਟ ’ਚ ਪੱਖਪਾਤ ਤੋਂ ਕੰਮ ਲਿਆ ਹੈ। ਰਾਜਸੀ ਹਲਕਿਆਂ ਦਾ ਵਿਚਾਰ ਹੈ ਕਿ ਕਮਿਸ਼ਨ ਵੀ ਹੁਣ ਰਾਜਸੀ ਦਬਾਉ ਅਧੀਨ ਕੰਮ ਕਰਦੇ ਹਨ ਅਤੇ ਆਮ ਲੋਕਾਂ ਦਾ ਇਸ ਤੋਂ ਯਕੀਨ ਉਠ ਗਿਆ ਹੈ।

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ROYAL FURNITURE

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND



PAUL TOOR

PH. 874-9525

# ਭਾਜਪਾ ਵੱਲੋਂ ਰਾਜੀਵ ਸਰਕਾਰ ਵਿਰੁੱਧ ਮੁਜ਼ਾਹਰਾ

ਨਵੀਂ ਦਿੱਲੀ — ਪੰਜਾਬ 'ਚ ਹਿੰਸਕ ਘਟਨਾਵਾਂ 'ਤੇ ਕਾਬੂ ਪਾਉਣ ਲਈ ਕੇਂਦਰ ਦੀ ਅਸਫਲਤਾ ਦੇ ਵਿਰੁੱਧ ਭਾਰਤੀ ਜਨਤਾ ਪਾਰਟੀ ਨੇ ਦਿੱਲੀ 'ਚ ਮੁਜ਼ਾਹਰਾ ਕੀਤਾ, ਜਿਸ ਵਿਚ ਲਗਭਗ ਇਕ ਲੱਖ ਵਿਅਕਤੀ ਸ਼ਾਮਲ ਹੋਏ।

ਇਸ ਮੁਜ਼ਾਹਰੇ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਕੀਤੀ। ਅਡਵਾਨੀ ਨੇ ਦੋਸ਼ ਲਾਇਆ ਕਿ ਕੇਂਦਰੀ ਸਰਕਾਰ ਦਾ ਰਵੱਈਆ ਮੁਲਜ਼ਮਾਂ ਵਾਲਾ ਹੈ ਅਤੇ ਇਹਨੇ ਪੰਜਾਬ ਦੀ ਹਾਲਤ ਹੋਰ ਵਿਗਾੜਨ ਵਿਚ ਹਿੱਸਾ ਪਾਇਆ ਹੈ।

ਜਲੂਸ ਵਾਲੇ ਇਲਾਕੇ 'ਚ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਗਿਆ ਅਤੇ ਬਹੁਤੀਆਂ ਦੁਕਾਨਾਂ ਅਤੇ ਸਰਕਾਰੀ ਦਫ਼ਤਰ ਬੰਦ ਰਹੇ। ਰਾਜੀਵ ਸਰਕਾਰ ਦੇ ਖਿਲਾਫ਼ ਇਹ ਪਹਿਲਾ ਮੁਜ਼ਾਹਰਾ ਹੈ, ਜਿਸ ਵਿਚ ਇੰਨੀ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ।

ਉਧਰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕਿਹਾ ਹੈ ਕਿ ਸਰਕਾਰ ਦਹਿਸ਼ਤਗਰਦੀ ਦਾ ਮੁਕਾਬਲਾ ਡੱਟ ਕੇ ਕਰੇਗੀ। ਰਾਸ਼ਟਰਪਤੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਜ਼ਹਬੀ ਕੱਟੜਤਾ ਦਾ ਮੁਕਾਬਲਾ ਸਖਤੀ ਨਾਲ ਕਰਨ।



# ਬਰਨਾਲਾ ਸਰਕਾਰ ਡੇਗਣ ਦੀ ਇਕ ਹੋਰ ਕੋਸ਼ਿਸ਼

ਅੰਮ੍ਰਿਤਸਰ — ਸਿੰਘ ਸਾਹਿਬਾਨ ਨੇ ਬਰਨਾਲਾ ਦੀ ਸਰਕਾਰ ਤੋੜਣ ਲਈ ਇਕ ਹੋਰ ਕੋਸ਼ਿਸ਼ ਕੀਤੀ ਜਦੋਂ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ 19 ਫਰਵਰੀ ਨੂੰ 20 ਅਕਾਲੀ ਵਿਧਾਇਕਾਂ ਦੇ ਨਾਂ ਦੀ ਲਿਸਟ ਜਾਰੀ ਕੀਤੀ ਜਿਨ੍ਹਾਂ ਨੇ ਸਿੰਘ ਸਾਹਿਬਾਨ ਦੇ ਫੈਸਲੇ ਨਾਲ ਵਫਾਦਾਰੀ ਦਾ ਪ੍ਰਗਟਾ ਕੀਤਾ ਸੀ।

ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ ਇਹ ਨਾਂ ਪੜ੍ਹ ਕੇ ਸੁਣਾਂਦਿਆਂ ਕਿਹਾ ਕਿ ਇਨ੍ਹਾਂ ਵਿਧਾਇਕਾਂ ਅਤੇ ਮੰਤਰੀਆਂ ਨੇ ਕਿਹਾ ਸੀ ਕਿ ਉਹ ਬਰਨਾਲਾ ਦਾ ਸਾਥ ਛੱਡਣ ਲਈ ਤਿਆਰ ਹਨ। ਜਥੇਦਾਰ ਨੇ ਹੋਰ ਕਿਹਾ ਕਿ ਜੇ ਇਨ੍ਹਾਂ ਵਿਚੋਂ ਕੋਈ ਆਪਣੇ ਵਾਅਦੇ ਤੋਂ ਫਿਰ ਗਿਆ ਤਾਂ ਉਸ ਨੂੰ ਸਿੱਖ ਪੰਥ 'ਚੋਂ ਖਾਰਜ ਕਰ ਦਿੱਤਾ ਜਾਏਗਾ।

ਵਰਨਣਯੋਗ ਹੈ ਕਿ ਇਸ ਲਿਸਟ ਵਿਚ ਖਜ਼ਾਨਾ ਮੰਤਰੀ ਬਲਵੰਤ ਸਿੰਘ ਦਾ ਨਾਂ ਵੀ ਸ਼ਾਮਲ ਸੀ। ਬਲਵੰਤ ਸਿੰਘ ਨੇ ਇਸ ਦੀ ਤਰਦੀਦ ਕਰਦਿਆਂ ਕਿਹਾ ਕਿ ਸਿੰਘ ਸਾਹਿਬ ਪ੍ਰਤੀ ਵਫਾਦਾਰੀ ਦਾ ਮਤਲਬ ਧਾਰਮਿਕ ਤੌਰ 'ਤੇ ਸੀ ਨਾ ਕਿ ਸਿਆਸੀ ਤੌਰ 'ਤੇ। ਬਲਵੰਤ ਸਿੰਘ ਨੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਾਲ ਵਫਾਦਾਰੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਸਦਾ ਬਰਨਾਲਾ ਦੇ ਨਾਲ ਹੈ।

ਪ੍ਰੋ: ਦਰਸ਼ਨ ਸਿੰਘ ਦੀ ਇਸ ਕਾਰਵਾਈ ਤੋਂ ਬਾਅਦ ਅਜੇ ਤੱਕ ਕਿਸੇ ਵਿਧਾਇਕ ਜਾਂ ਮੰਤਰੀ ਦੇ ਅਸਤੀਫੇ ਦੀ ਖਬਰ ਨਹੀਂ ਆਈ।

---

ਆਪਣੀ ਪਤਨੀ ਦੇ ਹੱਥਾਂ ਵਿਚ ਕ੍ਰਿਕਟ ਦਾ ਬੱਲਾ ਵੇਖ ਕੇ ਪਤੀ ਨੇ ਹੈਰਾਨੀ ਨਾਲ ਪੁੱਛਿਆ, "ਕੀ ਤੂੰ ਛੱਕਾ ਲਗਾ ਸਕਦੀ ਹੈ ?"

"ਮੈਂ ਛੱਕਾ ਲਗਾ ਨਹੀਂ, ਛੱਕਾ ਛੁਡਾ ਸਕਦੀ ਹਾਂ।" ਪਤਨੀ ਨੇ ਉਤਰ ਦਿੱਤਾ।

* * *

# ਦਾਰਜੀਲਿੰਗ 'ਚ ਹਿੰਸਕ ਘਟਨਾਵਾਂ ਜਾਰੀ

ਦਾਰਜੀਲਿੰਗ — ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਵਲੋਂ ਆਪਣਾ ਅੰਦੋਲਨ ਦੋ ਮਹੀਨੇ ਲਈ ਰੱਦ ਕਰਨ ਦੇ ਫੈਸਲੇ ਦੀ ਮਿਆਦ ਅਜੇ ਬਾਕੀ ਹੋਣ ਦੇ ਬਾਵਜੂਦ ਦਾਰਜੀਲਿੰਗ 'ਚ ਕਈ ਹਿੰਸਕ ਘਟਨਾਵਾਂ ਵਾਪਰੀਆਂ ਹਨ।

20 ਫਰਵਰੀ ਨੂੰ ਦਾਰਜੀਲਿੰਗ ਤੋਂ ਕੋਈ 35 ਕਿਲੋਮੀਟਰ ਦੂਰ ਇਕ ਛੋਟੇ ਕਸਬੇ ਦੇ ਥਾਣੇ ਨੂੰ ਅੱਗ ਲਾ ਦਿੱਤੀ ਗਈ ਅਤੇ ਪੁਲੀਸ ਦੇ ਦੋ ਸਿਪਾਹੀ ਅਗਵਾ ਕਰ ਲਏ ਗਏ।

ਇਕ ਹੋਰ ਘਟਨਾ ਵਿਚ ਪੁਲੀਸ ਵਲੋਂ ਗੋਲੀ ਚਲਾਏ ਜਾਣ 'ਤੇ ਇਕ ਗੋਰਖਾ ਮਾਰਿਆ ਗਿਆ। ਉਧਰ ਫਰੰਟ ਦੇ ਲੀਡਰ ਸੁਭਾਸ਼ ਘੀਸ਼ਿੰਗ ਨੇ ਧਮਕੀ ਦਿੱਤੀ ਹੈ ਕਿ ਜੇ ਫਰੰਟ ਦੀਆਂ ਮੰਗਾਂ ਨੂੰ ਸਖਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਅੰਦੋਲਨ ਫਿਰ ਸ਼ੁਰੂ ਹੋ ਜਾਵੇਗਾ। ਗੋਰਖਾ ਨੈਸ਼ਨਲ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ 'ਚ ਵੱਖਰੇ ਰਾਜ ਦੀ ਮੰਗ ਕਰ ਰਿਹਾ ਹੈ ਜਿਥੇ ਕਿ ਗੋਰਖਿਆਂ ਦੀ ਬਹੁਗਿਣਤੀ ਹੈ।

# ਲਾਲਡੇਂਗਾ ਨੇ ਸਹੁੰ ਚੁੱਕੀ

ਨਵੀਂ ਦਿੱਲੀ — ਮਿਜ਼ੋਰਾਮ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਜੇਤੂ ਰਹਿਣ ਤੋਂ ਬਾਅਦ ਲਾਲਡੇਂਗਾ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਸਹੁੰ ਚੁੱਕਣ ਦੀ ਰਸਮ ਵੇਲੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੀ ਮੌਜੂਦ ਸੀ।

ਨਵੇਂ ਬਣੇ ਰਾਜ ਮਿਜ਼ੋਰਾਮ ਦੀਆਂ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ 'ਚ ਲਾਲਡੇਂਗਾ ਦੀ ਪਾਰਟੀ ਨੇ 40 ਵਿਚੋਂ 24 ਸੀਟਾਂ ਜਿੱਤੀਆਂ ਹਨ। ਕਾਂਗਰਸ ਪਾਰਟੀ ਸਿਰਫ 13 ਸੀਟਾਂ ਹੀ ਲਿਜਾ ਸਕੀ ਹੈ। ਸਾਬਕਾ ਮੁੱਖ ਮੰਤਰੀ ਬਿਰਗੇਡੀਅਰ ਸਾਈਲੋ ਦੀ ਪਾਰਟੀ ਨੂੰ ਤਿੰਨ ਸੀਟਾਂ ਮਿਲੀਆਂ 'ਨ ਪਰ ਉਹ ਆਪ ਚੋਣ ਹਾਰ ਗਿਆ।

ਇਸ ਦੇ ਨਾਲ ਹੀ ਮਿਜ਼ੋਰਾਮ ਅਤੇ ਅਰੁਨਾਚਲ ਪ੍ਰਦੇਸ਼ ਨੂੰ ਰਾਜਾਂ ਦਾ ਦਰਜਾ ਦੇ ਦਿੱਤਾ ਗਿਆ ਹੈ। ਇਹ ਦੋ ਰਾਜ ਬਣਨ ਨਾਲ ਭਾਰਤ 'ਚ ਹੁਣ 24 ਰਾਜ ਹੋ ਗਏ ਹਨ।

ਅਰੁਨਾਚਲ ਪ੍ਰਦੇਸ਼ ਨੂੰ ਰਾਜ ਦਾ ਦਰਜਾ ਦਿੱਤੇ ਜਾਣ ਦੀ ਚੀਨ ਨੇ ਇਕ ਵਾਰ ਫਿਰ ਨਿਖੇਧੀ ਕੀਤੀ ਹੈ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



GM

WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ
1983 ਤੇ 1985 ਦੇ ਗਰੈਂਡ ਸੇਲਜ਼ ਮਾਸਟਰ

## ਰਿਫ਼ੂਜ਼ੀਆਂ ਲਈ ਦਰਵਾਜ਼ੇ ਬੰਦ ਹੋਣ ਲੱਗੇ

ਅਟਵਾ — ਮੱਧ ਅਮਰੀਕਾ ਤੋਂ ਆਉਣ ਵਾਲੇ ਰਿਫ਼ੂਜ਼ੀਆਂ ਨੂੰ ਕੈਨੇਡਾ 'ਚ ਦਾਖਲ ਹੋਣਾ ਹੁਣ ਔਖਾ ਹੋ ਗਿਆ ਹੈ। ਨਵੇਂ ਕਾਨੂੰਨ ਅਨੁਸਾਰ ਸਹੀ ਸ਼ਰਨਾਰਥੀ ਦਾ ਦਾਅਵਾ ਕਰਨ ਲਈ ਉਨ੍ਹਾਂ ਨੂੰ ਪਹਿਲਾਂ ਇਮੀਗਰੇਸ਼ਨ ਅਧਿਕਾਰੀਆਂ ਦੀ ਤਸੱਲੀ ਕਰਾਉਣੀ ਪਵੇਗੀ।

ਉਧਰ ਅਮਰੀਕਨ ਅਧਿਕਾਰੀਆਂ ਨੇ ਕਿਹਾ ਹੈ ਕਿ ਇਨ੍ਹਾਂ ਦੇਸ਼ਾਂ ਤੋਂ ਆਏ ਲੋਕ ਕੈਨੇਡਾ 'ਚ ਉਨ੍ਹਾਂ ਦੇ ਕੇਸ ਦੀ ਸੁਣਵਾਈ ਦੀ ਤਰੀਕ ਤੱਕ ਅਮਰੀਕਾ 'ਚ ਰਹਿ ਸਕਦੇ ਹਨ। ਇਮੀਗਰੇਸ਼ਨ ਦੀ ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਭੇਜ ਦਿਤਾ ਜਾਏਗਾ।

ਇਕ ਅਮਰੀਕੀ ਅਧਿਕਾਰੀ ਅਨੁਸਾਰ, "ਜੇ ਕੋਈ ਰਿਫ਼ੂਜੀ ਸਾਡੇ ਕੋਲ ਆ ਕੇ ਕੈਨੇਡਾ ਇਮੀਗਰੇਸ਼ਨ ਦੇ ਪੇਪਰ ਦਿਖਾਉਂਦਾ ਹੈ, ਜਿਸ ਵਿਚ ਉਨ੍ਹਾਂ ਦੇ ਕੇਸ ਦੀ ਸੁਣਵਾਈ ਦੀ ਤਰੀਕ ਨਿਸ਼ਚਤ ਹੋਵੇ ਤਾਂ ਉਸ ਦਿਨ ਤੱਕ ਰਹਿਣ ਦੀ ਆਗਿਆ ਦੇ ਦੇਵਾਂਗੇ ਪਰ ਉਸ ਤਰੀਕ ਤੱਕ ਅਮਰੀਕਾ ਛੱਡਣਾ ਪਵੇਗਾ।"

ਇਸ ਅਧਿਕਾਰੀ ਨੇ ਕਿਹਾ ਕਿ ਰਿਫ਼ੂਜੀ ਸਟੇਟਸ ਦੀ ਮੰਗ ਕਰਨ ਵਾਲਿਆਂ ਵਿਚੋਂ ਬਹੁਤੇ ਜਾਹਲੀ ਰਿਫ਼ੂਜ਼ੀ ਹਨ। ਕੈਨੇਡੀਅਨ ਇਮੀਗਰੇਸ਼ਨ ਮਨਿਸਟਰ ਬਚਰਡ ਨੇ ਵੀ ਪਿਛਲੇ ਹਫਤੇ ਕਿਹਾ ਸੀ ਕਿ ਆਪਣੇ ਆਪ ਨੂੰ ਰਿਫ਼ੂਜ਼ੀ ਦੱਸਣ ਵਾਲਿਆਂ ਵਿਚੋਂ 75 ਪ੍ਰਤੀਸ਼ਤ ਜਾਹਲੀ ਹਨ।

ਕੈਨੇਡਾ ਅਤੇ ਅਮਰੀਕਾ ਸਰਕਾਰ ਵੱਲੋਂ ਚੁੱਕੇ ਸਖਤ ਕਦਮਾਂ ਨੇ ਬਾਹਰੋਂ ਆਉਣ ਵਾਲੇ ਰਿਫ਼ੂਜ਼ੀਆਂ ਲਈ ਇਨ੍ਹਾਂ ਦੇਸ਼ਾਂ ਦੇ ਦਰਵਾਜ਼ੇ ਬੰਦ ਕਰ ਦਿਤੇ ਹਨ।

## ਪੁਲਸੀਏ ਦਾ ਕਾਤਲ ਗ੍ਰਿਫਤਾਰ

ਕੈਲਗਰੀ — ਕੈਲਗਰੀ 'ਚ 26 ਜਨਵਰੀ ਨੂੰ ਆਰ ਸੀ ਐਮ ਪੀ ਦੇ ਕਾਂਸਟੇਬਲ ਗੋਰਡਨ ਕੋਵਲਚੈਕ ਦੇ ਹੋਏ ਕਤਲ ਦੇ ਸਬੰਧ ਵਿਚ ਇਕ 21 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਕਾਂਸਟੇਬਲ ਨੇ ਇਕ ਗੈਸ ਸਟੇਸ਼ਨ ਤੋਂ ਸ਼ਕਾਇਤ ਮਿਲਣ 'ਤੇ ਇਕ ਪਿਕ-ਅਪ ਟਰੱਕ ਦਾ ਪਿੱਛਾ ਕੀਤਾ ਸੀ। ਬਾਅਦ ਵਿਚ ਪੁਲਸੀਏ ਦੀ ਲਾਸ਼ ਇਕ ਘੱਟ ਵਰਤੋਂ 'ਚ ਆਉਂਦੀ ਸੜਕ 'ਤੇ ਪਈ ਮਿਲੀ ਸੀ।

ਐਂਡਰੀਉ ਹਰਲਡ ਨਾਮੀ ਇਸ ਵਿਅਕਤੀ 'ਤੇ ਫਸਟ ਡਿਗਰੀ ਕਤਲ ਦਾ ਚਾਰਜ ਲਾਇਆ ਗਿਆ ਹੈ। ਇਸ ਨੂੰ ਕੈਲਗਰੀ ਦੇ ਉਤਰ ਵਿਚ 50 ਕਿਲੋਮੀਟਰ ਦੂਰ ਇਕ ਫਾਰਮ ਹਾਊਸ 'ਚੋਂ ਗ੍ਰਿਫਤਾਰ ਕੀਤਾ ਗਿਆ।

## ਸਰੀ 'ਚ ਕੋਰਟ ਹਾਊਸ ਅਤੇ ਜੇਲ੍ਹ ਬਣਾਉਣ ਦੀ ਤਜ਼ਵੀਜ



ਸਰੀ — ਸਰੀ ਕੌਂਸਲ ਨੇ 53 ਮਿਲੀਅਨ ਡਾਲਰ ਦੀ ਲਾਗਤ ਨਾਲ ਕੋਰਟ ਹਾਊਸ ਅਤੇ ਪ੍ਰੀ ਟਰਾਇਲ ਸੈਂਟਰ ਉਸਾਰਨ ਲਈ ਅਟਾਰਨੀ ਜਨਰਲ ਦੇ ਵਿਭਾਗ ਨਾਲ ਗੱਲਬਾਤ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ।

ਸਰੀ ਦੇ ਮੇਅਰ ਡੌਨ ਰੌਸ ਅਨੁਸਾਰ ਸਰੀ ਮਿਊਂਸਪਿਲਟੀ 'ਚ ਉਸਰਨ ਵਾਲੇ ਇਸ ਕੰਪਲੈਕਸ 'ਚ 14 ਕਮਰੇ ਕੋਰਟ ਹਾਊਸ ਲਈ ਅਤੇ ਆਰ. ਸੀ. ਐਮ. ਪੀ. ਦੇ ਰਿਮਾਂਡ ਸੈਂਟਰ ਲਈ ਯੂਨਿਟ ਬਣਾਏ ਜਾਣਗੇ।

ਐਲਡਰਮੈਨ ਬੌਨੀ ਸ਼ਰੈਂਕ ਨੇ ਬਾਅਦ 'ਚ ਕਿਹਾ ਕਿ ਇਹ ਉਸਾਰੀ ਲਈ ਸਰੀ ਦਾ ਇਕ ਹੋਰ ਜ਼ਿਲ੍ਹੇ ਨਾਲ ਮੁਕਾਬਲਾ ਹੈ ਅਤੇ ਅਟਾਰਨੀ ਜਨਰਲ ਦੇ ਵਿਭਾਗ ਵਲੋਂ ਜੂਨ ਵਿਚ ਆਖਰੀ ਫੈਸਲਾ ਕੀਤਾ ਜਾਏਗਾ। ਬੌਨੀ ਨੇ ਕਿਹਾ ਕਿ ਤਜ਼ਵੀਜ ਸ਼ੁਦਾ ਇਸ ਕੰਪਲੈਕਸ ਦੇ ਬਣਨ ਨਾਲ 450 ਤੋਂ ਜ਼ਿਆਦਾ ਲੋਕਾਂ ਨੂੰ ਕੰਮ ਮਿਲੇਗਾ। ਇਨ੍ਹਾਂ ਵਿਚ 250 ਨਵੇਂ ਪੁਲਸੀਏ ਹੋਣਗੇ। ਤਿੰਨਾਂ ਬਿਲਡਿੰਗਾਂ ਨੂੰ ਅੰਡਰ ਗਰਾਊਂਡ ਰਸਤੇ ਰਾਹੀਂ ਜੋੜਿਆ ਜਾਏਗਾ ਤਾਂ ਜੋ ਕੈਦੀਆਂ ਨੂੰ ਕੋਰਟ ਵੱਲ ਲਿਜਾਣ ਵੇਲੇ ਸੁਰੱਖਿਆ ਬਣੀ ਰਹੇ।

## ਟੈਕਸੀ ਡਰਾਈਵਰ ਬੰਦੂਕਾਂ ਰੱਖਣ ਲੱਗੇ

ਵਿੰਨੀਪੈਗ — ਵਿੰਨੀਪੈਗ ਦੇ ਟੈਕਸੀ ਡਰਾਈਵਰਾਂ ਦੀ ਇਕ ਵੱਡੀ ਗਿਣਤੀ ਜਾਂ ਤਾਂ ਆਪਣੀਆਂ ਟੈਕਸੀਆਂ ਵੇਚ ਰਹੀ ਹੈ ਅਤੇ ਜਾਂ ਆਪਣੇ ਨਾਲ ਅਸਲਾ ਰੱਖ ਰਹੀ ਹੈ।

ਇਹ ਗੱਲ ਡਰਾਈਵਰਾਂ ਦੇ ਇਕ ਬੁਲਾਰੇ ਨੇ ਕਹੀ। ਟੈਕਸੀ ਡਰਾਈਵਰਾਂ ਨਾਲ ਤਸ਼ੱਦਦ ਦੀਆਂ ਘਟਨਾਵਾਂ ਵਾਪਰਨ 'ਤੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਬੁਲਾਰੇ ਅਨੁਸਾਰ 1 ਨਵੰਬਰ ਤੋਂ ਲੈ ਕੇ ਹੁਣ ਤੱਕ 25 ਤੋਂ ਵੱਧ ਘਟਨਾਵਾਂ ਵਾਪਰ ਚੁਕੀਆਂ ਹਨ ਜਿਸ ਵਿਚ ਟੈਕਸੀ ਡਰਾਈਵਰਾਂ ਨੂੰ ਜਾਂ ਤਾਂ ਲੁੱਟ ਲਿਆ ਗਿਆ ਅਤੇ ਜਾਂ ਕੁੱਟ ਮਾਰ ਕੀਤੀ ਗਈ।

## ਬੱਚਿਆਂ ਨੂੰ ਸਕੂਲ ਜਾਣੋਂ ਰੋਕਿਆ

ਟਰਾਂਟੋ — ਟਰਾਂਟੋ ਵਿਚ ਗੈਰ ਕਾਨੂੰਨੀ ਤੌਰ 'ਤੇ ਵਸਦੇ ਇਮੀਗਰਾਂਟ ਵਿਅਕਤੀਆਂ ਨੇ ਆਪਣੇ ਬੱਚਿਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਕਿਤੇ ਅਧਿਕਾਰੀ ਬੱਚਿਆਂ ਨੂੰ ਫੜ ਕੇ ਵਾਪਸ ਨਾ ਭੇਜ ਦੇਣ।

ਸਰਕਾਰੀ ਅਨੁਮਾਨਾਂ ਅਨੁਸਾਰ ਇਸ ਵੇਲੇ ਕੈਨੇਡਾ ਵਿਚ ਲਗਭਗ 50,000 ਵਿਅਕਤੀ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਜਿਨ੍ਹਾਂ ਵਿਚ ਬੱਚੇ ਵੀ ਸ਼ਾਮਲ ਹਨ। ਇਸ ਦਾ ਕੋਈ ਅੰਦਾਜ਼ਾ ਨਹੀਂ ਕਿ ਕਿੰਨੇ ਬੱਚੇ ਸਕੂਲ ਜਾਣ ਦੀ ਥਾਂ ਘਰਾਂ 'ਚ ਬੈਠੇ ਹਨ।

ਗੈਰ ਕਾਨੂੰਨੀ ਤੌਰ 'ਤੇ ਵਸਦੇ ਅਵਾਸੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਟਰਾਂਟੋ ਵਿਚ ਹੋ ਸਕਦੀ ਹੈ। ਮਾਂਟਰੀਅਲ ਅਤੇ ਵੈਨਕੂਵਰ 'ਚ ਵੀ ਗਿਣਤੀ ਘੱਟ ਨਹੀਂ।

ਓਨਟੇਰੀਓ ਸਰਕਾਰ ਦੇ ਇਕ ਵਿਦਿਅਕ ਅਫਸਰ ਰੌਬਰਟ ਹੰਟਰ ਦਾ ਕਹਿਣਾ ਹੈ ਕਿ ਸਰਕਾਰੀ ਨੁਕਤੇ ਤੋਂ ਜੇ ਕੋਈ ਵੀ ਬੱਚਾ ਸਕੂਲ ਡਿਸਟ੍ਰਿਕਟ ਦੇ ਘੇਰੇ ਅੰਦਰ ਵਸਦਾ ਹੋਵੇ ਤਾਂ ਉਸਨੂੰ ਸਕੂਲ ਜਾਣ ਦਾ ਹੱਕ ਹੈ। ਇਸ ਕਰਕੇ ਸਕੂਲ ਅਧਿਕਾਰੀ ਬਿਨ੍ਹਾਂ ਪੁਛ ਪੜਤਾਲ ਤੋਂ ਬੱਚੇ ਦਾਖਲ ਕਰ ਲੈਂਦੇ ਹਨ। ਕਈ ਕੇਸਾਂ ਵਿਚ ਸਕੂਲ ਬੋਰਡ ਜਾਤੀ ਜਾਣਕਾਰੀ ਹਾਸਲ ਕਰਦੇ ਹਨ ਜਿਨ੍ਹਾਂ ਵਿਚ ਕੈਨੇਡੀਅਨ ਸਿਟੀਜਨਸ਼ਿਪ ਦਾ ਸਬੂਤ ਜਾਂ ਲੈਂਡਿਡ ਇਮੀਗਰੈਂਟ ਸਟੇਟਸ ਦਾ ਸਬੂਤ ਸ਼ਾਮਲ ਹਨ।

ਟਰਾਂਟੋ 'ਚ ਇਹ ਪੁਛ ਗਿਛ ਤਾਂ ਕੀਤੀ ਜਾਂਦੀ ਹੈ ਕਿਉਂਕਿ ਸੈਰ ਕਰਨ ਆਏ ਵਿਅਕਤੀਆਂ ਨੂੰ ਮੁਫਤ ਵਿਦਿਆ ਦਾ ਅਧਿਕਾਰ ਨਹੀਂ ਹੈ। ਟਰਾਂਟੋ ਸਕੂਲ ਬੋਰਡ ਦੇ ਅਧਿਕਾਰੀ ਗੇਰੀ ਸਮਿਥ ਅਨੁਸਾਰ ਟਰਾਂਟੋ ਦੇ ਲੋਕ ਨਹੀਂ ਚਾਹੁੰਦੇ ਕਿ ਹਰ ਉਸ ਵਿਅਕਤੀ ਲਈ ਵਿਦਿਆ 'ਤੇ ਪੈਸੇ ਖਰਚ ਕੀਤੇ ਜਾਣ ਜੋ ਸ਼ਹਿਰ ਵਿਚ ਦੀ ਭਾਵੇਂ ਲੰਘ ਰਿਹਾ ਹੋਵੇ।"

ਟਰਾਂਟੋ ਦੇ ਕਈ ਸਕੂਲ ਗੁਪਤ ਰੂਪ ਵਿਚ ਇਨ੍ਹਾਂ ਨੂੰ ਅਜੇ ਵੀ ਦਾਖਲ ਕਰ ਰਹੇ ਹਨ। ਉਹ ਕਾਨੂੰਨ ਦੀ ਪ੍ਰਵਾਹ ਨਹੀਂ ਕਰਦੇ।

## ਪੰਜਾਬ 'ਚ 3 ਹਲਾਕ, 3 ਜ਼ਖਮੀ

ਚੰਡੀਗੜ੍ਹ — 24 ਫਰਵਰੀ ਨੂੰ ਪੰਜਾਬ 'ਚ ਵਾਪਰੀਆਂ ਵੱਖ ਵੱਖ ਘਟਨਾਵਾਂ 'ਚ 3 ਵਿਅਕਤੀ ਹਲਾਕ ਅਤੇ 3 ਜ਼ਖਮੀ ਹੋ ਗਏ। ਮਰਨ ਵਾਲਿਆਂ 'ਚ ਇਕ ਮਸ਼ਹੂਰ ਅਤਿਵਾਦੀ ਵੀ ਸ਼ਾਮਲ ਹੈ।

ਖਬਰਾਂ ਅਨੁਸਾਰ ਫਿਰੋਜ਼ਪੁਰ ਜਿਲ੍ਹੇ 'ਚ ਇਕ ਇਸ਼ਤਿਹਾਰੀ ਅਤਿਵਾਦੀ ਪੁਲੀਸ ਮੁਕਾਬਲੇ 'ਚ ਮਾਰਿਆ ਗਿਆ। ਉਸ ਦੇ ਬਾਕੀ ਸਾਥੀ ਬਚ ਨਿਕਲਣ ਵਿਚ ਸਫਲ ਹੋ ਗਏ।

ਅੰਮ੍ਰਿਤਸਰ ਅਤੇ ਜਲੰਧਰ ਜ਼ਿਲਿਆਂ 'ਚ ਵਾਪਰੀਆਂ ਵੱਖ ਵੱਖ ਘਟਨਾਵਾਂ 'ਚ ਦੋ ਹੋਰ ਵਿਅਕਤੀ ਕਤਲ ਕਰ ਦਿਤੇ ਗਏ। ਤਿੰਨ ਦੇ ਜ਼ਖਮੀ ਹੋਣ ਦੀ ਖਬਰ ਹੈ।


ਜ਼ਰੂਰੀ ਐਲਾਨ

ਮੇਰੀਡੀਅਨ ਇਨਸ਼ੋਰੈਂਸ ਵਾਲੇ ਬੜੇ ਮਾਣ ਨਾਲ ਆਪਣਾ ਦੂਸਰਾ ਦਫ਼ਤਰ ਰਿਚਮੰਡ ਵਿਚ ਖੋਲ੍ਹਣ ਦਾ ਐਲਾਨ ਕਰਦੇ ਹਨ

ਨਵੇਂ ਦਫ਼ਤਰ ਦਾ ਪਤਾ :

F.W. INSURANCE AGENCIES LTD.

Unit 115-8980 - No. 3 Road, RICHMOND, B.C. V6Y 2E8 (ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ ਹੋਰਾਂ ਦਾ ਪਹਿਲਾ ਦਫ਼ਤਰ ਮੇਰੀਡੀਅਨ ਇਨਸ਼ੋਰੈਂਸ ਪੋਰਟ ਕੁਕਿਟਲਮ ਵਿਚ ਹੈ

ਦਫਤਰ ਦਾ ਪਤਾ 3268 ਕੋਸਟ ਮੇਰੀਡੀਅਨ ਰੋਡ ਪੋਰਟ ਕੁਕਿਟਲਮ — ਬੀ. ਸੀ. V3B 3N4

Ph. 941-8544

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT

ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Res. 271-1248



Santbir Minhas

CALL US FIRST

Express Internationl Travel (1986) Ltd.

ATAC

ਸਪੈਸ਼ਲ ਸੀਟ ਸੇਲ ਕਿਰਾਏ : 321-8777

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

5787 Victoria Drive, VANCOUVER, B.C. V5P 3W5



AJIT KANG

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਦਿੱਲੀ ਦੇ ਦੰਗੇ ਤੇ ਮਿਸ਼ਰਾ ਕਮਿਸ਼ਨ ਦੀ ਰੀਪੋਰਟ

ਆਖਰ ਕੇਂਦਰ ਸਰਕਾਰ ਨੇ ਦਿੱਲੀ ਵਿਚ ਵਾਪਰੇ ਸਿੱਖਾਂ ਦੇ ਸਮੂਹਿਕ ਕਤਲੇਆਮ ਬਾਰੇ ਮਿਸ਼ਰਾ ਕਮਿਸ਼ਨ ਦੀ ਰੀਪੋਰਟ ਛਾਪ ਦਿੱਤੀ ਹੈ ਮਿਸ਼ਰਾ ਕਮਿਸ਼ਨ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਪਿਛੋਂ ਹੋਏ ਕਤਲੇਆਮ ਲਈ ਜਿਥੇ ਫਿਰਕੂ ਕਾਂਗਰਸੀਆਂ ਨੂੰ 'ਬਰੀ' ਕਰ ਦਿੱਤਾ ਹੈ ਉਥੇ ਇਸ ਕਤਲੇਆਮ ਲਈ ਪੁਲੀਸ ਦੀ ਸਖਤ ਆਲੋਚਨਾ ਕੀਤੀ ਗਈ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਆਜ਼ਾਦ ਸੰਸਥਾਵਾਂ ਜਿਨ੍ਹਾਂ ਵਿਚ ਬਹੁਤੇ ਪੜਤਾਲੀਏ ਹਿੰਦੂ ਫਿਰਕੇ ਨਾਲ ਸਬੰਧਤ ਸਨ ਨੇ ਸਪੱਸ਼ਟ ਰੂਪ ਵਿਚ ਆਪਣੀਆਂ ਰੀਪੋਰਟਾਂ ਵਿਚ ਕਿਹਾ ਸੀ ਕਿ 200 ਦੇ ਲਗਪਗ ਕਾਂਗਰਸੀ ਆਗੂ ਅਜਿਹੇ ਸਨ ਜਿਨ੍ਹਾਂ ਆਪ ਇਹ ਕਤਲੇਆਮ ਜਥੇਬੰਦ ਕੀਤਾ। ਇੰਨੇ ਵੱਡੇ ਪੈਮਾਨੇ ਤੇ ਕਤਲੇਆਮ ਬਿਨਾਂ ਪਲੈਨਿੰਗ ਦੇ ਨਹੀਂ ਹੋ ਸਕਦਾ। ਦੂਜੇ ਜੇ ਪੁਲੀਸ ਜ਼ਿਮੇਂਵਾਰ ਹੈ ਤਾਂ ਇਸਦੀ ਜ਼ਿਮੇਂਵਾਰੀ ਵੀ ਹਕੂਮਤ ਕਰ ਰਹੀ ਪਾਰਟੀ ਕਾਂਗਰਸ ਉਤੇ ਹੀ ਪੈਂਦੀ ਹੈ ਕਿ ਅਜਿਹਾ ਕਤਲੇਆਮ ਹੋਣ ਹੀ ਕਿਉਂ ਦਿੱਤਾ ਗਿਆ? ਜੇ ਹੋਇਆ ਤਾਂ ਹਕੂਮਤ ਕਰ ਰਹੀ ਪਾਰਟੀ ਇਸ ਇਲਜ਼ਾਮ ਤੋਂ ਨਹੀਂ ਬਚ ਸਕਦੀ ਕਿ ਇਨ੍ਹਾਂ ਦੰਗਿਆਂ ਵਿਚ ਇਸ ਪਾਰਟੀ ਦਾ ਰੋਲ ਇਕ ਚੰਗੀ ਸਿਆਸੀ ਪਾਰਟੀ ਦਾ ਰੋਲ ਨਹੀਂ

ਪੰਜਾਬ ਵਿਚ ਅਤੇ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਦਿਲਾਂ ਅਤੇ ਮਨਾਂ ਵਿਚ ਦਿੱਲੀ, ਕਾਨ੍ਹਪੁਰ ਅਤੇ ਬੋਕਾਰੋ ਵਿਚ ਹੋਈ ਕਤਲੇਆਮ ਨੂੰ ਭੁੱਲ ਜਾਣਾ ਆਸਾਨ ਨਹੀਂ ਅਤੇ ਪੰਜਾਬ ਵਿਚ ਹੋ ਰਹੇ ਕਤਲੇਆਮ ਵਿਚ ਉਪਰੋਕਤ ਘਟਨਾਵਾਂ ਦਾ ਵੀ ਅਹਿਮ ਹਿਸਾ ਹੈ। ਬਦਲੇ ਦੀ ਭਾਵਨਾ ਦਾ ਪੈਦਾ ਹੋਣਾ ਕੁਦਰਤੀ ਹੈ। ਇਸ ਅਖੌਤੀ ਕਮਿਸ਼ਨ ਦੀ ਰੀਪੋਰਟ ਨੇ ਵੀ ਅਜਿਹਾ ਰੋਲ ਅਦਾ ਨਹੀਂ ਕੀਤਾ ਜਿਸ ਨਾਲ ਜ਼ਖਮਾਂ ਨੂੰ ਮਰਹਮ ਲੱਗ ਸਕੇ ਸਗੋਂ ਇਸ ਰੀਪੋਰਟ ਨੇ ਜ਼ਖਮਾਂ ਨੂੰ ਮੁੜ ਕਰੇਦਣ ਦਾ ਰੋਲ ਜ਼ਰੂਰ ਅਦਾ ਕੀਤਾ ਹੈ।

ਕੇਂਦਰੀ ਨੇਤਾਵਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਮਸਲੇ ਬਾਰੇ ਉਨ੍ਹਾਂ ਦੀ ਪਹੁੰਚ ਵਿਚ ਜੇ ਤਬਦੀਲੀ ਨਹੀਂ ਆਉਂਦੀ ਤਾਂ ਇਸਦੇ ਸਿੱਟੇ ਭਿਆਨਕ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦੇ। ਪੰਜਾਬ ਅਕਾਰਡ ਲਾਗੂ ਨਹੀਂ ਹੋਇਆ — ਬਰਨਾਲਾ ਸਰਕਾਰ ਦਾ ਤਖਤ ਵੀ ਹੁਣ ਅਡੋਲ ਨਹੀਂ ਰਿਹਾ ਸਗੋਂ ਇਹ ਵਜ਼ਾਰਤ ਕੇਂਦਰੀ ਸਰਕਾਰ ਦੀਆਂ ਚਲਾਕੀਆਂ ਕਾਰਨ ਐਵੇਂ ਸਾਹ ਹੀ ਵਰੋਲ ਰਹੀ ਹੈ। ਪੰਜਾਬ ਦੇ ਲੋਕਾਂ ਦਾ ਵਿਸ਼ਵਾਸ਼ ਸਿਆਸੀ ਪਾਰਟੀਆਂ ਅਤੇ ਸਿਆਸੀ ਆਗੂਆਂ ਤੋਂ ਉਠ ਰਿਹਾ ਹੈ। ਇਹ ਬੇਵਿਸ਼ਵਾਸ਼ੀ ਹਿੰਸਾ ਦਾ ਰੂਪ ਧਾਰ ਰਹੀ ਹੈ।

ਮਿਸ਼ਰਾ ਕਮਿਸ਼ਨ ਵਰਗੀਆਂ ਰੀਪੋਰਟਾਂ ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਦੀ ਥਾਂ ਹੋਰ ਭੜਕਾਊ ਬਨਾਉਣ ਵਿਚ ਸਹਾਈ ਹੋ ਰਹੀਆਂ ਹਨ। ਇਰਾਦੀ ਕਮਿਸ਼ਨ ਦੇ ਫੈਸਲੇ ਨੂੰ ਬਰਨਾਲਾ ਮੰਤਰੀ ਮੰਡਲ ਦੇ ਕਈ ਮੰਤਰੀ ਪਹਿਲਾਂ ਹੀ ਰੱਦ ਕਰ ਚੁਕੇ ਹਨ।

ਇਸ ਸਮੇਂ ਸਿਆਸੀ ਈਮਾਨਦਾਰੀ ਹੀ ਪੰਜਾਬ ਦੇ ਮਾਹੌਲ ਨੂੰ ਠੀਕ ਰਾਹ ਉਤੇ ਲਿਆ ਸਕਦੀ ਹੈ। ਕੇਂਦਰੀ ਨੇਤਾਵਾਂ ਨੂੰ ਸੰਕੀਰਨ ਸੋਚ ਤੋਂ ਉਪਰ ਉਠ ਕੇ ਪੰਜਾਬ ਦਾ ਮਸਲਾ ਹੱਲ ਕਰਨ ਵੱਲ ਵਧਣ ਦੀ ਲੋੜ ਹੈ ਤਾਂ ਹੀ ਹਿੰਸਾ ਦਾ ਮਾਹੌਲ ਸੁਧਰ ਸਕਦਾ ਹੈ।

# ਪੰਜਾਬ ਨੂੰ ਕੀ ਬਣਾਉਣਾ ਚਾਹੁੰਦੇ ਹੋ ?
# ਕੈਲੇਫੋਰਨੀਆ ਕਿ ਲਿਬਨਾਨ

ਜੰਗ ਸਿੰਘ ਗਿਆਨੀ

**ਕੈਲੇਫੋਰਨੀਆ**

ਇਸ ਵਿਚ ਕੋਈ ਸੰਦੇਹ ਨਹੀਂ ਕਿ ਨੌਜਵਾਨਾਂ ਦੀਆਂ ਉਸਾਰੂ ਰੁਚੀਆਂ ਉਚਾਰਕੇ ਜੇ ਉਸਾਰੂ ਕੰਮਾਂ ਵੱਲ ਲਗਾ ਦਿੱਤਾ ਜਾਵੇ ਤਾਂ ਉਹ ਦੇਸ਼ ਨੂੰ ਸਵਰਗ ਹੀ ਬਣਾ ਸਕਦੇ ਹਨ ਅਤੇ ਜੇ ਉਨ੍ਹਾਂ ਵਿਚ ਢਾਹੂ ਰੁਚੀਆਂ, ਭੜਕਾਕੇ ਇਕ ਦੂਜੇ ਨਾਲ ਨਫਰਤ ਕਰਨ, ਮਰਨ ਮਾਰਨ ਲਈ ਫਿਰਕੂ ਜਨੂੰਨ ਪੈਦਾ ਕਰ ਦਿੱਤਾ ਜਾਵੇ ਤਾਂ ਉਹ ਆਪਣੇ ਦੇਸ਼ ਨੂੰ ਨਰਕ ਨਾਲੋਂ ਵੀ ਭੈੜਾ ਬਣਾ ਸਕਦੇ ਹਨ। ਪੰਜਾਬੀਆਂ ਦੇ ਸਾਹਮਣੇ ਇਸ ਸਮੇਂ ਮੁੱਖ ਪ੍ਰਸ਼ਨ ਇਹ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਆਤੰਕਵਾਦ ਦੇ ਜਿਸ ਗਲਤ ਰਾਹ ਪਾ ਦਿੱਤਾ ਗਿਆ ਹੈ ਉਸ ਨਾਲ ਤਾਂ ਪੰਜਾਬ ਦਾ ਨੁਕਸਾਨ ਹੀ ਨੁਕਸਾਨ ਹੈ।

ਪੰਜਾਬ ਦੇ ਸੁਰਗਵਾਸੀ ਮੁੱਖ ਮੰਤਰੀ ਸ੍ਰ. ਪ੍ਰਤਾਪ ਸਿੰਘ ਕੈਰੋਂ (ਜੋ ਕਿ ਕੈਲੇਫੋਰਨੀਆ ਵਿਚੋਂ ਪੜ੍ਹ ਕੇ ਗਏ ਸਨ) ਨੇ ਇਕ ਵੇਰ ਇਹ ਕਿਹਾ ਸੀ ਕਿ ਉਹ ਪੰਜਾਬ ਨੂੰ ਅਮਰੀਕਾ ਦੀ ਸਭ ਤੋਂ ਵੱਧ ਉਨਤ ਸਟੇਟ ਕੈਲੇਫੋਰਨੀਆ ਵਰਗਾ ਬਨਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਇਸ ਮਨੋਰਥ ਦੀ ਪੂਰਤੀ ਲਈ ਕਈ ਠੋਸ ਪ੍ਰੋਗਰਾਮ ਉਲੀਕੇ। ਪੰਜਾਬ ਨੇ ਖੇਤੀਬਾੜੀ ਤੇ ਇੰਡਸਟਰੀ ਦੀ ਉੱਨਤੀ ਲਈ ਬੜੀਆਂ ਤੇਜ਼ ਪੁਲਾਘਾਂ ਪੁੱਟੀਆਂ। ਹਰੇ ਇਨਕਲਾਬ ਦੀ ਸਫਲਤਾ ਨੇ ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਬਣਾ ਦਿੱਤਾ। ਇੰਡਸਟਰੀ ਦੇ ਪੱਖੋਂ ਲੁਧਿਆਣਾ ਸ਼ਹਿਰ ਇਤਨਾ ਅੱਗੇ ਵਧਿਆ ਕਿ ਰੂਸ ਵਰਗਾ ਉੱਨਤ ਦੇਸ਼ ਵੀ ਅਰਬਾਂ ਰੁਪਏ ਦਾ ਹੌਜ਼ਰੀ ਦਾ ਮਾਲ ਉਸਤੋਂ ਖਰੀਦਨ ਲਈ ਮਜ਼ਬੂਰ ਹੋ ਗਿਆ। ਲੁਧਿਆਣੇ ਦੀ ਇੰਡਸਟਰੀ ਵਿਚ ਹਿੰਦੂ ਤੇ ਸਿਖ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧ ਰਹੇ ਹਨ।

ਬਟਾਲਾ ਲੋਹੇ ਦੀ ਇੰਡਸਟਰੀ ਕਰਕੇ ਪੰਜਾਬ ਦਾ ਪ੍ਰਸਿੱਧ ਸ਼ਹਿਰ ਬਣ ਗਿਆ ਸੀ। ਅੰਮ੍ਰਿਤਸਰ ਵੀ ਵਪਾਰ ਦਾ ਇਕ ਮਹਾਨ ਕੇਂਦਰ ਹੋਣ ਕਰਕੇ "ਵਸਦੀ ਸਘਨ ਅਪਾਰਾ ਅਨੂਪ ਰਾਮਦਾਸ ਪੁਰ ਦੇ" ਮਹਾਂਵਾਕ ਨੂੰ ਸਾਰਥਕ ਕਰਨ ਲੱਗ ਪਿਆ ਸੀ ਪ੍ਰੰਤੂ ਸ੍ਰੀ. ਪ੍ਰਤਾਪ ਸਿੰਘ ਕੈਰੋ ਦੇ ਅੱਖਾਂ ਮੀਟ ਦੇ ਹੀ ਪੰਜਾਬ ਵਿਚ ਉਹ ਸ਼ਕਤੀਆਂ ਉੱਭਰ ਆਈਆਂ ਜਿਨ੍ਹਾਂ ਨੇ ਪੰਜਾਬ ਨੂੰ ਕੈਲੇਫੋਰਨੀਆ ਵਰਗਾ ਤਾਂ ਕੀ ਬਣਨ ਦੇਣਾ ਸੀ ਲਿਬਨਾਨ ਵਰਗਾ ਦੇਸ਼ ਬਣਾ ਕੇ ਰੱਖ ਦਿੱਤਾ। ਹਿੰਦੂ ਸਿੱਖਾਂ ਵਿਚ ਦੁਫੇੜ ਪੈਦਾ ਕਰ ਦਿੱਤੀ। ਫਿਰਕੂ ਜਨੂੰਨ ਨੂੰ ਅਤੇ ਇਕ ਦੂਜੇ ਵਿਰੁੱਧ ਨਫਰਤ ਨੂੰ ਇਤਨਾ ਭੜਕਾਇਆ ਗਿਆ ਕਿ ਪੰਜਾਬੀ ਨੌਜਵਾਨ ਇਕ ਦੂਜੇ ਦੇ ਲਹੂ ਦੇ ਤਿਹਾਏ ਬਣ ਗਏ। ਨਿਰਦੋਸ਼ ਲੋਕਾਂ ਨੂੰ ਬੱਸਾਂ ਵਿਚ ਸਫਰ ਕਰਦਿਆਂ ਬੜੀ ਬੇਰਹਿਮੀ ਨਾਲ ਕਤਲ ਕਰਨ ਲੱਗ ਪਏ। ਸਿੱਖ ਨੌਜਵਾਨਾਂ ਦੇ ਦਿਲਾਂ ਵਿਚ ਇਹ ਵਹਿਮ ਪੈਦਾ ਕਰ ਦਿੱਤਾ ਗਿਆ ਕਿ ਭਾਰਤ ਦੀ ਹਿੰਦੂ ਬਹੁਗਿਣਤੀ ਉਨ੍ਹਾਂ ਨੂੰ ਦੂਬੇਲ ਤੇ ਗੁਲਾਮ ਬਣਾਕੇ ਰੱਖਣਾ ਚਾਹੁੰਦੀ ਹੈ ਅਤੇ ਪੰਜਾਬ ਨੂੰ ਵਧਦਾ ਫੁੱਲਦਾ ਨਹੀਂ ਵੇਖਣਾ ਚਾਹੁੰਦੀ। ਇਸ ਕਰਕੇ ਸਿੱਖਾਂ ਦਾ ਭਲਾ ਇਸ ਵਿਚ ਹੈ ਕਿ ਉਹ ਪੰਜਾਬ ਨੂੰ ਭਾਰਤ ਨਾਲੋਂ ਵੱਖ ਕਰਕੇ ਵੱਖਰਾ ਸੁਤੰਤਰ ਰਾਜ ਪ੍ਰਾਪਤ ਕਰਨ। ਦੂਜੇ ਪਾਸੇ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਇਹ ਕਹਿਕੇ ਭੜਕਾਇਆ ਕਿ ਸਿਖ ਹੁਣ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਤੇ ਤੁਲੇ ਹੋਏ ਹਨ। ਕਈ ਵਿਦੇਸ਼ੀ ਤਾਕਤਾਂ ਨੇ ਜੋ ਭਾਰਤ ਨੂੰ ਕਮਜ਼ੋਰ ਰੱਖਣਾ ਚਾਹੁੰਦੀਆਂ ਹਨ। ਇਸ ਫੁੱਟ ਨੂੰ ਹੋਰ ਭੜਕਾਇਆ ਅਤੇ ਭਾਰਤ ਵਿਚ ਫਿਰਕੂ ਕੱਟੜਵਾਦ ਦਾ ਜ਼ਹਿਰ ਇਤਨਾ ਫੈਲਾਇਆ ਕਿ "ਹਿੰਦੂ, ਮੁਸਲਮ, ਸਿੱਖ, ਈਸਾਈ ਆਪਸ ਮੇਂ ਹੈਂ ਭਾਈ ਭਾਈ" ਦਾ ਨਾਹਰਾ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਵਰਗੇ ਨੇਤਾ ਲਗਾਇਆ ਕਰਦੇ ਸਨ। ਉਨ੍ਹਾਂ ਦੇ ਉਤਰਾ-ਅਧਿਕਾਰੀ ਉਸਦੇ ਉਲਟ ਅਮਲ ਕਰਨ ਲੱਗ ਪਏ ਜਿਨ੍ਹਾਂ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਖਤਰੇ ਵਿਚ ਪੈ ਸਕਦੀ ਸੀ।

"ਪਾੜੋ ਤੇ ਰਾਜ ਕਰੋ ਦੀ ਗਲਤ ਨੀਤੀ" ਦੀਆਂ ਕੁਟਲ ਚਾਲਾਂ ਜੋ ਕਦੇ ਅੰਗਰੇਜ਼ ਹਾਕਮ ਹਿੰਦੂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਨੂੰ ਇਕ ਦੂਜੇ ਵਿਰੁੱਧ ਲੜਾਉਣ ਲਈ ਚਲਿਆ ਕਰਦੇ ਸਨ। ਉਹ ਆਜ਼ਾਦੀ ਤੋਂ ਪਿਛੋਂ ਕੇਂਦਰੀ ਨੇਤਾ ਖੁਦ ਚੱਲਣ ਲੱਗ ਪਏ ਅਤੇ ਇਸਦਾ ਸਭ ਤੋਂ ਵੱਧ ਨਿਸ਼ਾਨਾ ਪੰਜਾਬ ਨੂੰ ਬਣਾਇਆ ਗਿਆ। ਪੰਜਾਬ ਦੇ ਮਸਲਿਆਂ ਨੂੰ ਜੋ ਬੜੀ ਆਸਾਨੀ ਨਾਲ ਹੱਲ ਹੋ ਸਕਦੇ ਸਨ ਇਤਨਾ ਸੁਲਝਾ ਦਿੱਤਾ ਗਿਆ ਕਿ ਪੰਜਾਬ ਦੀ ਰਾਜਸੀ ਗੁਥੀ ਹੋਰ ਉਲਝਦੀ ਗਈ।

ਸਾਡਾ ਭਾਵ ਇਹ ਹੈ ਕਿ ਪੰਜਾਬ ਦੀ ਖੁਸ਼ਹਾਲੀ, ਅਮਨ, ਤੇ ਆਜ਼ਾਦੀ ਦਾ ਨਿਰਭਰ ਹਿੰਦੂ, ਸਿਖ ਏਕਤਾ ਉੱਤੇ ਹੈ। ਜੇ ਪੰਜਾਬੀ ਇਹ ਚਾਹੁੰਦੇ ਹਨ ਕਿ ਪੰਜਾਬ ਨੂੰ ਕੈਲੇਫੋਰਨੀਆ ਵਰਗਾ ਉਨਤ ਸੂਬਾ ਬਣਾਇਆ ਜਾਵੇ ਤਾਂ ਸਭ ਤੋਂ ਪਹਿਲੀ ਲੋੜ ਹਿੰਸਾਵਾਦ ਨੂੰ ਛੱਡ ਕੇ ਅਮਨ ਕਾਇਮ ਕਰਨ ਦੀ ਹੈ। ਦੂਜੀ ਲੋੜ ਉਨ੍ਹਾਂ ਗਲਤ ਫਹਿਮੀਆਂ ਨੂੰ ਦੂਰ ਕਰਨ ਦੀ ਹੈ। ਜੋ ਹਿੰਦੂਆਂ ਤੇ ਸਿੱਖਾਂ ਦੇ ਦਿਲਾਂ ਵਿਚ ਪੈਦਾ ਕਰ ਦਿੱਤੀਆਂ ਗਈਆਂ ਹਨ। ਤੀਜੀ ਲੋੜ ਪੰਜਾਬੀਆਂ ਨੂੰ ਇਹ ਸਮਝਾਉਣ ਦੀ ਹੈ ਕਿ ਪੰਜਾਬ ਵਿਚ ਕਿਸੇ ਇਕ ਫਿਰਕੇ ਦਾ ਰਾਜ ਕਦੇ ਵੀ ਕਾਇਮ ਨਹੀਂ ਹੋ ਸਕੇਗਾ। ਕੋਈ ਕਿਸੇ ਨੂੰ ਦੂਬੇਲ ਬਣਾਕੇ ਨਹੀਂ ਰੱਖ ਸਕੇਗਾ। ਇਹ ਜਮਹੂਰੀਅਤ ਤੇ ਲੋਕ ਰਾਜ ਦਾ ਯੁੱਗ ਹੈ ਇਸ ਵਿਚ ਸਾਰੇ ਫਿਰਕਿਆਂ ਵਿਚ ਏਕਤਾ ਕਾਇਮ ਰੱਖਣ ਨਾਲ ਹੀ ਦੇਸ਼ ਦੀ ਅਖੰਡਤਾ ਤੇ ਖੁਸ਼ਹਾਲੀ ਦੇ ਮਾਰਗਾਂ ਤੇ ਅੱਗੇ ਵਧਿਆ ਜਾ ਸਕਦਾ ਹੈ। ਪੰਜਾਬ ਦੀ ਖੁਸ਼ਹਾਲੀ ਦਾ ਨਿਰਭਰ ਵੀ ਪੰਜਾਬ ਵਿਚ ਵਸਦੇ ਸਭ ਲੋਕਾਂ ਦੀ ਭਾਵਕ ਏਕਤਾ ਕਾਇਮ ਰੱਖਣ ਉੱਤੇ ਹੈ। ਜੇ ਸਾਰੇ ਪੰਜਾਬੀ ਅਮਨ ਸਥਾਪਨ ਕਰਕੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਉਸਾਰੂ ਕੰਮਾਂ ਵਿਚ ਲਾ ਦੇਣ ਦਾ ਤਾਂ ਪੰਜਾਬ ਕੈਲੇਫੋਰਨੀਆ ਨਾਲੋਂ ਵੀ ਅੱਗੇ ਵਧ ਸਕਦਾ ਹੈ। ਪੰਜਾਬ ਨੇ ਹਰੇ ਇਨਕਲਾਬ ਨੂੰ ਸਫਲ ਬਣਾਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਧਰਤੀ ਇਤਨੀ ਉਪਜਾਊ ਤੇ ਭਾਗਾਂ ਭਰੀ ਹੈ ਕਿ ਇਸਨੂੰ ਇਸ ਧਰਤੀ ਦਾ ਸਵਰਗ ਬਣਾਇਆ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਉਹ ਤਰੁੱਟੀਆਂ ਦੂਰ ਕਰੀਏ ਜੋ ਕੁਝ ਚਾਲਾਕ ਲੋਕਾਂ ਨੇ ਆਪਣੇ ਸਵਾਰਥ ਲਈ ਸਡੇ ਵਿਚ ਪੈਦਾ ਕਰ ਦਿੱਤੀਆਂ ਹਨ

**ਲਿਬਨਾਨ ਤੋਂ ਸਬਕ ਸਿਖੋ**—ਪੰਜਾਬੀਓ ਲਿਬਨਾਨ ਤੋਂ ਹੀ ਸਬਕ ਸਿੱਖੋ ਪਹਿਲਾਂ ਉਥੇ ਮੁਸਲਮਾਨ ਤੇ ਈਸਾਈ ਲੜਦੇ ਸਨ। ਉਨ੍ਹਾਂ ਨੇ ਰਾਜਧਾਨੀ ਬੈਰੂਤ ਨੂੰ ਦੋ ਹਿਸਿਆਂ ਵਿਚ ਵੰਡ ਲਿਆ। ਫਿਰ ਪੀ.ਐਲ.ਓ. ਵਾਲੇ ਕਹਿਣ ਲੱਗੇ ਲਿਬਨਾਨ ਤੇ ਸਾਡੀ ਹਕੂਮਤ ਹੋਣੀ ਚਾਹੀਦੀ ਹੈ ਜਿਵੇਂ ਕੁਝ ਸਿਖ ਇਸ ਗਲਤ ਫਹਿਮੀ ਵਿਚ ਫਸੇ ਹੋਏ ਹਨ ਕਿ ਪੰਜਾਬ ਵਿਚ ਸਾਡਾ ਹੀ ਰਾਜ ਹੋਣਾ ਚਾਹੀਦਾ ਹੈ। ਪੀ.ਐਲ.ਓ. ਨੂੰ ਇਤਨੀ ਮਾਰ ਪਈ ਕਿ ਉਨ੍ਹਾਂ ਨੂੰ ਆਪਣਾ ਦੇਸ਼ ਹੀ ਛੱਡਣਾ ਪਿਆ। ਉਨ੍ਹਾਂ ਦੇ ਬਚੇ ਖੁੱਚੇ ਹਾਮੀ ਕੈਂਪਾ ਵਿਚ ਰੁਲ ਰਹੇ ਹਨ ਤੇ ਭੁੱਖ ਮਰੀ ਦਾ ਸ਼ਿਕਾਰ ਹੋ ਰਹੇ ਹਨ। ਇਸ ਵੇਲੇ ਲਿਬਨਾਨ ਵਿਚ ਸ਼ੀਆ ਸੁੰਨੀਆਂ, ਫਲਸਤੀਨੀਆਂ ਤੇ ਗੈਰ ਫਲਸਤੀਨੀਆ ਵਿਚ ਲੜਾਈ ਹੋ ਰਹੀ ਹੈ। ਦੇਸ਼ ਤਬਾਹ ਹੋ ਰਿਹਾ ਹੈ ਪਰ ਇਕ ਫਿਰਕੇ ਦੇ ਲੋਕ ਦੂਜੇ ਫਿਰਕੇ ਦੇ ਲੋਕਾਂ ਦਾ ਖੂਨ ਬੜੀ ਬੇਦਰਦੀ ਨਾਲ ਡੋਲ੍ਹ ਰਹੇ ਹਨ। ਲਿਬਨਾਨ ਵਰਗੇ ਹਾਲਾਤ ਹੀ ਕੁਝ ਗੁਮਰਾਹ ਹੋਏ ਪੰਜਾਬੀਆਂ ਨੇ ਪੰਜਾਬ ਵਿਚ ਪੈਦਾ ਕਰ ਦਿੱਤੇ ਹਨ। ਸ੍ਰੀ ਅੰਮ੍ਰਿਤਸਰ ਵਰਗੇ ਪਵਿੱਤਰ ਸ਼ਹਿਰ ਦੀ ਹਾਲਤ ਬੈਰੂਤ ਵਰਗੀ ਬਣਾ ਦਿੱਤੀ ਹੈ ਅਤੇ ਅਜੇ ਵੀ ਕੁਝ ਲੋਕ ਕਈ ਪ੍ਰਕਾਰ ਦੇ ਬਹਾਨੇ ਬਣਾਕੇ ਸਿੱਖਾਂ ਤੇ ਹਿੰਦੂਆਂ ਦੇ ਪ੍ਰਵਾਰਾਂ ਨੂੰ ਕਤਲ ਕਰਨਾ ਹੀ ਬਹਾਦਰੀ ਸਮਝ ਰਹੇ ਹਨ। ਇਨ੍ਹਾਂ ਹਾਲਤਾਂ ਨੂੰ ਵੇਖਕੇ ਪੰਜਾਬੀਆਂ ਨੂੰ ਇਸ ਸਮੇਂ ਜੋਸ਼ ਨਾਲੋਂ ਹੋਸ਼ ਦੀ ਵਧੇਰੇ ਲੋੜ ਹੈ।

**ਆਤਮਘਾਤੀ ਪਾਲਿਸੀ**—ਜਿਹੜੇ ਨੌਜਵਾਨ ਅਠਾਰਵੀਂ ਸਦੀ ਦੀ ਪੁਰਾਣੀ ਸੋਚਣੀ ਅਪਣਾਕੇ ਇਹ ਸਮਝਦੇ ਹਨ ਕਿ ਉਹ ਭਾਰਤ ਸਰਕਾਰ ਵਿਰੁੱਧ ਹਥਿਆਰਬੰਦ ਲੜਾਈ ਜਿੱਤ ਸਕਦੇ ਹਨ ਉਹ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹਨ। ਭਾਰਤ ਤੇ ਰੂਸ ਵਿਚਕਾਰ ਇਕ ਐਸੀ ਪਰਸਪਰ ਸੁਰੱਖਿਆ ਦੀ ਸੰਧੀ ਹੋਈ ਹੈ ਕਿ ਜੇ ਦੋਹਾਂ ਵਿਚੋਂ ਕਿਸੇ ਇਕ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ ਤਾਂ ਦੂਜਾ ਦੇਸ਼ ਵੀ ਉਸਦੀ ਪੂਰੀ ਸਮਰੱਥਾ ਨਾਲ ਰਾਖੀ ਕਰੇਗਾ। ਇਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਸਫਲਤਾ ਉਸ

ਬਾਕੀ ਪੰਨਾ 6 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

**Evening Office : 433-4685**

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

#210-- 535 W. 10th Ave. Vancouver, B.C.

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Tel: Off.**
**873-9441**

# ਭਾਰਤ-ਪਾਕਿ ਸਬੰਧ ਹੋਰ ਸੁਧਰਨਗੇ — ਜ਼ਿਆ



ਜੈਪੁਰ — ਪਾਕਿਸਤਾਨ ਦੇ ਪ੍ਰਧਾਨ ਜਨਰਲ ਜ਼ਿਆ ਨੇ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਮੱਤਭੇਦ ਰਹਿਣ ਦਾ ਹੁਣ ਕੋਈ ਕਾਰਨ ਨਹੀਂ।

ਭਾਰਤ ਦੀ ਆਪਣੀ ਦੋ ਰੋਜ਼ਾ ਫੇਰੀ ਦੌਰਾਨ ਜ਼ਿਆ ਨੇ ਰਾਜੀਵ ਗਾਂਧੀ ਨਾਲ ਵੀ ਮੁਲਾਕਾਤ ਕੀਤੀ ਅਤੇ ਕਿਹਾ ਕਿ ਗੱਲਬਾਤ ਬਹੁਤ ਸਦਭਾਵਨਾ ਪੂਰਨ ਹੋਈ ਹੈ। ਜਨਰਲ ਜ਼ਿਆ ਜੈਪੁਰ 'ਚ ਹੋ ਰਹੇ ਦੋਹਾਂ ਦੇਸ਼ਾਂ ਵਿਚਕਾਰ ਕਰਿਕਟ ਮੈਚ ਦੇਖਣ ਲਈ ਭਾਰਤ ਗਿਆ ਸੀ।

ਜੈਪੁਰ ਦੇ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜ਼ਿਆ ਨੇ ਕਿਹਾ ਕਿ ਦੋਨੋਂ ਦੇਸ਼ ਆਪਸੀ ਸਬੰਧਾਂ 'ਚ ਹੋਰ ਸੁਧਾਰ ਕਰਨ ਲਈ ਸਹਿਮਤ ਹੋ ਗਏ ਹਨ। ਸਰਹੱਦਾਂ 'ਤੇ ਪੈਦਾ ਹੋਈ ਸਥਿਤੀ ਦਾ ਜ਼ਿਕਰ ਕਰਦਿਆਂ ਪਾਕਿਸਤਾਨ ਆਗੂ ਨੇ ਉਮੀਦ ਜ਼ਾਹਿਰ ਕੀਤੀ ਕਿ ਅੱਗੇ ਤੋਂ ਇਹੋ ਜਿਹੀ ਹਾਲਤ ਪੈਦਾ ਨਹੀਂ ਹੋਣ ਦਿੱਤੀ ਜਾਏਗੀ।

ਅਤਿਵਾਦ ਵਾਰੇ ਪੁਛੇ ਗਏ ਇਕ ਸਵਾਲ ਦੇ ਜਵਾਬ ਵਿਚ ਜ਼ਿਆ ਨੇ ਹਰ ਕਿਸਮ ਦੀ ਦਹਿਸ਼ਤਗਰਦੀ ਦੀ ਨਿਖੇਧੀ ਕੀਤੀ।

ਖਬਰਾਂ ਅਨੁਸਾਰ ਰਾਜੀਵ ਨੇ ਗੱਲਬਾਤ ਦੌਰਾਨ ਫਿਰ ਇਹ ਦੋਸ਼ ਦੁਹਰਾਇਆ ਕਿ ਪਾਕਿਸਤਾਨ ਅਤਿਵਾਦੀਆਂ ਨੂੰ ਟਰੇਂਡ ਕਰਕੇ ਅਤੇ ਅਸਲਾ ਦੇ ਕੇ ਭਾਰਤ ਭੇਜ ਰਿਹਾ ਹੈ।

ਜਨਰਲ ਜ਼ਿਆ ਨੇ ਸੋਵੀਅਤ ਯੂਨੀਅਨ ਦੇ ਆਗੂ ਗੋਰਬਾਚੋਵ ਵਲੋਂ ਚੁਕੇ ਗਏ ਨਵੇਂ ਕਦਮਾਂ ਦੀ ਪ੍ਰਸ਼ੰਸਾ ਵੀ ਕੀਤੀ ਅਤੇ ਇਸ ਨੂੰ ਉਤਸ਼ਾਹ ਜਨਕ ਦੱਸਿਆ।

# ਅਫਗਾਨ ਸਮੱਸਿਆ ਬਾਰੇ ਗੱਲਬਾਤ ਸ਼ੁਰੂ

ਜਨੇਵਾ — ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਅਧਿਕਾਰੀਆਂ ਵਿਚਕਾਰ ਗੱਲਬਾਤ ਦਾ ਦੂਜਾ ਚੱਕਰ ਜਨੇਵਾ 'ਚ 25 ਫਰਵਰੀ ਨੂੰ ਸ਼ੁਰੂ ਹੋ ਗਿਆ ਹੈ ਜਿਸ ਵਿਚ ਦੋਹਾਂ ਦੇਸ਼ਾਂ ਵਿਚਕਾਰ ਕੋਈ ਸਮਝੌਤਾ ਹੋ ਜਾਣ ਦੀ ਸੰਭਾਵਨਾ ਹੈ।

ਅਫਗਾਨਿਸਤਾਨ 'ਚ ਸੋਵੀਅਤ ਫੌਜਾਂ ਦੀ ਮੌਜੂਦਗੀ ਦੇ ਸਮੇਂ ਤੋਂ ਲੱਖਾਂ ਸ਼ਰਨਾਰਥੀ ਪਾਕਿਸਤਾਨ 'ਚ ਰਹਿ ਰਹੇ ਹਨ ਜਿਥੋਂ ਉਹ ਅਫਗਾਨਿਸਤਾਨ ਸਰਕਾਰ ਵਿਰੁੱਧ ਗੁਰੀਲਾ ਯੁੱਧ ਲੜ ਰਹੇ ਹਨ। ਭਾਵੇਂ ਇਨ੍ਹਾਂ ਸ਼ਰਨਾਰਥੀਆਂ ਦਾ ਖਰਚ ਅਮਰੀਕਾ ਅਤੇ ਹੋਰ ਦੇਸ਼ ਦੇ ਰਹੇ ਹਨ, ਪਰ ਇਨ੍ਹਾਂ ਦੀ ਮੌਜੂਦਗੀ ਨੇ ਪਾਕਿਸਤਾਨ ਲਈ ਕਾਫੀ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹਨ। ਪਾਕਿਸਤਾਨ ਅਫਗਾਨਿਸਤਾਨ ਵਿਚੋਂ ਸੋਵੀਅਤ ਫੌਜਾਂ ਦੀ ਵਾਪਸੀ ਦੀ ਮੰਗ ਵੀ ਕਰ ਰਿਹਾ ਹੈ।

ਅਫਗਾਨਿਸਤਾਨ ਸਰਕਾਰ ਦੇ ਇਕ ਬੁਲਾਰੇ ਅਨੁਸਾਰ ਸੋਵੀਅਤ ਫੌਜਾਂ ਦੀ ਪੂਰੀ ਤਰ੍ਹਾਂ ਵਾਪਸੀ ਲਈ ਚਾਰ ਸਾਲ ਤੱਕ ਲੱਗ ਸਕਦੇ ਹਨ।

# ਜ਼ੈਲ ਸਿੰਘ ਵਲੋਂ ਸ੍ਰੀ ਲੰਕਾ ਦੀ ਨੁਕਤਾਚੀਨੀ

ਨਵੀਂ ਦਿੱਲੀ — ਭਾਰਤ ਨੇ ਸ੍ਰੀ ਲੰਕਾ ਨੂੰ ਖਬਰਦਾਰ ਕੀਤਾ ਹੈ ਕਿ ਜੇ ਉਹ ਤਾਮਿਲ ਸਮੱਸਿਆ ਗੱਲਬਾਤ ਰਾਹੀਂ ਹੱਲ ਨਹੀਂ ਕਰਨਾ ਚਾਹੁੰਦਾ ਤਾਂ ਭਾਰਤ ਸੁਲਹ ਸਫਾਈ ਕਰਾਉਣ ਦੇ ਯਤਨ ਛੱਡ ਦੇਵੇਗਾ।

ਕੋਲੰਬੋ ਸਰਕਾਰ ਦੀਆਂ ਨੀਤੀਆਂ 'ਤੇ ਨੁਕਤਾਚੀਨੀ ਕਰਦਿਆਂ ਇਹ ਗੱਲ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਪਾਰਲੀਮੈਂਟ 'ਚ ਕਹੀ। ਜ਼ੈਲ ਸਿੰਘ ਨੇ ਦੋਸ਼ ਲਾਇਆ ਕਿ ਸ੍ਰੀ ਲੰਕਾ ਸਰਕਾਰ ਤਾਮਿਲ ਸਮੱਸਿਆ ਹੱਲ ਨਹੀਂ ਕਰਨਾ ਚਾਹੁੰਦੀ।

ਉਧਰ ਸ੍ਰੀ ਲੰਕਾ ਸਰਕਾਰ ਨੇ ਰਾਸ਼ਟਰਪਤੀ ਦੇ ਇਸ ਬਿਆਨ 'ਤੇ ਸਖਤ ਰੋਸ ਪ੍ਰਗਟ ਕੀਤਾ ਹੈ। ਇਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਸ੍ਰੀ ਲੰਕਾ 'ਤੇ ਇਹ ਦੋਸ਼ ਬੇਬੁਨਿਆਦ ਹੈ।

# ਗੋਰਬਾਚੋਵ ਲੋਕਤੰਤਰ ਦੇ ਹੱਕ 'ਚ

ਮਾਸਕੋ — ਸੋਵੀਅਤ ਯੂਨੀਅਨ ਦੇ ਨੇਤਾ ਗੋਰਬਾਚੋਵ ਨੇ ਕਿਹਾ ਹੈ ਕਿ ਦੇਸ਼ ਵਿਚ ਵੱਡੀ ਪੱਧਰ 'ਤੇ ਸੁਧਾਰ ਕਰਨੇ ਜ਼ਰੂਰੀ ਹਨ।

ਟਰੇਡ ਯੂਨੀਅਨ ਦੇ ਇਕ ਗਰੁੱਪ ਨੂੰ ਸੰਬੋਧਨ ਕਰਦਿਆਂ ਸੋਵੀਅਤ ਨੇਤਾ ਨੇ ਕਿਹਾ ਕਿ ਇਹ ਸੁਧਾਰ ਕੀਤੇ ਬਿਨਾਂ ਹੁਣ ਗੁਜ਼ਾਰਾ ਨਹੀਂ ਹੋ ਸਕਦਾ। ਹੋਰ ਇਨਕਲਾਬੀ ਤਬਦੀਲੀਆਂ ਦੇ ਨਤੀਜੇ ਬਹੁਤੇ ਚੰਗੇ ਨਹੀਂ ਹੋਣਗੇ। ਲੋਕ ਕਿਸੇ ਹੋਰ ਤਰ੍ਹਾਂ ਦੀ ਤਬਦੀਲੀ ਚਾਹੁੰਦੇ ਹਨ।

ਗੋਰਬਾਚੋਵ ਨੇ ਕਿਹਾ ਕਿ ਜਮਹੂਰੀਅਤ ਦੀ ਬਹਾਲੀ ਨੂੰ ਨਵਾਂ ਰੂਪ ਦਿਤਾ ਜਾ ਰਿਹਾ ਹੈ।

ਸੋਵੀਅਤ ਨੇਤਾ ਦੇ ਇਸ ਬਿਆਨ ਤੋਂ ਲੱਗਦਾ ਹੈ ਕਿ ਰਾਜਨੀਤਕ ਪ੍ਰਬੰਧ ਵਿਚ ਭਾਰੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

## ਸਮਾਨਤਾ ਵੱਲੋਂ

# "ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਸਹਾਇਤਾ"

ਵਿਸ਼ੇ ਉਤੇ ਇਕ ਵਰਕਸ਼ਾਪ ਕਰਵਾਈ ਜਾ ਰਹੀ ਹੈ ਜਿਹੜੀ ਕਿ 28 ਫਰਵਰੀ, 1987 ਨੂੰ ਦਿਨ ਦੇ ਇਕ ਵਜੇ ਤੋਂ 4 ਵਜੇ ਤੱਕ ਹੋਏਗੀ।

ਲਿਟਲ ਮਾਊਂਨਟੇਨ ਨੇਬਰਹੁਡ ਹਾਊਸ ਵਿਚ ਹੋਵੇਗੀ।

ਸਮਾਜਿਕ ਭਲਾਈ ਦੀਆਂ ਜਥੇਬੰਦੀਆਂ ਦੇ ਪ੍ਰਤੀਨਿਧੀ ਇਸ ਵਿਚ ਸ਼ਾਮਲ ਹੋ ਸਕਦੇ ਹਨ।

ਹੋਰ ਜਾਣਕਾਰੀ ਲਈ ਫ਼ੋਨ :

ਜਸਵੀਰ ਆਹਲੂਵਾਲੀਆ 324-4275

ਜਾਂ

ਸੁਰਜੀਤ ਕਲਸੀ 276-2735


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

# ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

# ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ




## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

# ਤਾਮਿਲ ਟਾਈਗਰਜ਼ ਨਾਲ ਗੱਲਬਾਤ ਕਰਨ ਦੀ ਤਜਵੀਜ਼ ਰੱਖੀ

ਕੋਲੰਬੋ — ਸ੍ਰੀ ਲੰਕਾ ਦੇ ਪ੍ਰਧਾਨ ਜੈ ਵਰਧਨੇ ਨੇ ਤਾਮਿਲ ਸਮੱਸਿਆ ਹੱਲ ਕਰਨ ਲਈ ਕਈ ਨਵੀਆਂ ਤਜਵੀਜਾਂ ਰੱਖੀਆਂ ਹਨ ।

ਇਨ੍ਹਾਂ ਤਜਵੀਜਾਂ ਵਿਚ ਤਾਮਿਲ ਅਤਿਵਾਦੀਆਂ ਦੀ ਪ੍ਰਮੁੱਖ ਜਥੇਬੰਦੀ ਤਾਮਿਲ ਟਾਈਗਰਜ਼ ਨਾਲ ਗੱਲਬਾਤ ਕਰਨਾ ਵੀ ਸ਼ਾਮਲ ਹੈ। ਸ੍ਰੀ ਲੰਕਾ ਦੇ ਜ਼ਾਫਨਾ ਇਲਾਕੇ ਵਿਚ ਵੱਖਰੇ ਦੇਸ਼ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਏ ਇਸ ਅੰਦੋਲਨ ਵਿਚ ਹੁਣ ਤੱਕ ਹਜ਼ਾਰਾਂ ਵਿਅਕਤੀ ਮਾਰੇ ਜਾ ਚੁੱਕੇ ਹਨ । ਭਾਰਤ ਨੇ ਵੀ ਕਈ ਵਾਰ ਇਸ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਹੋ ਸਕੀ ।

ਜੈਵਰਧਨੇ ਨੇ ਉਸ ਚਿੱਠੀ ਦੇ ਕੁਝ ਅੰਸ਼ ਵੀ ਪੜ੍ਹ ਕੇ ਸੁਣਾਏ ਜੋ ਉਹਨੇ ਇਸ ਸਬੰਧ ਵਿਚ ਰਾਜੀਵ ਗਾਂਧੀ ਨੂੰ ਲਿਖੀ ਹੈ । ਜੈਵਰਧਨੇ ਅਨੁਸਾਰ ਤਾਮਿਲ ਜਥੇਬੰਦੀਆਂ ਨਾਲ ਗੱਲਬਾਤ ਕਰਨ ਦੀ ਮੁਖ ਸ਼ਰਤ ਵੱਖਵਾਦ ਦੀ ਮੰਗ ਛੱਡਣੀ ਹੋਵੇਗੀ ।

ਤਾਮਿਲ ਜਥੇਬੰਦੀਆਂ ਨੇ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਹੈ

[redacted]

ਪੰਨਾ 4 ਦੀ ਬਾਕੀ

ਹਾਲਤ ਵਿਚ ਹੀ ਮਿਲ ਸਕਦੀ ਹੈ ਕਿ ਇੰਨਾ ਦੋਹਾਂ ਦੇਸ਼ਾਂ ਦੀ ਫੌਜੀ ਤਾਕਤ ਨੂੰ ਹਾਰ ਹੋ ਜਾਵੇ। ਇਹ ਵਰਤਮਾਨ ਹਾਲਤ ਵਿਚ ਸੰਭਵ ਨਹੀਂ। ਇਸ ਕਰਕੇ ਜਿਹੜੇ ਨੌਜਵਾਨ ਇਸ ਭਰਮ ਵਿਚ ਫਸਕੇ ਆਪਣਾ ਤੇ ਦੂਜਿਆਂ ਦਾ ਖੂਨ ਅਜਾਈਂ ਡੋਲ੍ਹ ਰਹੇ ਹਨ। ਉਹ ਆਤਮਘਾਤੀ ਪਾਲਸੀ ਤੇ ਅਮਲ ਕਰ ਰਹੇ ਹਨ। ਉਨ੍ਹਾਂ ਦੀਆਂ ਕੁਰਬਾਨੀਆਂ ਦਾ ਤਦ ਹੀ ਕੋਈ ਮਹੱਤਵ ਹੋ ਸਕਦਾ ਹੈ। ਜੇ ਉਨ੍ਹਾਂ ਨੂੰ ਸਫਲਤਾ ਦੀ ਥੋੜ੍ਹੀ ਜਿਹੀ ਵੀ ਸੰਭਾਵਨਾ ਹੋਵੇ। ਦੂਜੀ ਵੱਡੀ ਜੰਗ ਤੋਂ ਸਾਰੀ ਮਨੁੱਖਤਾ ਨੂੰ ਇਹ ਸਬਕ ਮਿਲਿਆ ਹੈ ਕਿ ਜਮਹੂਰੀਅਤ ਪਸੰਦ ਤਾਕਤਾਂ ਦੇ ਮੁਕਾਬਲੇ ਡਿਕਟੇਟਰਾਨਾਂ ਫੌਜੀ ਤਾਕਤਾਂ ਨੂੰ ਆਖਰਕਾਰ ਮੂੰਹ ਦੀ ਖਾਣੀ ਪਈ। ਨਾਜ਼ੀਵਾਦ ਨੇ ਜਰਮਨੀ ਨੂੰ ਬਰਬਾਦ ਕਰਕੇ ਰੱਖ ਦਿਤੱਾ ਤੇ ਅੱਜ ਜਰਮਨੀ ਦੇ ਨੇਤਾ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਗਵਾਂਢੀ ਦੇਸ਼ਾਂ ਉੱਤੇ ਰਾਜ ਕਰਨ ਦਾ ਹਿਟਲਰ ਦਾ ਸੁਪਨਾ ਇਕ ਪ੍ਰਕਾਰ ਦਾ ਪਾਗਲਪਣ ਸੀ । ਜਾਪਾਨ ਨੇ ਸ਼ੁਰੂ ਵਿਚ ਕਈ ਗਵਾਂਢੀ ਦੇਸ਼ਾਂ ਨੂੰ ਦੱਬ ਲਿਆ ਪ੍ਰੰਤੂ ਆਪਣੇ ਦੋ ਸ਼ਹਿਰ ਤਬਾਹ ਕਰਾਉਣ ਤੋਂ ਪਿਛੋਂ ਹਥਿਆਰ ਸੁੱਟ ਦਿੱਤੇ ਸਨ ਤੇ ਅੱਜ ਜਾਪਾਨ ਦੇ ਲੋਕ ਕਹਿ ਰਹੇ ਹਨ ਕਿ ਫੌਜੀ ਵਾਦ ਫੈਲਾਉਣਾ ਬਹੁਤ ਵੱਡੀ ਰਾਜਸੀ ਭੁੱਲ ਸੀ। ਇਸ ਵੇਲੇ ਤਾਂ ਰੂਸ ਤੇ ਅਮਰੀਕਾ ਵਰਗੀਆਂ ਵੱਡੀਆਂ ਤਾਕਤਾਂ ਵੀ ਇਹ ਪ੍ਰਵਾਨ ਕਰਦੀਆਂ ਹਨ ਕਿ ਰੱਬ ਨਾ ਕਰੇ ਜੇ ਤੀਜੀ ਵੱਡੀ ਜੰਗ ਕਿਸੇ ਵੀ ਧਿਰ ਦੀ ਗਲਤੀ ਨਾਲ ਛਿੜ ਪਈ ਤਾਂ ਸਾਰੀ ਮਨੁੱਖਤਾ ਹੀ ਨਹੀਂ ਸਗੋਂ ਸਾਰੇ ਜੀਵ-ਜੰਤੂ ਤੇ ਸਾਰੀ ਬਨਾਸਪਤੀ ਵੀ ਖਤਮ ਹੋ ਜਾਵੇਗੀ ਤੇ ਇਸ ਬ੍ਰਹਿਮੰਡ ਦਾ ਸਾਰਾ ਵਾਤਾਵਰਨ ਹੀ ਇਤਨਾ ਜ਼ਹਿਰੀਲਾ ਹੋ ਜਾਵੇਗਾ ਕਿ ਕੋਈ ਚੀਜ਼ ਜ਼ਿੰਦਾ ਨਹੀਂ ਰਹਿ ਸਕੇਗੀ ।

ਇਸ ਸਾਰੀ ਵਿਚਾਰ ਦਾ ਸ਼ਿਟਾ ਇਹ ਨਿਕਲਦਾ ਹੈ ਕਿ ਜੇ ਗੁਰੂਆਂ ਤੇ ਪੀਰਾਂ ਤੇ ਰਿਸ਼ੀਆਂ ਮੁੰਨੀਆਂ ਦੀ ਧਰਤੀ ਪੰਜਾਬ ਨੂੰ ਸੁਤੰਤਰ ਅਮਨ-ਭਰਪੂਰ ਤੇ ਖੁਸ਼ਹਾਲ ਬਨਾਉਣਾ ਹੈ ਤਾਂ ਹਥਿਆਰ ਸੁੱਟ ਕੇ ਲੜਾਈ-ਝਗੜੇ ਖਤਮ ਕਰਕੇ ਅਤੇ ਹਿੰਦੂ ਸਿੱਖਾਂ ਤੇ ਪੰਜਾਬ ਵਿਚ ਵਸਦੇ ਸਾਰੇ ਫਿਰਕਿਆਂ ਦੇ ਲੋਕਾਂ ਵਿਚ ਇਹ ਭਰੋਸਾ ਪੈਦਾ ਕਰੋ ਕਿ ਕੋਈ ਕਿਸੇ ਨੂੰ ਮਾਰੇਗਾ ਨਹੀਂ, ਉਜਾੜੇਗਾ ਨਹੀਂ । ਸਗੋਂ ਅਸੀਂ ਸਾਰੇ ਮਿਲ ਕੇ ਆਪਣੇ ਸੂਬੇ ਨੂੰ ਹੀ ਨਹੀਂ ਸਗੋਂ ਸਮੁੱਚੇ ਦੇਸ਼ ਨੂੰ ਖੁਸ਼ਹਾਲ ਬਣਾਵਾਂਗੇ ਅਤੇ ਦੇਸ਼ ਵਿਚੋਂ ਫਿਰਕੂ ਕੱਟੜਵਾਦ ਨੂੰ ਖਤਮ ਕਰਕੇ ਐਸੇ ਹਾਲਾਤ ਪੈਦਾ ਕਰਾਂਗੇ ਤੇ ਐਸਾ ਨਵਾਂ ਯੁੱਗ ਲਿਆਵਾਂਗੇ ਕਿ ਭਾਰਤ ਦਾ ਹਰੇਕ ਸ਼ਹਿਰੀ ਦੇਸ਼ ਦੇ ਕਿਸੇ ਵੀ ਭਾਗ ਵਿਚ ਅਮਨ ਤੇ ਖੁਸ਼ਹਾਲੀ ਭਰਿਆ ਜੀਵਨ ਜਿਉਂ ਸਕੇਗਾ ।

# ਰਿਫੂਜ਼ੀਆਂ ਸਬੰਧੀ ਕਾਨੂੰਨ ਹੋਰ ਸਖਤ

ਇਹ ਗਿਣੀ ਮਿਥੀ ਗੱਲ ਹੈ ਕਿ ਜਦ ਸਰਕਾਰ ਨੇ ਕੋਈ ਸਖਤ ਕਾਨੂੰਨ ਬਨਾਉਣਾ ਹੋਵੇ ਤਾਂ ਪਹਿਲਾਂ ਅਖਬਾਰਾਂ ਵਿਚ ਪਬਲਿਕ ਰਾਏ ਆਪਣੇ ਵੱਲ ਕਰਨ ਲਈ ਪਰਾਪੇਗੰਡਾ ਕਰਦੀ ਹੈ । ਪੁਰਤਗੀਜ਼, ਤੁਰਕ, ਸਲਬੇਡੋਰੀਅਨ, ਗਾਟੇਮਾਲਾ ਤੇ ਸਿਰੀ ਲੰਕਾ ਦੇ ਰਿਫੂਜ਼ੀਆਂ ਬਾਰੇ ਅਖਬਾਰਾਂ ਵਿਚ ਬਹੁਤ ਚਰਚਾ ਹੋਈ। ਸਰਕਾਰ ਨੇ ਲੋਕਾਂ ਦੇ ਦਿਲਾਂ ਤੇ ਇਹ ਅਸਰ ਪਾ ਦਿੱਤਾ ਹੈ ਕਿ ਸਾਰੀ ਦੁਨੀਆਂ ਹੀ ਕੈਨੇਡਾ ਨੂੰ ਤੁਰ ਪਈ ਹੈ। ਰਿਫੂਜ਼ੀਆਂ ਦੀਆਂ ਕਹਾਣੀਆਂ ਵਧਾਕੇ ਨਹੀਂ ਪਰ ਇਨ੍ਹਾਂ ਨੂੰ ਨਾਟਕੀ ਰੰਗ ਨਾਲ ਪੇਸ਼ ਕੀਤਾ ਹੈ । ਉਹ ਲੋਕ ਜੋ ਆਪਣੀ ਮਾਤਭੂਮੀ ਵਿਚ ਆਪਣੀਆਂ ਸਰਕਾਰਾਂ ਦੇ ਵਿਰੁੱਧ ਲੜਦੇ ਹਨ ਉਨ੍ਹਾਂ ਨੂੰ ਕੈਨੇਡਾ ਵਿਚ ਆਉਣ ਤੋਂ ਬੜੀਆਂ ਰੁਕਾਵਟਾਂ ਹੋ ਰਹੀਆਂ ਹਨ। ਇਮੀਗਰੇਸ਼ਨ ਮਨਿਸਟਰ ਨੇ ਨਵਾਂ ਕਾਨੂੰਨ ਪੇਸ਼ ਕੀਤਾ ਹੈ ਅਤੇ ਕਾਫੀ ਪਾਲਿਸੀ ਬਦਲ ਗਈ ਹੈ ।

(1)ਹਰ ਰਿਫੂਜ਼ੀ ਨੂੰ ਕੈਨੇਡਾ ਤੋਂ ਬਾਹਰ ਰਹਿ ਕੇ ਅਰਜ਼ੀ ਦੇਣੀ ਪਿਆ ਕਰੇਗੀ ।

(2)ਹੁਣ ਰਿਫੂਜ਼ੀ ਕੈਨੇਡਾ ਵਿਚ ਆਕੇ ਰਿਫੂਜ਼ੀ ਸਟੇਟਸ ਦਾ ਦਾਅਵਾ ਨਹੀਂ ਕਰ ਸਕਣਗੇ ।

(3)ਮਨਿਸਟਰ ਦਾਪਰਮਿਟ ਹੁਣ ਆਟੋਮੈਟਿਕ ਨਹੀਂ ਮਿਲਿਆ ਕਰੇਗਾ ।

(4)ਕੈਨੇਡਾ ਵਿਚ ਦੀ ਲੰਘਣ ਲਈ ਵੀ ਹੁਣ ਵੀਜ਼ਾ ਲੈਣਾ ਪਿਆ ਕਰੇਗਾ ।

ਇਸਤੋਂ ਸਾਫ ਪਤਾ ਲੱਗਦਾ ਹੈ ਕਿ ਕੈਨੇਡਾ ਦੀ ਨੀਤੀ ਗਰੀਬ ਲੋਕਾਂ ਤੇ ਗਰੀਬ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਵੱਲ ਬਹੁਤ ਕਠੋਰ ਹੋ ਗਈ ਹੈ। ਕੈਨੇਡਾ ਦੀ ਸਰਕਾਰ ਦੱਬੇ ਕੁੱਚਲੇ ਲੋਕਾਂ ਦੇ ਮਨੁੱਖੀ ਹੱਕਾਂ ਨੂੰ ਉਹਲੇ ਕਰ ਰਹੀ ਹੈ। ਇਹ ਸਰਕਾਰ ਕੁਝ ਕੁ ਨਸਲਵਾਦੀਆਂ ਦੇ ਦਬਾਅ ਥੱਲੇ ਆਕੇ ਆਪਣੀ ਨੀਤੀ ਬਦਲ ਰਹੀ ਹੈ ।

ਹਰ ਐਥਨਿਕ ਕਮਿਊਨਿਟੀ ਸਿਰਫ ਆਪਣੇ ਲੋਕਾਂ ਲਈ ਹੀ ਲੜਦੀ ਹੈ। ਜਦ ਸਿਰੀ ਲੰਕਾ ਦੇ ਰਿਫੂਜ਼ੀਆਂ ਨੂੰ ਕੈਨੇਡਾ ਦੀ ਸਰਕਾਰ ਨੇ ਖੁੱਲ੍ਹ ਦਿੱਤੀ ਤਾਂ ਕਈ ਹੋਰ ਕਮਿਊਨਿਟੀਆਂ ਨੇ ਇਸ ਬਾਰੇ ਹੱਸਦ ਕੀਤਾ। ਬਜਾਏ ਇਸਦੇ ਕਿ ਸਾਰਿਆਂ ਨੂੰ ਉਹੋ ਜਿਹਾ ਹੀ ਹੱਕ ਹੋਣਾ ਚਾਹੀਦਾ ਹੈ। ਕਈ ਕਮਿਊਨਿਟੀਆਂ ਨੇ ਉਲਟ ਬਿਆਨ ਦਿੱਤੇ । ਇਸ ਤਰ੍ਹਾਂ ਕਮਿਊਨਿਟੀਆਂ ਇਕੱਠੀਆਂ ਨਹੀਂ ਹੋ ਰਹੀਆਂ। ਜਿੰਨ੍ਹਾਂ ਚਿਰ ਅਸੀਂ ਦੂਜੇ ਦੇ ਦੁੱਖ ਵਿਚ ਸ਼ਾਮਲ ਨਹੀਂ ਹੁੰਦੇ ਤਾਂ ਜਦ ਸਾਡੀ ਕਮਿਊਨਿਟੀ ਨੂੰ ਤਕਲੀਫ ਹੋਵੇ ਤਾਂ ਸਾਡਾ ਦੂਸਰੀਆਂ ਕਮਿਊਨਿਟੀਆਂ ਸਾਥ ਨਹੀਂ ਦੇਣਗੀਆਂ ।

ਇਤਿਹਾਸਕ ਤੌਰ ਤੇ ਟੋਰੀ ਸਰਕਾਰ ਰਿਫੂਜ਼ੀਆਂ ਤੇ ਇਮੀਗਰੈਂਟਾਂ ਦੇ ਖਿਲਾਫ ਰਹੀ ਹੈ । ਭਵਿੱਖ ਵਿਚ ਇਹ ਰਿਫੂਜ਼ੀਆਂ ਦਾ ਨਿਰਨਾ (refugee Determination])ਪਾਲਿਸੀ ਨੂੰ ਬਹੁਤ ਹੀ ਕਰੜਾ ਬਣਾ ਰਹੀ ਹੈ । ਜਿਹੜੇ ਲੋਕ ਸੋਵੀਅਤ ਯੂਨੀਅਨ, ਰੋਮਾਨੀਆਂ, ਕਿਊਬਾ, ਬੁਲਗਾਰੀਆ, ਅਲਬੇਨੀਆਂ, ਕੋਰੀਆ, ਚੈਕੋਸਲੋਵਾਕੀਆ, ਈਸਟ ਜਰਮਨੀ, ਨਾਰਥ ਕੋਰੀਆ, ਚੀਨ, ਵੀਅਤਨਾਮ, ਕੰਮਪੁਚੀਆ, ਲਾਓਸ, ਅਫਗਾਨਿਸਤਾਨ, ਐਲ ਸਲਵਾਡੋਰ, ਗਾਟੇਮਾਲਾ, ਇਰਾਨ, ਲੇਬਨਾਨ ਤੇ ਸਿਰੀ ਲੰਕਾ ਦੇ ਲੋਕਾਂ ਨੂੰ ਇਸ ਕੈਟਗਰੀ ਵਿਚ ਪਾਇਆ ਜਾਵੇਗਾ । ਕਿਉਂਕਿ ਸਰਕਾਰ ਸਮਝਦੀ ਹੈ, ਖਾਸ ਕਰਕੇ ਜਿਥੇ ਕਮਿਊਨਿਸਟ ਸਰਕਾਰਾਂ ਹਨ, ਉੱਥੇ ਤਸ਼ੱਦਦਬਹੁਤਾ ਹੁੰਦਾ ਹੈ। ਜਮਹੂਰੀ ਸਰਕਾਰਾਂ, ਜਿਨ੍ਹਾਂ ਵਿਚ ਭਾਰਤ ਭੀ ਆਉਂਦਾ ਹੈ, ਕੈਨੇਡਾ ਸਰਕਾਰ ਤੇ ਅਨੁਕੂਲ ਉੱਥੇ ਤਸ਼ੱਦਦ ਨਹੀਂ ਹੁੰਦਾ ।

ਟੋਰੀ ਸਰਕਾਰ ਦੇ ਐਸ.ਪੀ.ਹੀ ਇਹ ਸਰਕਾਰੀ ਪਾਲਿਸੀਆਂ ਬਣਾਉਂਦੇ ਹਨ। ਉਹ ਲੋਕ ਜਿਹੜੇ ਟੋਰੀਆਂ ਨਾਲ ਚਾਹ ਪਾਣੀ ਪੀਂਦੇ ਹਨ ਤੇ ਹੱਥ ਮਿਲਾਉਂਦੇ ਹਨ । ਉਨ੍ਹਾਂ ਦੇ ਧਿਆਨ ਯੋਗ ਗੱਲ ਹੈ ਕਿ ਜਿੰਨ੍ਹਾ ਚਿਰ ਥੱਲਿਉਂ ਦਬਾਅ ਨਹੀਂ ਪੈਂਦਾ ਉਨ੍ਹਾਂ ਚਿਰ ਇਹ ਪਾਲਿਸੀਆਂ ਨਹੀਂ ਬਦਲਣਗੀਆਂ । ਸਿੱਖ ਲੋਕ ਜਿਨ੍ਹਾਂ ਨੇ ਟੋਰੀਆਂ ਦੀ ਤੇ ਉਨ੍ਹਾਂ ਦੇ ਚਮਚਿਆਂ ਦੀ ਮਦਦ ਕੀਤੀ ਹੈ। ਉਹ ਭਾਰਤ ਤੇ ਕੈਨੇਡਾ ਦੀ ਸੰਧੀ ਵੱਲ ਝਾਤ ਮਾਰ ਲੈਣ । ਕੀ ਮਦਦ ਕਰਨ ਦਾ ਇਵਜ਼ ਇਹੀ ਹੈ ? ਸੁਆਲ ਤਾਂ ਆਵੇਗਾ ਜੇ ਟੋਰੀ ਪਾਰਟੀ ਦੇ ਮੈਂਬਰਸ਼ਿਪ ਕਾਰਡ ਕੱਟਕੇ ਜੋਅ ਕਲਾਰਕ ਨੂੰ ਭੇਜੇ ਜਾਣ ਫਿਰ ਇਨ੍ਹਾਂ ਦੇ ਕੰਨਾਂ ਤੇ ਜੂੰਅ ਸਰਕੇਗੀ । ਜੇ ਮੂਹਰਲੇ ਲੀਡਰ ਟੋਰੀ ਐਮ.ਪੀ. ਨਾਲ ਚਾਹਾਂ ਵਗੈਰਾ ਪੀਂਦੇ ਰਹੇ ਤੇ ਹੱਥ ਮਿਲਾਉਂਦੇ ਰਹੇ ਤਾਂ ਇਸੇ ਤਰ੍ਹਾਂ ਹੀ ਇਹ ਸਰਕਾਰ ਦੱਬੇ ਕੁਚਲੇ ਲੋਕਾਂ ਦੀ ਪਿੱਠ ਵਿਚ ਛੁਰਾ ਮਾਰਦੀ ਰਹੇਗੀ। ਅੱਜ ਅਮਰੀਕਾ ਦੇ ਬਾਰਡਰ ਤੇ ਕੋਈ 6,000 ਭੁੱਖੇ ਤਿਹਾਏ ਰਿਫੂਜ਼ੀ ਬੈਠੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਉਸੇ ਮੁਲਕ ਵਿਚ ਵਾਪਸ ਭੇਜਿਆ ਜਾਵੇਗਾ ਜਿਥੋਂ ਉਹ ਮੌਤ ਦੇ ਮੂੰਹ ਵਿਚੋਂ ਭੱਜਕੇ ਆਏ ਸੀ। ਅੰਤਰ ਰਾਸ਼ਟਰੀ ਮੁਲਕਾਂ ਵਿਚੋਂ ਕੈਨੇਡਾ ਦਾ ਨਾਂ ਕਾਫੀ ਉਚਾ ਸੀ ਕਿਉਂਕਿ ਇਸ ਮੁਲਕ ਨੇ ਰਿਫੂਜ਼ੀਆਂ ਦੀ ਕਾਫੀ ਹਿਮਾਇਤ ਕੀਤੀ ਹੈ ਪਰ ਭਵਿੱਖ ਵਿਚ ਇਹ ਮੁਲਕ ਹੁਣ ਸ਼ੇਖੀ ਨਹੀਂ ਮਾਰ ਸਕੇਗਾ ਕਿਉਂਕਿ ਇਸਦੀ ਇਮੀਗਰੇਸ਼ਨ ਪਾਲਿਸੀ, ਖਾਸ ਕਰਕੇ ਰਿਫੂਜ਼ੀਆਂ ਵੱਲ, ਬਹੁਤ ਅਣਮਨੁੱਖੀ ਹੋ ਗਈ ਹੈ ।

ਚਰਨਪਾਲ ਗਿੱਲ

ਪ੍ਰਧਾਨ ਪਿਕਸ ਸੁਸਾਇਟੀ

('ਸਮੇਂ' ਦੀ ਆਵਾਜ਼' ਰੇਡੀਓ ਪਰੋਗਰਾਮ ਦੇ ਧੰਨਵਾਦ ਸਹਿਤ)

# ਕੈਲੇਫੋਰਨੀਆ 'ਚ 2.3 ਮਿਲੀਅਨ ਲੋਕ ਭੁੱਖੇ

ਸੈਕਰਾਮੈਂਟੋ — ਕੈਲੇਫੋਰਨੀਆ — ਇਥੋਂ ਛਪਣ ਵਾਲੇ ਇਕ ਅਖਬਾਰ ਅਨੁਸਾਰ ਖੁਸ਼ਹਾਲ ਸਮਝੀ ਜਾਂਦੀ ਕੈਲੇਫੋਰਨੀਆ ਸਟੇਟ ਵਿਚ 2 ਮਿਲੀਅਨ ਤੋਂ ਜ਼ਿਆਦਾ ਲੋਕ ਭੁੱਖੇ ਰਹਿ ਕੇ ਦਿਨ ਕੱਟ ਰਹੇ ਹਨ ।

ਅਖਬਾਰ ਸੈਕਰਾਮੈਂਟੋ ਬੀ ਅਨੁਸਾਰ ਬੇਰੁਜ਼ਗਾਰੀ ਅਤੇ ਘਰਾਂ ਦੀਆਂ ਉਚੀਆਂ ਕੀਮਤਾਂ ਨੇ 2.3 ਮਿਲੀਅਨ ਲੋਕਾਂ ਨੂੰ ਐਮਰਜੰਸੀ ਫੂਡ ਬੈਂਕਾਂ 'ਤੇ ਨਿਰਭਰ ਹੋਣ ਲਈ ਮਜ਼ਬੂਰ ਕਰ ਦਿੱਤਾ ਹੈ। ਇਨ੍ਹਾਂ ਵਿਚ 6 ਲੱਖ 75 ਹਜ਼ਾਰ ਇਕੱਲੀਆਂ ਰਹਿੰਦੀਆਂ ਔਰਤਾਂ ਸ਼ਾਮਲ ਹਨ । ਕੋਈ ਇਕ ਮਿਲੀਅਨ ਤੋਂ ਜ਼ਿਆਦਾ ਬੱਚੇ ਅਤੇ ਹਜ਼ਾਰਾਂ ਹੀ ਬਜ਼ੁਰਗ ਫੂਡ ਬੈਂਕਾਂ ਤੋਂ ਖਾਣਾ ਪ੍ਰਾਪਤ ਕਰ ਰਹੇ ਹਨ ।

ਫੂਡ ਬੈਂਕਾਂ ਦਾ 6 ਮਹੀਨੇ ਸਰਵੇ ਕਰਨ ਅਤੇ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਰਵੇ 'ਚ ਕਿਹਾ ਗਿਆ ਹੈ ਕਿ ਲੱਖਾਂ ਘੱਟ ਤਨਖਾਹ ਵਾਲੇ ਕਾਮੇ ਵੀ ਫੂਡ ਬੈਂਕਾਂ ਤੋਂ ਭੋਜਨ ਲੈਣ ਲਈ ਮਜ਼ਬੂਰ ਹੋ ਗਏ ਹਨ ।

ਅਖਬਾਰ ਨੇ ਫੈਡਰਲ ਸਰਕਾਰ ਵੱਲੋਂ ਸਮਾਜ ਭਲਾਈ ਲਈ ਦਿਤੇ ਜਾਂਦੇ ਫੰਡਾਂ 'ਚ ਭਾਰੀ ਕਟੌਤੀ ਨੂੰ ਵੀ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ । ਇਨ੍ਹਾਂ ਸਾਲਾਂ 'ਚ ਸਰਕਾਰ ਨੇ 57 ਮਿਲੀਅਨ ਡਾਲਰ ਦੀ ਕਟੌਤੀ ਕੀਤੀ ਹੈ । ਪਰ ਸਟੇਟ ਵੈਲਫੇਅਰ ਦੇ ਡਾਇਰੈਕਟਰ ਲਿੰਡਾ ਮੈਕਮੋਹਨ ਨੇ ਕਿਹਾ ਹੈ ਕਿ ਲੋਕ ਐਮਰਜੰਸੀ ਫੂਡ ਬੈਂਕਾਂ ਦੀ ਵਰਤੋਂ ਇਸ ਕਰਕੇ ਕਰਦੇ ਹਨ ਕਿਉਂ ਕਿ ਇਥੋਂ ਖਾਣਾ ਮੁਫਤ ਮਿਲਦਾ ਹੈ। ਲੋਕ ਆਪਣਾ ਬਜਟ ਵੀ ਠੀਕ ਤਰ੍ਹਾਂ ਨਹੀਂ ਬਣਾਉਂਦੇ । ਪੈਸੇ ਫਾਲਤੂ ਐਸ਼ 'ਤੇ ਖਰਚ ਕਰਨ ਤੋਂ ਬਾਅਦ ਫੂਡ ਬੈਂਕਾਂ 'ਤੇ ਨਿਰਭਰ ਹੋ ਜਾਂਦੇ ਹਨ ।

ਹਾਊਸ ਨਿਊਟਰੇਸ਼ਨ ਸਬ ਕਮੇਟੀ ਦੇ ਚੇਅਰਮੈਨ ਲੀਅਨ ਪਾਨੇਟਾ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਹਿਣ ਨਾਲ ਸਮੱਸਿਆ ਦਾ ਹੱਲ ਨਹੀਂ ਹੋ ਜਾਂਦਾ । ਇਹਦੇ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ ।

## ਅਮਰੀਕਾ ਵਿਚ ਤਾਮਿਲ ਜਥੇਬੰਦੀ ਕਾਇਮ

ਨਿਊਯਾਰਕ:ਸ੍ਰੀਲੰਕਾ ਵਿਚ ਸੁਤੰਤਰ ਤਾਮਿਲ ਰਾਜ ਦੀ ਸਥਾਪਨਾ ਲਈ ਉਤਰੀ ਅਮਰੀਕਾ ਵਿਚ ਤਾਮਿਲ ਗੁਰੀਲਿਆਂ ਨੇ ਇਕ ਜਥੇਬੰਦੀ (ਅਫਲੋਟ) ਕਾਇਮ ਕੀਤੀ ਹੈ ਜਿਸਦਾ ਪ੍ਰਧਾਨ ਸ੍ਰੀ ਪ੍ਰਭਾਕਰਨ ਨੂੰ ਬਣਾਇਆ ਗਿਆ ਹੈ । ਨਵੀਂ ਸੰਸਥਾ ਦਾ ਇਕ ਖਾਸ ਉਦੇਸ਼ ਸ੍ਰੀਲੰਕਾ ਸਰਕਾਰ ਵਿਰੁੱਧ ਲੜ ਰਹੇ ਵੱਖ ਵੱਖ ਤਾਮਿਲ ਗਰੁੱਪਾਂ ਨੂੰ ਇਕੱਠੇ ਕਰਨਾ ਹੈ ਨਿਊਯਾਰਕ ਵਿਚ ਹੋਈ ਮੀਟਿੰਗ ਵਿਚ ਅਮਰੀਕਾ ਅਤੇ ਕੈਨੇਡਾ ਤੋਂ 20 ਪ੍ਰਮੁੱਖ ਤਾਮਿਲ ਸ਼ਾਮਲ ਹੋਏ ।


RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ ਸਾਨੂੰ ਸੇਵਾ ਦਾ ਮੌਕਾ ਦਿਓ

ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ ਗਰੰਟੀ ਦਿੱਤੀ ਜਾਂਦੀ ਹੈ ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL

# ਮਲਕੀਤ ਸਿੰਘ ਸਿੱਧੂ ਕਾਂਡ ਕੇਸ ਸ.ਫਾਈ ਦੇ ਗਵਾਹ ਪੇਸ਼ ਨਹੀਂ ਹੋਣਗੇ

ਨੀਊਵੈਸਟ — 'ਸਨ' ਅਖਬਾਰ ਦੀ ਖਬਰ ਅਨੁਸਾਰ ਮਲਕੀਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਕਥਿਤ ਦੋਸ਼ੀਆਂ ਦੇ ਵਕੀਲਾਂ ਨੇ ਸਫਾਈ ਦੇ ਗਵਾਹ ਪੇਸ਼ ਕਰਨ ਤੋਂ ਨਾਂਹ ਕਰਦਿਆਂ ਕਿਹਾ ਹੈ ਕਿ 'ਬੇਸ਼ਕ ਇਹ ਅਜੀਬ ਗੱਲ ਲੱਗਦੀ ਹੈ ਪਰ ਇਹ ਕੇਸ ਵੀ ਤਾਂ ਅਜੀਬ ਹੀ ਹੈ।'

ਸਰਕਾਰੀ ਵਕੀਲ ਨੇ 50 ਗਵਾਹਾਂ ਦੀਆਂ ਗਵਾਹੀਆਂ ਭੁਗਤਾ ਲਈਆਂ ਹਨ ਅਤੇ ਜਿਰ੍ਹਾ ਸ਼ੁਰੂ ਕੀਤੀ ਹੋਈ ਹੈ। ਅਖਬਾਰ ਦਾ ਕਹਿਣਾ ਹੈ ਕਿ ਅਮਰਜੀਤ ਸਿੰਘ ਢੀਂਡਸਾ ਅਤੇ ਸੁਖਦਿਆਲ ਸਿੰਘ ਗਿੱਲ ਦੇ ਵਕੀਲ ਜੇਫ ਗਰੀਨ ਨੇ ਕਿਹਾ ਕਿ ਸਰਕਾਰੀ ਵਕੀਲ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਹਾਲਾਤਾਂ ਅਤੇ ਸ਼ੱਕ ਦੇ ਆਧਾਰ ਉਤੇ ਉਹ ਚਾਹੇ ਕਥਿਤ ਦੋਸ਼ੀਆਂ ਨੂੰ ਸਜ਼ਾ ਨਹੀਂ ਦਵਾ ਸਕਦਾ। ਜੇਫ ਗਰੀਨ ਨੇ ਕਿਹਾ ਕਿ ਸ਼ੱਕਾਂ ਦਾ ਇਕੱਠ ਕਰਕੇ ਤੁਸੀਂ ਉਸ ਵਿਚੋਂ ਸਬੂਤ ਨਹੀਂ ਪੈਦਾ ਕਰ ਸਕਦੇ।

ਸਰਕਾਰੀ ਵਕੀਲ ਵਲੋਂ ਕੇਸ ਮੁਕੰਮਲ ਕਰਨ ਉਤੇ ਮੰਗਲਵਾਰ ਨੂੰ ਤਿੰਨ ਵਕੀਲਾਂ ਜੇਫ ਗਰੀਨ, ਜੌਹਨ ਗਰੀਨ ਅਤੇ ਡੇਵਿਡ ਗਿਬਨਜ਼ ਨੇ ਹੈਰਾਨੀਜਨਕ ਕਦਮ ਉਠਾਂਦਿਆਂ ਕਿਹਾ ਕਿ ਉਹ ਸਫਾਈ ਦੇ ਗਵਾਹ ਪੇਸ਼ ਨਹੀਂ ਕਰਨਗੇ।

ਗਵਾਹ ਪੇਸ਼ ਕਰਨ ਦੀ ਥਾਂ ਉਨ੍ਹਾਂ ਕਿਹਾ ਕਿ ਸਰਕਾਰੀ ਵਕੀਲ ਆਪਣੀ ਜਿਰ੍ਹਾ ਜਾਰੀ ਰੱਖੇ। ਗਰੀਨ ਨੇ ਜਿਊਰੀ ਨੂੰ ਦੱਸਿਆ ਕਿ ਜੇ ਉਸਨੇਂ ਗਵਾਹ ਪੇਸ਼ ਕੀਤੇ ਤਾਂ ਆਖਰੀ ਮੌਕਾ ਸਰਕਾਰੀ ਵਕੀਲ ਨੂੰ ਮਿਲੇਗਾ ਜੋ ਮੌਕਾ ਉਹ ਉਸਨੂੰ ਦੇਣਾ ਨਹੀਂ ਚਾਹੁੰਦਾ।

ਇਸ ਕੇਸ ਵਿਚ ਚਾਰ ਕਥਿਤ ਦੋਸ਼ੀਆਂ ਜਸਬੀਰ ਸਿੰਘ ਅਟਵਾਲ,. ਜਸਪਾਲ ਸਿੰਘ ਅਟਵਾਲ, ਸੁਖਦਿਆਲ ਸਿੰਘ ਗਿੱਲ ਅਤੇ ਅਮਰਜੀਤ ਸਿੰਘ ਢੀਂਡਸਾ ਉਪਰ ਇਹ ਕਥਿਤ ਦੋਸ਼ ਹੈ ਕਿ ਉਨ੍ਹਾਂ ਨੇ ਗੋਲਡ ਰਿਵਰ ਲਾਗੇ 25 ਮਈ ਨੂੰ ਪੰਜਾਬ ਦੇ ਯੋਜਨਾ ਮੰਤਰੀ ਸ. ਮਲਕੀਤ ਸਿੰਘ ਸਿੱਧੂ ਉਤੇ ਕਥਿਤ ਕਾਤਲਾਨਾ ਹਮਲਾ ਕੀਤਾ।

ਕੈਂਬਲ ਰਿਵਰ ਦੀ ਪੁਲਸ ਅਨੁਸਾਰ ਇਹ ਚਾਰੇ ਕਥਿਤ ਦੋਸ਼ੀ ਇਕ ਘੰਟੇ ਪਿਛੋਂ ਉਸੇ ਇਲਾਕੇ ਵਿਚੋਂ ਫੜੇ ਗਏ।

# ਲੰਬੀ ਹੁੰਦੀ ਜਾ ਰਹੀ ਪੰਜਾਬ ਦੀ ਕਹਾਣੀ

ਚੰਡੀਗੜ੍ਹ — ਕਹਾਣੀਆਂ ਸੁਦਾਉਣ ਵਾਲੇ ਖਤਮ ਹੋ ਸਕਦੇ ਹਨ ਪਰ ਪੰਜਾਬ ਦੀ ਕਹਾਣੀ ਦਾ ਕੋਈ ਅੰਤ ਨਹੀਂ ਜਾਪਦਾ। ਕੁਝ ਕਹਾਣੀਆਂ ਕਹਿਣ ਵਾਲੇ ਥੱਕ ਜਾਣਗੇ ਤੇ ਅਲੋਪ ਹੋ ਜਾਣਗੇ। ਰਮੇਸ਼ ਚੰਦਰ ਤੇ ਗਿਆਨੀ ਜਗਜੀਤ ਸਿੰਘ ਵਾਂਗ ਕੁਝ ਅਚਨਚੇਤ ਚਲੇ ਗਏ ਤੇ ਕਹਾਣੀ ਦਾ ਹੀ ਹਿਸਾ ਬਣ ਗਏ। ਸਮਾਂ ਆ ਸਕਦਾ ਹੈ ਜਦੋਂ ਸੁਣਨ ਵਾਲੇ ਕਹਾਣੀ ਤੋਂ ਅੱਕ ਕੇ ਸੌਂ ਜਾਣਗੇ ਜਾਂ ਉਹ ਕਹਾਣੀ ਦਾ ਅੰਤ ਜਾਂ ਵਿਸ਼ੇ ਨੂੰ ਬਦਲਣਾ ਚਾਹੁਣਗੇ। ਪੰਜਾਬ ਅਜਿਹੇ ਪਲ ਦੀ ਉਡੀਕ ਵਿਚ ਹੈ। ਸਿਰਫ ਸੁਣਨ ਵਾਲੇ ਹੀ ਪੰਜਾਬ ਦੇ ਦੁਖਾਂਤ ਦੀ ਕਹਾਣੀ ਨੂੰ ਬਦਲ ਸਕਦੇ ਹਨ। ਸਭ ਕੁਝ ਕਹਿ ਲਏ ਜਾਣ ਅਤੇ ਹੋ ਜਾਣ ਤੋਂ ਬਾਅਦ ਲੋਕਾਂ ਨੂੰ ਅਹਿਸਾਸ ਹੋਵੇਗਾ ਕਿ ਕਹਾਣੀਆਂ ਸੁਣਾਉਣ ਵਾਲਿਆਂ ਦਾ ਕੰਮ ਬਹੁਤ ਔਖਾ ਸੀ। ਵਰ੍ਹਦੀਆਂ ਗੋਲੀਆਂ ਅਤੇ ਚੀਕਾਂ ਦੇ ਦਰਮਿਆਨ ਉਹ ਕੋਈ 'ਨਰਮ' ਕਹਾਣੀ ਨਹੀਂ ਸੀ ਕਹਿ ਸਕਦੇ। ਉਹ ਸੂਰਬੀਰਾਂ ਦੀ ਧਰਤੀ, ਜਿਥੇ ਲੋੜ ਦਲੇਰੀ ਦੀ ਸੀ, ਵਿਚ ਇਸ ਦੇ ਹੰਝੂਆਂ ਦੀ ਦਾਸਤਾਨ ਵੀ ਨਹੀਂ ਸੀ ਬਣਾ ਸਕਦੇ। ਕਹਾਣੀ ਤਾਂ ਜਿਉਂ ਦੀ ਤਿਉਂ ਸੁਣਾਉਣੀ ਪੈਣੀ ਸੀ। ਸੱਚ ਤਾਂ ਇਹ ਹੈ ਕਿ ਪੰਜਾਬ ਦੀ ਕਹਾਣੀ ਵਿਚ ਕੋਈ ਠਹਿਰਾਓ ਨਹੀਂ, ਕੋਈ ਰਾਹਤ ਨਹੀਂ। ਇਹ ਹਰ ਨਵੇਂ ਦਿਨ ਹੋਰ ਗੰਭੀਰ ਬਣੀ ਜਾਂਦੀ ਹੈ। ਹਰ ਦਿਨ ਸਭ ਤੋਂ ਵੱਧ ਮਾੜਾ ਜਾਪਦਾ ਹੈ ਪਰ ਫਿਰ ਵੀ ਅਗਲਾ ਦਿਨ ਉਸ ਤੋਂ ਵੀ ਵੱਧ ਮਾੜਾ ਹੋ ਨਿਬੜਦਾ ਹੈ। ਬੁਲ੍ਹੇਸ਼ਾਹ ਤੇ ਵਾਰਿਸਸ਼ਾਹ, ਸ਼ਿਵ ਬਟਾਲਵੀ ਤੇ ਅੰਮ੍ਰਿਤਾ ਪ੍ਰੀਤਮ ਦੀ ਧਰਤੀ ਤੇ ਕਲਮਾਂ ਵਾਲਿਆਂ ਦਾ ਕੰਮ ਸਿਰਫ ਮੌਤਾਂ ਦੀ ਗਿਣਤੀ ਦਸਣਾ ਰਹਿ ਗਿਆ ਹੈ ਤੇ ਫਿਰ ਵੀ ਅੰਕੜੇ ਪੂਰੀ ਕਹਾਣੀ ਨਹੀਂ ਦਸਦੇ। ਸੁਆਲ ਮੌਤਾਂ ਦੀ ਗਿਣਤੀ ਦਾ ਨਹੀਂ। ਮੌਤ ਸਿਰਫ ਕੁਝ ਦੀ ਹੁੰਦੀ ਹੈ ਪਰ ਹਜ਼ਾਰਾਂ ਲੋਕ ਹਰ ਰੋਜ਼ ਹਜ਼ਾਰਾਂ ਵਾਰ ਮਰਦੇ ਹਨ। ਉਹ ਡਰ ਅਤੇ ਦਹਿਸ਼ਤ ਨਾਲ ਮਰ ਰਹੇ ਹਨ। ਮਹਾਨ ਪੰਜਾਬੀ ਸਮਾਜ ਦਾ ਬੁਨਿਆਦੀ ਤਾਣਾ-ਬਾਣਾ ਲੀਰੋਲੀਰ ਹੋ ਰਿਹਾ ਹੈ। ਪੰਜ ਦਰਿਆਵਾਂ ਦੀ ਇਹ ਧਰਤੀ ਜਿਹੜੀ ਢਾਈ ਦਰਿਆਵਾਂ ਦੀ ਰਹਿ ਗਈ ਤੇ ਜਿਸ ਨੂੰ ਸਵਾ ਦਰਿਆ ਦੀ ਧਰਤੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ — ਦੀਆਂ ਕਦਰਾਂ ਕੀਮਤਾਂ ਦਾ ਨਿਜ਼ਾਮ ਢਹਿ ਢੇਰੀ ਹੋ ਚੁੱਕਾ ਹੈ। ਆਪਣੀ ਅਖਬਾਰ ਤਰਫੋਂ ਪੰਜਾਬ ਉਤੇ ਇਕ ਝਾਤ ਮਾਰਨ ਲਈ ਇਹ ਪੱਤਰਕਾਰ ਜਦ ਨਿਕਲਿਆ ਤਾਂ ਉਸਨੂੰ ਅੰਨ੍ਹਾਂ ਕਰ ਦੇਣ ਵਾਲੀ ਧੁੰਦ ਵਿਚੋਂ ਲੰਘਣਾ ਪਿਆ। ਕਾਰ ਦੀਆਂ ਬੱਤੀਆਂ ਜਗਾ ਕੇ ਵੀ ਕੋਈ ਚੀਜ਼ ਨਹੀਂ ਸੀ ਦਿਸਦੀ। ਇਹ ਅਜ ਦੇ ਪੰਜਾਬ ਵੱਲ ਸੰਕੇਤ ਕਰਦਾ ਸੀ — ਲੋਕ ਦਿਨ ਦਿਹਾੜੇ ਹਨੇਰੇ ਵਿਚ ਟੱਕਰਾਂ ਮਾਰਦੇ ਹੋਏ, ਹਰ ਵੇਲੇ ਸੜਕਾਂ ਉਤੇ ਘਾਤ ਲਾ ਕੇ ਬੈਠਾ ਖਤਰਾ, ਭਾਵੇਂ ਉਨ੍ਹਾਂ ਨੂੰ ਪਤਾ ਨਹੀਂ ਸੀ ਇਹ ਕਦੋਂ ਆਵੇਗਾ। ਪੰਜਾਬ ਦੀ ਮਨ ਮੋਹਣੀ ਧਰਤੀ ਉਤੇ ਦੂਰ ਦੂਰ ਤਕ ਕਣਕ ਦੀਆਂ ਹਰੀਆਂ ਫਸਲਾਂ ਲਹਿਲਹਾ ਰਹੀਆਂ ਹਨ। ਭਰੇ ਜੁੱਸਿਆਂ ਵਾਲੇ ਕਿਸਾਨ ਆਪਣੇ ਖੇਤਾਂ ਵਿਚ ਖੜ ਕੇ ਇਕ ਹੋਰ ਭਰਵੀਂ ਫਸਲ ਦੀ ਉਡੀਕ ਵਿਚ ਹਨ। ਹਰ ਪਾਸੇ ਖੂਬਸੂਰਤ ਨੌਜਵਾਨ ਔਰਤਾਂ ਟਰੈਕਟਰ ਟਰਾਲੀਆਂ ਉਤੇ, ਸਾਈਕਲਾਂ ਉਤੇ ਅਤੇ ਮੋਪਿਡਾਂ ਤੇ ਵੀ — ਸ਼ਾਇਦ ਸੁਪਨਿਆਂ ਦੀ ਦੁਨੀਆਂ ਵਿਚ ਗੁੰਮ ਹੋਈਆਂ। ਸੁਹਣੇ ਸੁਹਣੇ ਕੱਪੜੇ ਪਾ ਕੇ ਆਟੋ ਰਿਕਸ਼ਿਆਂ ਵਿਚ ਬੈਠਕੇ 'ਅੰਗਰੇਜ਼ੀ' ਸਕੂਲਾਂ ਨੂੰ ਜਾਂਦੇ ਮੁਸਕਰਾਉਂਦੇ ਬੱਚੇ ਹਮੇਸ਼ਾਂ ਦੀ ਤਰ੍ਹਾਂ ਮਾਸੂਮ ਲਗਦੇ ਹਨ। ਪਰ ਤੀਖਣ ਨਜ਼ਰ ਵਾਲਾ ਦਰਸ਼ਕ ਜਾਣਦਾ ਹੈ ਕਿ ਭਰੇ 'ਜੁੱਸੇ' ਵਾਲਿਆਂ ਦੀਆਂ ਆਸਾਂ, ਮੁਟਿਆਰਾਂ ਦੇ ਸੁਪਨਿਆਂ ਅਤੇ ਮਾਸੂਮ ਬੱਚਿਆਂ ਦੀਆਂ ਮੁਸਕਰਾਹਟਾਂ — ਸਭਨਾਂ ਨੂੰ ਖੌਫ ਅਤੇ ਅਨਿਸਚਤਤਾ ਨੇ ਮਲੀਨ ਕਰ ਦਿੱਤਾ ਹੈ।

ਬਾਹਰੋਂ ਵੇਖਿਆਂ ਜ਼ਿੰਦਗੀ 'ਆਮ ਵਾਂਗ' ਚਲ ਰਹੀ ਹੈ। ਲੁਧਿਆਣਾ ਵਿਚ ਟਰੈਫਿਕ ਦਾ ਪਾਗਲਪਨ ਪਹਿਲਾਂ ਵਾਂਗ ਹੀ ਕਾਇਮ ਹੈ ਅੰਮ੍ਰਿਤਸਰ ਵਿਚ ਅਮੀਰਾਂ ਦੀ ਐਸ਼ੋ-ਇਸ਼ਰਤ ਤੇ ਕੋਈ ਅਸਰ ਨਹੀਂ ਪਿਆ ਲੁਧਿਆਣਾ - ਫਿਰੋਜ਼ਪੁਰ ਸੜਕ ਤੇ ਨਾਨਕਸਰ, ਗੁਰਦੁਆਰਾ ਵਲੰਟੀਅਰ ਸੜਕ ਦੇ ਐਨ ਵਿਚਕਾਰ ਖੜ ਕੇ ਹੱਥ ਜੋੜ ਕੇ ਵਾਹਨਾਂ ਵਾਲਿਆਂ ਨੂੰ ਚਾਹ ਛਕਾਉਣ ਲਈ ਰੋਕਦੇ ਹਨ। ਕੌਮਾਂਤਰੀ ਸਰਹੱਦ ਉਤੇ ਵਸਦੇ ਕਿਸਾਨ ਤੇ ਹੋਰ ਲੋਕ ਪਹਿਲਾਂ ਦੀ ਤਰ੍ਹਾਂ ਬਹਾਦਰ ਹਨ ਤੇ ਫੌਜਾਂ ਦੀ ਤਾਇਨਾਤੀ ਅਤੇ ਸੰਭਾਵੀ ਜੰਗ ਦੇ ਸੰਕੇਤਾਂ ਨੂੰ ਠਰੂੰਮੇ ਨਾਲ ਵੇਖ ਰਹੇ ਹਨ ਸਰਹੱਦ ਤੇ ਵਸਦੇ ਹੁਣ ਵਧੇਰੇ ਸੂਝਵਾਨ ਲੋਕ ਇਸ ਨੂੰ ਦਾਰਸ਼ਨਿਕ ਢੰਗ ਨਾਲ ਲੈਂਦੇ ਹਨ ਤੇ ਹੈਰਾਨ ਹੁੰਦੇ ਹਨ ਕਿ ਕੀ ਜੰਗਾਂ ਕਦੀ ਕੋਈ ਮਸਲਾ ਹੱਲ ਕਰ ਸਕਣਗੀਆਂ ? ਇਕ ਕਿਸਾਨ ਨੇ ਕਿਹਾ ਕਿ ਜੰਗ ਦਾ ਖਤਰਾ ਸ਼ਾਇਦ ਦਹਿਸ਼ਤਪਸੰਦਾਂ ਦੇ ਖਤਰੇ ਨੂੰ ਘਟਾ ਦੇਵੇ ਪਰ ਇਹ ਤਾਂ ਕਹਾਣੀਆਂ ਨੂੰ ਰਲਾਉਣ ਵਾਂਗ ਹੈ। ਇਹ ਕਿਸਾਨ ਦਾ ਕਹਿਣਾ ਹੈ ਕਿ ਇਕ ਸ਼ਰਾਬ ਨੂੰ ਦੂਜੀ ਸ਼ਰਾਬ ਵਿਚ ਮਿਲਾਉਣ ਵਾਂਗ ਇਹ ਵੀ ਕੋਈ ਸਿਆਣਪ ਨਹੀਂ।

('ਸਟੇਟਮੈਨ' 'ਚੋਂ ਧੰਨਵਾਦ ਸਹਿਤ)

Makanji
JEWELLERS LTD.
I.S.M.M.

Largest 22Kt Gold Jewellery
Manufacturers and Retailers
In North America
Vancouver ■ Tornoto

Custom Made 22 Kt Gold Jewellery
6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

# ਤ੍ਰਿਪੁਰਾ ਵਿਚ ਗੁਰੀਲਿਆਂ ਦਾ ਸਫਾਇਆ ਕਰਨ ਲਈ ਮਾਹਰ ਦਸਤੇ

ਅਗਰਤਲਾ:ਤ੍ਰਿਪੁਰਾ ਦੀ 'ਸੁਤੰਤਰਤਾ'ਲਈ ਸੰਗਰਾਮ ਕਰ ਰਹੇ ਤ੍ਰਿਪੁਰਾ ਨੈਸ਼ਨਲ ਵਲੰਟੀਅਰਜ਼ ਨਾਂ ਦੇ ਸੰਗਠਨ ਨਾਲ ਵਧੇਰੇ ਅਸਰਦਾਇਕ ਤਰੀਕੇ ਨਾਲ ਨਜਿੱਠਣ ਲਈ ਵੱਖ ਵੱਖ ਸੁਰੱਖਿਆ ਏਜੰਸੀਆਂ ਦੇ ਨੁਮਾਇੰਦਿਆਂ ਦੀ ਇਥੇ ਹੋਈ ਹੰਗਾਮੀ ਮੀਟਿੰਗ ਦੌਰਾਨ ਨਵੇਂ ਯੁੱਧਨੀਤਕ ਪੈਂਤੜੇ ਅਖਤਿਆਰ ਕਰਨ ਦਾ ਫੈਸਲਾ ਕਰ ਲਿਆ ਗਿਆ।

ਇਸ ਗਲ ਦਾ ਪ੍ਰਗਟਾਵਾ ਅਧਿਕਾਰਤ ਪੁਲੀਸ ਸੂਤਰਾਂ ਵਲੋਂ ਕੀਤਾ ਗਿਆ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਬੇਸ਼ਕ ਜਨਵਰੀ ਦੇ ਆਖਰੀ ਹਫਤੇ ਦੌਰਾਨ ਟੀ.ਐਨ.ਵੀ.ਦਹਿਸ਼ਤਗਰਦਾਂ ਵਲੋਂ ਕੀਤੀਆਂ ਗਈਆਂ ਹਿੰਸਕ ਵਾਰਦਾਤਾਂ ਤੋਂ ਬਾਅਦ ਪਿਛਲੇ ਕੋਈ 10-12 ਦਿਨਾਂ ਤੋਂ ਉਨ੍ਹਾਂ ਅਨਸਰਾਂ ਵਲੋਂ ਕੋਈ ਹੋਰ ਹਿੰਸਕ ਘਟਨਾ ਨਹੀਂ ਕੀਤੀ ਗਈ,ਫਿਰ ਵੀ ਇਹਤਿਆਤੀ ਕਦਮਾਂ ਵਜੋਂ ਰਾਜ ਦੇ ਸਭ ਨਾਜ਼ਕ ਇਲਾਕਿਆਂ ਅਤੇ ਦੂਰ ਦੁਰਾਡੇ ਦੀਆਂ ਥਾਵਾਂ ਉਪਰ ਸੁਰੱਖਿਆ ਫੌਜਾਂ ਦਾ ਇਕ ਤਰ੍ਹਾਂ ਨਾਲ ਜਾਲ ਵਿਛਾ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ 'ਖੂੰਖਾਰ ਗੁਰੀਲਿਆਂ'ਦਾ ਸਫਾਇਆ ਕਰਨ ਲਈ ਤ੍ਰਿਪੁਰਾ ਵਿਚ ਆਸਾਮ ਰਾਈਫਲਜ਼ ਦੀ ਇਕ ਹੋਰ ਅਜਿਹੀ ਬਟਾਲੀਅਨ ਵੀ ਤਾਇਨਾਤ ਕਰ ਦਿੱਤੀ ਗਈ ਹੈ ਜਿਸਨੇ ਕਿ ਜੰਗਲੀ ਇਲਾਕਿਆਂ ਵਿਚ ਲੜਾਈ ਲੜਨ ਦੀ ਵਿਸ਼ੇਸ਼ ਤੌਰ 'ਤੇ ਟਰੇਨਿੰਗ ਹਾਸਲ ਕੀਤੀ ਹੋਈ ਹੈ। ਇਸ ਬਟਾਲੀਅਨ ਦੀਆਂ ਟੁਕੜੀਆਂ ਨੂੰ ਜ਼ਿਆਦਾ ਤਰ ਤ੍ਰਿਪੁਰਾ ਦੇ ਪੱਛਮੀ ਜ਼ਿਲੇ ਅੰਦਰ ਤਾਇਨਾਤ ਕੀਤਾ ਗਿਆ ਹੈ।

ਚੇਤੇ ਰਹੇ ਕਿ ਉਪੀ ਟਾਇਡੂ ਏਰੀਆ ਦਾ ਕੰਟਰੋਲ ਸੀ.ਆਰ.ਪੀ. ਦੇ ਹੱਥੋਂ ਪਿਛਲੇ ਸਾਲ ਹੀ ਲੈ ਕੇ ਆਸਾਮ ਰਾਈਫਲਜ਼ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਇਸੇ ਦੌਰਾਨ ਏਜੰਸੀ ਵਲੋਂ ਦਿੱਤੀ ਗਈ ਇਕ ਹੋਰ ਸੂਚਨਾ ਅਨੁਸਾਰ ਤ੍ਰਿਪੁਰਾ ਨੈਸ਼ਨਲ ਵਲੰਟੀਅਰਜ਼ ਸੰਗਅਨ ਨੇ 15 ਅਕਤੂਬਰ,1949 ਤੋਂ ਬਾਅਦ ਇਸ ਰਾਜ ਵਿਚ ਬਾਹਰੋਂ ਆ ਕੇ ਗੈਰਕਾਨੂੰਨੀ ਤਰੀਕੇ ਨਾਲ ਇਥੇ ਵਸੇ ਸਭ ਭਾਰਤੀ ਨਾਗਰਿਕਾਂ ਨੂੰ ਜਲਦੀ ਤੋਂ ਜਲਦੀ ਖੁਦ ਬਖੁਦ ਹੀ ਤ੍ਰਿਪੁਰਾ ਛੱਡ ਕੇ ਬਾਹਰ ਨਿਕਲ ਜਾਣ ਲਈ ਆਖਿਆ ਹੈ।

15 ਅਕਤੂਬਰ,1949 ਦੇ ਦਿਨ ਤ੍ਰਿਪੁਰਾ ਦੀ ਪ੍ਰਿੰਸਲੀ ਰਿਆਸਤ ਨੂੰ ਭਾਰਤੀ ਸੰਘ ਵਿਚ ਸ਼ਾਮਲ ਕੀਤਾ ਗਿਆ ਸੀ।

ਟੀ.ਐਨ.ਵੀ.ਦੇ ਪ੍ਰਧਾਨ ਬਿਜੈ ਕੁਮਾਰ ਹਰਾਂਗਖਾਵਲ ਦੇ ਦਸਤਖਤਾਂ ਹੇਠ ਵੰਡੇ ਗਏ ਇਸ਼ਤਿਹਾਰਾਂ ਵਿਚ ਅਜਿਹੇ ਨਾਗਰਿਕਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ "ਹੁਣ ਜਦੋਂ ਕਿ ਸਥਿਤੀ ਇਹ ਬਣੀ ਪਈ .ਹੈ ਕਿ ਨਾ ਹੀ ਤੁਹਾਡੀ ਸਰਕਾਰ ਅਤੇ ਨਾ ਹੀ 'ਤ੍ਰਿਪੁਰਾ ਨੈਸ਼ਨਲ ਵਾਲੰਟੀਅਰਜ਼'ਸੰਗਠਨ ਹੀ ਬਿਪਤਾ ਦੀ ਹਾਲਤ ਵਿਚ ਤੁਹਾਡੀ ਸਹਾਇਤਾ ਲਈ ਬਹੁੜਨ ਦੀ ਸਮਰੱਥਾ ਵਿਚ ਹੈ ਤਾਂ ਤੁਹਾਡੇ ਲਈ ਭਲਾ ਇਸੇ ਵਿਚ ਹੀ ਹੈ ਆਪਣਾ ਜਾਨ ਮਾਲ ਬਚਾ ਕੇ ਇਥੋਂ ਖਿਸਕ ਜਾਓ।"

# ਰਾਜਸੀ ਢਾਂਚੇ ਦਾ ਜਮਹੂਰੀਕਰਨ ਕਰਨ ਦੀ ਮੰਗ

ਜਲੰਧਰ — ਇਨਕਲਾਬੀ ਏਕਤਾ ਕੇਂਦਰ ਨੇ ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਖਿਤਿਆਂ ਵਿਚ ਫੈਲੀ ਅਸ਼ਾਂਤੀ ਦੀ ਸਮੱਸਿਆ ਨੂੰ ਤਰਕਸੰਗਤ ਤਰੀਕੇ ਨਾਲ ਹੱਲ ਕਰਨ ਲਈ ਕੇਂਦਰ ਉਪਰ ਰਾਜਾਂ ਨੂੰ ਵਧੇਰੇ ਰਾਜਸੀ, ਵਿੱਤੀ ਅਤੇ ਪ੍ਰਬੰਧਕੀ ਤਾਕਤਾਂ ਦੇ ਕੇ ਰਾਜਕੀ ਢਾਂਚੇ ਦਾ 'ਸਹੀ ਅਰਥਾਂ ਵਿਚ ਜਮਹੂਰੀਕਰਨ' ਲਈ ਅਤੇ ਦੇਸ਼ ਨੂੰ ਦਰਪੇਸ਼ ਸਭ ਭਖਦੇ ਮਸਲਿਆਂ ਨੂੰ ਆਪਸੀ ਗੱਲਬਾਤ ਰਾਹੀਂ, ਜਮਹੂਰੀ ਢੰਗ ਤਰੀਕਿਆਂ ਨਾਲ ਹੱਲ ਕਰਨ ਦਾ ਰਸਤਾ ਅਖਤਿਆਰ ਕਰਨ ਲਈ ਜ਼ੋਰ ਦਿੱਤਾ ਹੈ। ਇਸ ਗੱਲ ਦਾ ਪ੍ਰਗਟਾਵਾ ਕੇਂਦਰ ਵੱਲੋਂ ਪਿਛਲੇਰੇ ਦਿਨੀਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਕੀਤੀ ਗਈ ਕੇਂਦਰ ਵਿਚ ਸ਼ਾਮਲ ਪੰਜਾਬ ਦੇ ਵੱਖ ਵੱਖ ਇਨਕਲਾਬੀ ਗਰੁੱਪਾਂ ਦੇ ਨੁਮਾਇੰਦਿਆਂ ਦੀ ਕਨਵੈਨਸ਼ਨ ਵਲੋਂ ਜਾਰੀ ਕੀਤੇ ਆਪਣੇ 17 ਨੁਕਾਤੀ ਮੰਗ ਚਾਰਟਰ ਵਿਚ ਕੀਤਾ ਗਿਆ।

ਚਾਰਟਰ ਵਿਚ ਪੰਜਾਬ ਵਿਚ ਫਿਰਕੂ ਤਣਾਓ ਨੂੰ ਖਤਮ ਕਰਕੇ ਅਮਨ ਅਮਾਨ ਬਹਾਲ ਕਰਨ ਲਈ ਪੂਰਵ ਸ਼ਰਤਾਂ ਵਜੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਫੌਜੀ ਕਾਰਵਾਈ ਤੋਂ ਬਾਅਦ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਨੂੰ ਰਿਹਾਅ ਕੀਤੇ ਜਾਣ, ਧਾਰਮਿਕ ਭਾਵਨਾਵਾਂ ਕਾਰਨ ਬੈਰਕਾਂ ਛੱਡਣ ਵਾਲੇ ਭਗੌੜੇ ਫੌਜੀਆਂ ਨੂੰ ਮੁੜ ਬਹਾਲ ਕੀਤੇ ਜਾਣ ਅਤੇ ਕੇਂਦਰ ਸਰਕਾਰ ਦੇ ਮੈਂਬਰਾਂ ਸਮੇਤ ਨਵੰਬਰ 1984 ਦੇ 'ਭਿਆਨਕ ਦੰਗਿਆਂ' ਲਈ ਦੋਸ਼ੀ ਸਭ ਵਿਅਕਤੀਆਂ ਉਪਰ ਮੁਕੱਦਮੇ ਚਲਾ ਕੇ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੇ ਜਾਣ ਦੀ ਮੰਗ ਵੀ ਕੀਤੀ ਗਈ ਹੈ। ਕਨਵੈਨਸ਼ਨ ਦੀ ਪ੍ਰਧਾਨਗੀ ਇਨਕਲਾਬੀ ਕੇਂਦਰ ਦੇ ਕਨਵੀਨਰ ਸ੍ਰੀ ਗੁਰਸ਼ਰਨ ਸਿੰਘ ਨਾਟਕਕਾਰ ਨੇ ਕੀਤੀ।

ਮੰਗ ਚਾਰਟਰ ਵਿਚ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਦਹਿਸ਼ਤਗਰਦੀ ਵਿਰੋਧੀ ਅਤੇ ਹੋਰ ਸਾਰੇ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਲਈ ਵੀ ਆਖਿਆ ਗਿਆ ਹੈ। ਕਨਵੈਸ਼ਨ ਨੂੰ ਮਾਰਕਸੀ ਵਿਚਾਰ ਮੰਚ ਪਟਿਆਲਾ ਵਲੋਂ ਸ੍ਰੀ ਗੁਰਮੀਤ ਸਿੰਘ, ਭਾਰਤੀ ਕਮਿਊਨਿਸਟ ਪਾਰਟੀ (ਮਾਕਰਸੀ ਲੈਨਿਨੀ), ਪੂਲਾ ਰੈਡੀ ਧੜੇ ਵੱਲੋਂ ਦਰਸ਼ਨ ਖਟਕੜ, ਜੈਕਾਰਾ ਧੜੇ ਵਲੋਂ ਨਰਭਿੰਦਰ ਸਿੰਘ, ਡਾ. ਦਰਸ਼ਨਪਾਲ, ਡਾ. ਧਰਮਵੀਰ ਅਤੇ ਗੁਰਸ਼ਰਨ ਸਿੰਘ ਨਾਟਕਕਾਰ ਸਮੇਤ ਕਈ ਬੁਲਾਰਿਆਂ ਨੇ ਸੰਬੋਧਨ ਕੀਤਾ

ਲਗਪਗ ਸਭ ਬੁਲਾਰਿਆਂ ਨੇ ਰਾਜ ਵਿਚ ਬੇਗੁਨਾਹ ਵਿਅਕਤੀਆਂ — ਚਾਹੇ ਉਹ ਕਿਸੇ ਵੀ ਫਿਰਕੇ ਦੇ ਕਿਉਂ ਨਾ ਹੋਣ — ਦੀਆਂ ਅੰਨ੍ਹੇਵਾਹ ਹੱਤਿਆਵਾਂ ਦੀਆਂ ਵਾਰਦਾਤਾਂ ਦੀ ਨਿਖੇਧੀ ਕੀਤੀ। ਇਸੇ ਤਰ੍ਹਾਂ ਇਕ ਹੋਰ ਵਿਸ਼ੇਸ਼ ਮਤਾ ਪਾਸ ਕਰਕੇ ਅਤਿਵਾਦੀ ਅਤੇ ਰਾਜਸੀ ਦਹਿਸ਼ਤਗਰਦੀ ਦਾ ਵਿਰੋਧ ਕੀਤਾ ਗਿਆ ਅਤੇ ਪੰਜਾਬ ਦੇ ਸਮੂਹ ਮਿਹਨਤਕਸ਼ ਲੋਕਾਂ ਨੂੰ ਆਪਣੀਆਂ ਹਕੀਕੀ ਮੰਗਾਂ ਪੂਰੀਆਂ ਕਰਵਾਉਣ ਲਈ ਅੰਦੋਲਨ ਸ਼ੁਰੂ ਕਰਨ ਵਾਸਤੇ ਇਕ ਪਲੇਟ ਫਾਰਮ ਤੇ ਇਕੱਠੇ ਹੋਣ ਦੀ ਅਪੀਲ ਕੀਤੀ ਗਈ।

● ਕੰਮ ਕਰਨ ਵਾਲਾ ਗਲਤੀ ਵੀ ਕਰ ਸਕਦਾ ਹੈ ਪਰ ਨਿਕੰਮਾ ਆਦਮੀ ਗਲਤੀ ਨਹੀਂ ਕਰ ਸਕਦਾ'।


ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੇ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

BAINS TRAVEL SERVICE

6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ
321-4353

MANN SHOE STORE
6570 MAIN ST., VANCOUVER, B.C.



D.P. Pandia & Associates

Immigration Consultants
Serving the Community Since 1939

Ph. (604) 684-3716 or 684-8601
# 61 - 553 Granville St., Vancouver, B.C.

# ਸ਼ਹੀਦ ਚੰਨਣ ਸਿੰਘ ਧੂਤ ਦਾ ਸ਼ਰਧਾਂਜਲੀ ਸਮਾਗਮ

ਹੁਸ਼ਿਆਰਪੁਰ — ਪਿਛਲੇ ਦਿਨੀਂ ਅਤਿਵਾਦੀਆਂ ਵਲੋਂ ਸ਼ਹੀਦ ਕੀਤੇ ਗਏ ਮਾਰਕਸੀ ਕਮਿਊਨਿਸਟ ਪਾਰਟੀ ਦੇ ਨੇਤਾ ਚੰਨਣ ਸਿੰਘ ਧੂਤ ਦਾ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਧੂਤ ਵਿਚ ਕੀਤਾ ਗਿਆ ਜਿਥੇ ਹਜ਼ਾਰਾਂ ਹੀ ਲੋਕਾਂ ਨੇ ਵਿਛੜੇ ਨੇਤਾ ਨੂੰ ਸ਼ਰਧਾਂਜਲੀ ਅਰਪਣ ਕੀਤੀ।

ਸੀ. ਪੀ. ਐਮ. ਨੇਤਾ ਕਾਮਰੇਡ ਸੁਰਜੀਤ ਨੇ ਸ਼ਰਧਾਂਜਲੀ ਸਮਾਗਮ ਸਮੇਂ ਕਿਹਾ ਕਿ ਅਤਿਵਾਦੀਆਂ ਦੇ ਪੈਰ ਜਨਤਕ ਸਮਾਗਮਾਂ ਦੀ ਹਾਜ਼ਰੀ ਦੇਖ ਕੇ ਥਿੜਕ ਗਏ ਹਨ। ਉਨ੍ਹਾਂ ਨੇ ਕਿਹਾ ਕਿ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਵਿਚ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਇਹ ਸਾਬਤ ਕਰ ਦਿਤਾ ਹੈ ਕਿ ਅਤਿਵਾਦੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ ਅਤੇ ਬੁਖਲਾਏ ਹੋਏ ਕਤਲ ਕਰ ਰਹੇ ਹਨ। ਯਾਦ ਰਹੇ ਕਿ ਕਾ: ਚੰਨਣ ਸਿੰਘ ਧੂਤ ਨੇ ਵੀ ਪਿਛਲੇਰੇ ਹਫਤੇ ਜਲੰਧਰ ਸਮਾਗਮ ਵਿਚ ਭਾਸ਼ਨ ਦਿਤਾ ਸੀ ਅਤੇ ਅਤਿਵਾਦੀ ਕਾਰਵਾਈਆਂ ਕਰਨ ਵਾਲਿਆਂ ਦੇ ਪੜਛੇ ਲਾਹੇ ਸਨ ਬੁਖਲਾ ਕੇ ਅਤਿਵਾਦੀਆਂ ਨੇ ਉਨ੍ਹਾਂ ਦਾ ਕਤਲ ਕਰ ਦਿੱਤਾ।

ਯਾਦ ਰਹੇ ਕਿ ਇਸ ਸਮੇਂ ਦੋਵਾਂ ਕਮਿਊਨਿਸਟ ਪਾਰਟੀਆਂ, ਭਾਰਤੀ ਜਨਤਾ ਪਾਰਟੀ, ਰੀਪਬਲਿਕਨ ਪਾਰਟੀ, ਸ਼੍ਰੋਮਣੀ ਅਕਾਲੀ ਦਲ ਵਲੋਂ ਜ਼ਿਲਾ ਪੱਧਰ ਦੇ ਸਾਂਝੇ ਜਲਸੇ ਜਾਰੀ ਹਨ।

# ਮਾਰਕੋਜ਼ ਦੀ ਹਾਲਤ ਤਰਸਯੋਗ

ਹੋਨੋਲੂਲੂ — ਫਿਲਪਾਈਨ ਦਾ ਸਾਬਕ ਪ੍ਰਧਾਨ ਫਰਡੀਕੰਡ ਮਾਰਕੋਜ਼ ਇਸ ਵੇਲੇ ਹੋਨੋਲੂਲੂ ਵਿਖੇ ਬੜੇ ਔਖੇ ਦਿਨ ਕੱਟ ਰਿਹਾ ਹੈ।

ਫਿਲਪਾਈਨ 'ਚ ਆਏ ਰਾਜ ਪਲਟੇ ਦੀ ਪਹਿਲੀ ਵਰੇ ਗੰਢ ਦੇ ਸਬੰਧ 'ਚ ਬੋਲਦਿਆਂ ਮਾਰਕੋਜ਼ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜਾ ਤਰਸਯੋਗ ਵਿਅਕਤੀ ਸਮਝਦਾ ਹੈ ਕਿਉਂਕਿ ਉਸ ਨੂੰ ਆਪਣੇ ਮਿਤਰਾਂ ਦੀ ਮਿਹਰ 'ਤੇ ਰਹਿਣਾ ਪੈ ਰਿਹਾ ਹੈ। ਫਿਲਪਾਈਨ 'ਚ ਕਰਾਜੋਨ ਅਕੀਨੋ ਦੇ ਹੱਕ 'ਚ ਲਹਿਰ ਉਠ ਪੈਣ 'ਤੇ ਮਾਰਕੋਜ਼ ਨੂੰ ਫਿਲਪਾਈਨ ਛੱਡ ਕੇ ਦੌੜਨਾ ਪੈ ਗਿਆ ਸੀ। ਮਾਰਕੋਜ਼ ਤੇ ਦੋਸ਼ ਸੀ ਕਿ ਉਹ ਅਰਬਾਂ ਡਾਲਰ ਫਿਲਪਾਈਨ 'ਚੋਂ ਬਾਹਰ ਲੈ ਗਿਆ।

ਮਾਰਕੋਜ਼ ਅਤੇ ਉਸਦੀ ਪਤਨੀ ਇਮਲੀਡਾ ਹੋਨੋਲੂਲੂ 'ਚ ਇਕ ਖੂਬਸੂਰਤ ਚਾਰ ਬੈਡ ਰੂਮ ਦੇ ਘਰ 'ਚ ਰਹਿ ਰਹੇ ਹਨ। ਇਸ ਘਰ 'ਚੋਂ ਹੋਨੋਲੂਲੂ ਦੇ ਕੁਦਰਤੀ ਨਜ਼ਾਰੇ ਦੇਖਣ ਨੂੰ ਮਿਲਦੇ ਹਨ ਅਤੇ ਇਸ ਵਿਚ ਵੱਡਾ ਸਾਰਾ ਸਵਿੰਮਿਗ ਪੂਲ ਬਣਿਆ ਹੋਇਆ ਹੈ।

ਪਰ ਮਾਰਕੋਜ਼ ਦਾ ਇਥੇ ਦਿਲ ਨਹੀਂ ਲੱਗ ਰਿਹਾ। ਉਸ ਨੂੰ ਆਪਣੀ ਰਾਜਸ਼ਾਹੀ ਦੇ ਪੁਰਾਣੇ ਦਿਨ ਯਾਦ ਆ ਰਹੇ ਹਨ। ਮਾਰਕੋਜ਼ ਦਾ ਕਹਿਣਾ ਹੈ "ਮੇਰਾ ਸਰੀਰ ਭਾਵੇਂ ਇਥੇ ਹੋਨੋਲੂਲੂ 'ਚ ਹੈ ਪਰ ਮੇਰਾ ਦਿਲ ਅਤੇ ਆਤਮਾ ਫਿਲਪਾਈਨੀ ਲੋਕਾਂ 'ਚ ਵਸਦੇ ਹਨ।"

ਮਾਰਕੋਜ਼ ਦਾ ਕਹਿਣਾ ਹੈ ਕਿ ਉਸ ਦੀ ਮਾਲੀ ਹਾਲਤ ਬੜੀ ਕਮਜ਼ੋਰ ਹੈ। ਉਹ ਕਹਿੰਦਾ ਹੈ "ਅਸਲੀਅਤ 'ਚ ਜੇ ਸੱਚ ਬੋਲੀਏ ਤਾਂ ਮੇਰੀ ਹਾਲਤ ਮੰਗਤਿਆਂ ਵਰਗੀ ਹੈ। ਇਕ ਸਾਬਕ ਪ੍ਰਧਾਨ ਅਤੇ ਦੇਸ਼ ਦੀ ਫਸਟ ਲੇਡੀ ਨੂੰ ਆਪਣੀ ਜ਼ਿੰਦਗੀ ਗੁਜ਼ਾਰਨ ਲਈ ਕਾਫੀ ਫੰਡ ਮਿਲਣੇ ਚਾਹੀਦੇ ਹਨ।"

ਮਾਰਕੋਜ਼ ਅਨੁਸਾਰ ਇਸ ਘਰ ਦਾ ਕਿਰਾਇਆ ਉਸ ਦਾ ਇਕ ਦੋਸਤ ਦੇ ਰਿਹਾ ਹੈ। ਇਧਰ ਮਾਰਕੋਜ਼ ਆਪਣੀ ਤਰਸਯੋਗ ਹਾਲਤ ਦਾ ਜ਼ਿਕਰ ਕਰ ਰਿਹਾ ਹੈ ਉਧਰ ਫਿਲਪਾਈਨ ਸਰਕਾਰ ਉਸ ਤੋਂ ਦੇਸ਼ ਦੇ ਅਰਬਾਂ ਡਾਲਰ ਵਾਪਸ ਲੈਣ ਬਾਰੇ ਸੋਚ ਰਹੀ ਹੈ।

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

# ਦੂਸਰੇ ਰਾਜਾਂ ਤੋਂ ਸਿੱਖਾਂ ਦਾ ਨਿਕਾਸ ਵਧਿਆ

ਜਲੰਧਰ — ਮੁਲਕ ਵਿਚ ਵਸ ਰਹੇ ਸਿੱਖ ਜਿ ਵੀ ਹਨ, ਆਪਣੇ ਆਪ ਨੂੰ ਸੁਰੱਖਿਅਤ ਨਹੀਂ ਮਹਿਸੂਸ ਕਰ ਰਹੇ। ਉਨ੍ਹਾਂ ਦੀਆਂ ਜ਼ਮੀਨਾਂ ਤੇ ਕਾਰੋਬਾਰ ਮੁਕੰਮਲ ਤੌਰ 'ਤੇ ਵਿੱਕਰੀ ਲਈ ਤਿਆਰ ਹਨ ਅਤੇ ਪੰਜਾਬ ਵੱਲ ਹਿਜਰਤ ਕਰਨ ਦੀ ਤਿਆਰੀ ਵਿਚ ਹਨ। ਮੱਧ ਪ੍ਰਦੇਸ਼, ਉਤਰ ਪ੍ਰਦੇਸ਼ ਤੇ ਬੰਬਈ ਤੋਂ ਇਥੇ ਪਰਤੇ ਕੁਝ ਸਿੱਖਾਂ ਨੇ ਦੱਸਿਆ ਕਿ ਦੂਸਰੇ ਰਾਜਾਂ ਵਿਚ ਕੋਈ ਵੀ ਸਿੱਖ ਰਹਿਣ ਲਈ ਤਿਆਰ ਨਹੀਂ ਕਿਉਂਕਿ ਉਨ੍ਹਾਂ ਦੀ ਸੁਣਵਾਈ ਕੋਈ ਨਹੀਂ ਹੈ। ਇਸ ਲਈ ਉਹ ਆਪਣੀਆਂ ਜਾਇਦਾਦਾਂ ਸਸਤੇ ਭਾਅ 'ਤੇ ਵੇਚ ਕੇ ਪੰਜਾਬ ਵੱਲ ਆ ਰਹੇ ਹਨ। ਸਿੱਖ ਦੰਗਾਪੀੜਤ ਪਹਿਲਾਂ ਹੀ ਸੈਂਕੜਿਆਂ ਦੀ ਗਿਣਤੀ ਵਿਚ ਹਨ ਜੋ ਮੁਸੀਬਤਾਂ ਦੇ ਝੱਖੜਾਂ ਵਿਚ ਚੱਲ ਰਹੇ ਹਨ।

# ਅਜੇ ਮਨ ਨਹੀਂਓਂ ਮੰਨਦਾ

ਬਟਾਲਾ — ਪਰਿਵਾਰ ਨਿਯੋਜਨ ਦੇ ਇਕ 'ਪ੍ਰੇਰਕ' (ਮੋਟੀਵੇਟਰ) ਨੂੰ ਇਕ ਅਜਿਹਾ ਵਿਅਕਤੀ 'ਝਕਾਨੀ' ਦੇ ਕੇ ਖਿਸਕਣ ਵਿਚ ਕਾਮਯਾਬ ਹੋ ਗਿਆ ਜੋ ਕਿ 14 ਬੱਚਿਆਂ (9 ਲੜਕੇ, 5 ਲੜਕੀਆਂ) ਦਾ ਬਾਪ ਹੈ ਅਤੇ ਉਸ ਨੂੰ 'ਪ੍ਰੇਰਕ' ਨੇ ਕਈ ਦਿਨ ਲਗਾਤਾਰ ਬੜੀ ਮਿਹਨਤ ਕਰ ਕੇ ਨਸਬੰਦੀ ਅਪਰੇਸ਼ਨ ਲਈ ਪਰੇਰਿਆ ਸੀ। ਪ੍ਰਾਪਤ ਸੂਚਨਾ ਅਨੁਸਾਰ 14 ਬੱਚਿਆਂ ਦੇ ਬਾਪ ਨੂੰ 'ਪ੍ਰੇਰਕ' ਜਦ ਉਸ ਦੇ ਪਿੰਡੋਂ ਸਥਾਨਕ ਹਸਪਤਾਲ ਲਿਆ ਰਿਹਾ ਸੀ ਤਾਂ ਹਸਪਤਾਲ ਤੋਂ ਸੌ ਕੁ ਗਜ਼ ਉਰੇ ਉਸ ਦਾ ਮਨ ਬਦਲ ਗਿਆ ਅਤੇ ਉਹ ਬਹਾਨਾ ਬਣਾ ਕੇ 'ਖਿਸਕ' ਗਿਆ।

ਚਮਨ 48 ਸਾਲ ਦਾ ਹੈ ਅਤੇ ਉਸ ਦੀ ਸਿਹਤ ਬਹੁਤ ਵਧੀਆ ਹੈ ਉਸ ਦੀ ਸ਼ਾਦੀ 26 ਸਾਲ ਪਹਿਲਾਂ ਬੰਤੀ ਨਾਲ ਹੋਈ ਸੀ। ਉਨ੍ਹਾਂ ਦੇ 17 ਬੱਚੇ ਹੋਏ ਸਨ ਜਿਨ੍ਹਾਂ ਵਿਚੋਂ ਤਿੰਨ ਬੱਚੇ ਮਰ ਗਏ ਸਨ ਜਦੋਂ ਕਿ 14 ਬੱਚੇ ਠੀਕ ਠਾਕ ਹਨ। ਉਹ ਸਾਇਕਲ ਉਤੇ ਪਲਾਸਟਿਕ ਦੀਆਂ ਜੁੱਤੀਆਂ ਅਤੇ ਹੋਰ ਵਸਤਾਂ ਦੀ ਪਿੰਡਾਂ ਵਿਚ ਫੇਰੀ ਲਾਉਂਦਾ ਹੈ ਉਸ ਦੇ 14 ਬੱਚਿਆਂ 'ਚੋਂ ਸਿਰਫ ਤਿੰਨ ਬੱਚਿਆਂ ਨੇ ਸਕੂਲ ਦਾ ਮੂੰਹ ਵੇਖਿਆ ਹੈ।

# ਅਬੂਧਾਬੀ 'ਚ ਬਰਫ਼ ਪਈ

ਅਬੂਧਾਬੀ - ਅਬੂਧਾਬੀ ਤੋਂ 160 ਕਿਲੋਮੀਟਰ ਦੂਰ ਪੂਰਬ 'ਚ ਵਸਦੇ ਸ਼ਹਿਰ ਅਲ ਅੀਨ ਦੇ ਨਿਵਾਸੀਆਂ ਦੀ ਉਦੋਂ ਖੁਸ਼ੀ ਦੀ ਹੱਦ ਨਾ ਰਹੀ ਜਦੋਂ ਮੀਂਹ ਨੂੰ ਤਰਸਦਿਆਂ ਨੂੰ ਬਰਫ ਪੈਂਦੀ ਦੇਖਣ ਨੂੰ ਮਿਲੀ।

ਇਸ ਸ਼ਹਿਰ ਦੇ ਨਿਵਾਸੀਆਂ ਨੇ 45 ਸੈਂਟੀਮੀਟਰ ਤੱਕ ਬਰਫ ਪਈ ਦੇਖੀ। ਗਰਮੀ ਨਾਲ ਮਾਰੇ ਅਰਬ ਇਲਾਕੇ 'ਚ ਇਹ ਪਹਿਲੀ ਵਾਰ ਹੋਇਆ ਹੈ ਜਦ ਬਰਫ ਪਈ ਹੈ।

ਕੁਝ ਲੋਕਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਬਰਫਬਾਰੀ ਹੈ। ਇਥੋਂ ਦੇ ਇਕ ਅਖਬਾਰ ਨੇ ਇਕ ਵਿਅਕਤੀ ਦੀ ਫੋਟੋ ਛਾਪੀ ਜਿਸ ਨੇ ਹੱਥ ਵਿਚ 'ਸਨੋਬਾਲ' ਫੜਿਆ ਹੋਇਆ ਸੀ।

ਇਕ ਵਿਅਕਤੀ ਸਫੀਕ ਸਾਰਕਿਸ ਦਾ ਕਹਿਣਾ ਹੈ ਕਿ ਇਹ ਬਰਫ ਚਾਰ ਘੰਟੇ ਤੱਕ ਪਈ ਰਹੀ।

# ਬਲਿਯੂ ਫ਼ਿਲਮਾਂ ਦੀ ਸ਼ੂਟਿੰਗ ਐਮ. ਐਲ. ਏ. ਹੋਸਟਲ ਵਿਚ

ਨਾਗਪੁਰ:ਇਥੋਂ ਦੇ ਐਮ.ਐਲ.ਏ.ਹੋਸਟਲ ਵਿਚ ਬਲਿਯੂ ਫਿਲਮਾਂ ਦੀ ਸ਼ੂਟਿੰਗ ਕੀਤੇ ਜਾਣ ਦਾ ਪਤਾ ਲਗਾ ਹੈ। ਦਿੱਲੀ ਤੋਂ ਛਪਦੇ ਇਕ ਹਫਤਾਵਾਰ ਹਿੰਦੀ ਅਖਬਾਰ ਨੇ ਛਾਪੀ ਇਕ ਰਿਪੋਰਟ ਵਿਚ ਦਸਿਆ ਹੈ ਕਿ ਪਿਛਲੇ ਦੋ ਸਾਲਾਂ ਵਿਚ ਲੱਗਪੱਗ ਅੱਧੀ ਦਰਜਨ ਬਲਿਯੂ ਫਿਲਮਾਂ ਦੀ ਸ਼ੂਟਿੰਗ ਨਾਗਪੁਰ ਦੇ ਐਮ.ਐਲ.ਏ.ਹੋਸਟਲ ਵਿਚ ਹੋਈ। ਇਨ੍ਹਾਂ ਵਿਚੋਂ ਤਿੰਨ ਬਲਿਯੂ ਫਿਲਮਾਂ ਦੀਆਂ ਕੈਸੇਟਾਂ ਨਾਗਪੁਰ ਵਿਚੋਂ ਆਮ ਮਿਲ ਜਾਂਦੀਆਂ ਹਨ। ਇਨ੍ਹਾਂ ਵਿਚੋਂ ਇਕ ਫਿਲਮ ਦੇ ਡਾਇਲਾਗ ਮਰਾਠੀ ਵਿਚ ਹਨ,ਇਹ ਏਨੇ ਅਸਪਸ਼ਟ ਹਨ ਕਿ ਪਤਾ ਹੀ ਨਹੀਂ ਲਗਦਾ ਕਿ ਪਾਤਰ ਕੀ ਕਹਿ ਰਿਹਾ ਹੈ। ਉਕਤ ਤਿੰਨਾਂ ਬਲਿਯੂ ਫਿਲਮਾਂ ਵਿਚ ਵੇਸਵਾਵਾਂ ਨੇ ਕੰਮ ਕੀਤਾ ਹੈ। ਇਨ੍ਹਾਂ ਵਿਚ ਸੰਭੋਗ ਦੇ ਘ੍ਰਿਣਤ ਦ੍ਰਿਸ਼ ਹਨ। ਮਰਾਠੀ ਬਲਿਯੂ ਫਿਲਮ ਵਿਚ ਗੰਗਾ ਜਮਨਾ ਮੁਹੱਲੇ ਦੀ ਇਕ ਵੇਸਵਾ ਨੇ ਕੰਮ ਕੀਤਾ ਹੈ ਜਿਸਦਾ ਨਾਂਅ ਸ਼ੋਭਾ ਹੈ। ਇਹ ਕੈਸੇਟ 1984 ਵਿਚ ਬਣੀ ਸੀ ਤੇ ਅੱਜ ਵੀ ਧੜਾ ਧੜ ਵਿਕ ਰਹੀ ਹੈ। ਐਮ.ਐਲ.ਏ.ਹੋਸਟਲ ਵਿਚ ਬਣੀ ਦੂਜੀ ਬਲਿਯੂ ਫਿਲਮ ਵਿਚ ਕੰਮ ਕਰਨ ਵਾਲੀ ਵੇਸਵਾ ਦਾ ਨਾਂਅ ਲਤਾ ਦੱਸਿਆ ਗਿਆ ਹੈ। ਪੰਚ ਪਾਵਤੀ ਇਕ ਬਦਨਾਮ 'ਆਂਟੀ' ਉਸਦੀ ਦਲਾਲ ਦਸੀ ਗਈ ਹੈ ਜਿਸਦਾ ਲੱਖ ਕੋਸ਼ਿਸ਼ ਤੋਂ ਬਾਦ ਵੀ ਸਿਰਨਾਵਾਂ ਪਤਾ ਨਹੀਂ ਲੱਗ ਸਕਿਆ। ਲਤਾ ਪਹਿਲਾਂ ਇਕ ਬਿਊਟੀ ਪਾਰਲਰ ਵਿਚ ਕੰਮ ਕਰਦੀ ਸੀ ਪਰ ਗਰੀਬੀ ਕਾਰਣ ਉਸਨੂੰ ਜਿਸਮ ਦਾ ਧੰਦਾ ਕਰਨ ਤੇ ਮਜ਼ਬੂਰ ਹੋਣਾ ਪਿਆ। ਫਿਲਮ ਦੇਖਣ ਤੋਂ ਪਤਾ ਲਗਦਾ ਹੈ ਕਿ ਬਲਿਯੂ ਫਿਲਮ ਦੀ ਸ਼ੂਟਿੰਗ ਸਮੇਂ ਲਤਾ ਤੇ ਉਸਦੇ ਨਾਲ ਦੇ ਆਦਮੀ ਨੂੰ ਨਸ਼ੇ ਵਿਚ ਰੱਖਿਆ ਗਿਆ। ਭਾਵੇਂ ਕਿ ਇਸ ਗੱਲ ਦਾ ਬੜਾ ਖਿਆਲ ਰੱਖਿਆ ਗਿਆ ਹੈ ਕਿ ਇਹ ਪਤਾ ਨਾ ਲੱਗੇ ਕਿ ਐਮ.ਐਲ.ਏ.ਹੋਸਟਲ ਦਾ ਕਮਰਾ ਹੈ ਪਰ ਬਲਿਯੂ ਫਿਲਮਾਂ ਦਾ ਪਹਿਲਾ ਹੀ ਦ੍ਰਿਸ਼ ਪੋਲ ਖੋਹਲ ਦਿੰਦਾ ਹੈ। ਜਦੋਂ ਲਤਾ ਦਰਵਾਜ਼ੇ ਖੜਕਾਏ ਜਾਣ ਤੇ ਉਠਕੇ ਝੂਮਦੀ ਹੋਈ ਦਰਵਾਜ਼ੇ ਵੱਲ ਜਾਂਦੀ ਹੈ ਅਤੇ ਕੈਮਰਾ ਸਾਰੇ ਕਮਰੇ ਚ ਘੁੰਮਦਾ ਹੈ। ਸ਼ਹਿਰ ਚ ਮਿਲਦੀ ਤੀਜੀ ਤੇ ਨਵੀਂ ਬਲਿਯੂ ਫਿਲਮ 'ਚ ਕੰਮ ਕਰਨ ਵਾਲੀ ਮੁਟਿਆਰ ਦਾ ਨਾਮ ਸੀਮਾ ਠਾਕਰ ਦਸਿਆ ਗਿਆ ਹੈ ਸੀਮਾ ਭੋਲੀ ਭਾਲੀ ਖੂਬਸੂਰਤ ਕੁੜੀ ਸੀ। ਅਮੀਰ ਬਨਣ ਦਾ ਲਾਲਚ ਉਸਨੂੰ ਦੇਹ ਵੇਚਣ ਦੇ ਧੰਦੇ ਵੱਲ ਲੈ ਆਇਆ। ਦਸਿਆ ਗਿਆ ਹੈ ਕਿ ਉਸਦੀ ਵੱਡੀ ਭੈਣ ਵੀ ਇਹੋ ਧੰਦਾ ਕਰਨ ਲੱਗ ਪਈ ਹੈ।

ਖ਼ਾਕ ਤੇ ਖ਼ੁਸ਼ਬੂ ਵਿਚਾਲੇ ਪੰਧ ਲੰਮਾ ਹੈ ਬੜਾ,
ਕੰਡਿਆਂ ਦੀ ਨੋਕ 'ਤੇ ਤੁਲ ਕੇ
ਜਦੋਂ ਠੀਕਰ ਹੈ ਕੋਈ ਫੁੱਲ ਤਾਈਂ ਪਹੁੰਚਦਾ,
ਮਹਿਕ ਓਦੋਂ ਤੱਕ ਨਵੇਂ ਆਕਾਸ਼ ਛੋਹ ਲੈਂਦੀ ਸਦਾ।

ਸੁਪਰ ਫੋਟੋ ਸਟੂਡੀਓ
Passport Photos 5 Mins. Service
Quality Portraits
Our Bussiness Weddings

Super Photo Studio
9375 - 120th St. (Scott Rd.) Delta
Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ
Off. 589-4668
Res. 596-3770

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473




# ਅਮੀਰ ਭਵਿੱਖ ਦੀ ਜ਼ਮਾਨਤ-ਵਿਉਂਤਬੰਦ ਬਚਤ

ਰੇਡੀਓ ਪਰੋਗਰਾਮ 'ਸਮੇਂ ਦੀ ਆਵਾਜ਼'ਦੇ ਸੰਚਾਲਕ ਸ੍ਰੀ ਚਰਨ ਪਾਲ ਗਿੱਲ ਦੀ ਗੱਲਬਾਤ ਗੁਰਚਰਨ ਰਾਮਪੁਰੀ ਨਾਲ

**ਚਰਨਪਾਲ** ਗਿੱਲ:ਅਸੀਂ ਆਪਦੀ ਮੁਲਾਕਾਤ ਇਕ ਅਜਿਹੇ ਸੱਜਣ ਨਾਲ ਕਰਾਣ ਦੀ ਖੁਸ਼ੀ ਲੈ ਰਹੇ ਹਾਂ ਜਿਸਨੂੰ ਤੁਸੀਂ ਇੱਕ ਪੰਜਾਬੀ ਕਵੀ ਹੋਣ ਦੇ ਨਾਤੇ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਪਰ ਅੱਜ ਗੁਰਚਰਨ ਰਾਮਪੁਰੀ ਹੋਰੀਂ ਲੋਕ-ਜੀਵਨ ਦੇ ਇਕ ਹੋਰ ਪੱਖ ਬਾਰੇ ਕੁਝ ਗੱਲਾਂ ਆਪ ਨਾਲ ਕਰਨ ਲਈ ਸਾਡੇ ਸਟੂਡੀਓ ਆਏ ਹਨ । ਸਾਡੇ ਜੀਵਨ ਦਾ ਉਹ ਪੱਖ ਹੈ: Finanical Planning ਅਰਥਾਤ 'ਮਾਇਕ ਵਿਉਂਤਬੰਦੀ । ਰਾਮਪੁਰੀ ਜੀ! 'ਸਮੇਂ ਦੀ ਆਵਾਜ਼' ਵਲੋਂ ਅਸੀਂ ਆਪ ਨੂੰ ਜੀ ਆਇਆਂ ਆਖਦੇ ਹਾਂ ਇਹ ਦੱਸੋ ਕਿ ਮਾਇਕ ਵਿਉਂਤਬੰਦੀ ਦੇ ਅਰਥ ਕੀ ਹਨ ?

**ਜਵਾਬ**:ਗਿੱਲ ਸਾਹਿਬ!ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਆਪ ਮੈਨੂੰ 'ਸਮੇਂ ਦੀ ਆਵਾਜ਼' ਰਾਹੀਂ ਆਪਣੇ ਲੋਕਾਂ ਤੱਕ ਪਹੁੰਚਣ ਦਾ ਮੌਕਾ ਦੇ ਰਹੇ ਹੋ । ਮਾਇਕ ਵਿਉਂਤਬੰਦੀ ਦਾ ਭਾਵ ਹੈ ਅਜੇਹੀ ਵਿਉਂਤ ਬਨਾਉਣਾ ਜਿਸ ਨਾਲ ਹੁਣ ਆਪਦੇ ਜੀਵਨ ਵਿਚ ਨਿੱਤ ਦੀਆਂ ਲੋੜਾਂ ਲਈ ਮਾਇਆ ਦੀ ਥੁੜ੍ਹ ਨਾ ਹੋਵੇ ਅਤੇ ਤੁਸੀਂ ਆਪਣੇ ਚੰਗੇ ਅਤੇ ਸੁਖੀ ਭਵਿੱਖ ਲਈ ਵੀ ਹੁਣ ਤੋਂ ਹੀ ਲੋੜੀਂਦੇ ਕਦਮ ਚੁੱਕ ਸਕੋ । ਖਾਸਕਰ ਤੁਹਾਡੇ ਰੀਟਾਇਰਮੈਂਟ ਦੇ ਦਿਹਾੜੇ ਵੀ ਚੰਗੇ ਅਤੇ ਬਹੁਲਤਾ ਵਾਲੇ ਲੰਘਣ ।

**ਸਵਾਲ**:ਅਜੇਹੀ ਵਿਉਂਤਬੰਦੀ ਦੇ ਮੂਲ ਤੱਤ ਕੀ ਹਨ ?

**ਜਵਾਬ**:ਘੱਟ ਤੋਂ ਘੱਟ ਟੈਕਸ ਦੇਣੇ ਪੈਣ ਅਤੇ ਇਸ ਤਰ੍ਹਾਂ ਹੋਈ ਬੱਚਤ ਦਾ ਅਜੇਹਾ ਵਾਧਾ ਹੋਵੇ ਜਿਸ ਉਤੇ ਟੈਕਸ ਨਾ ਦੇਣਾ ਪਵੇ ਜਾਂ ਘੱਟ ਦੇਣਾ ਪਵੇ।

**ਸਵਾਲ**:ਕਹਾਵਤ ਹੈ ਕਿ ਇਸ ਜੀਵਨ ਵਿਚ ਕੇਵਲ ਦੋ ਗੱਲਾਂ ਦਾ ਭਰੋਸਾ ਕੀਤਾ ਜਾ ਸਕਦਾ ਹੈ। ਇੱਕ ਟੈਕਸ ਅਤੇ ਦੂਜੀ ਮੌਤ। ਇਨ੍ਹਾਂ ਤੋਂ ਕਿਵੇਂ ਛੁਟਕਾਰਾ ਨਹੀਂ । ਇਸ ਹਾਲਤ ਵਿਚ ਤਨਖਾਹ ਵਾਲਾ ਬੰਦਾ ਕੀ ਕਰ ਸਕਦਾ ਹੈ?

**ਜਵਾਬ**:ਚਰਨਪਾਲ ਜੀ! ਗੱਲ ਤੁਹਾਡੀ ਸੋਲਾਂ ਆਨੇ ਸੱਚ ਹੈ । ਮੌਤ ਦਾ ਤਾਂ ਕੋਈ ਦਾਰੂ ਨਹੀਂ। ਸਾਲ ਵਿਚ ਕੀਤੀ ਕਮਾਈ 'ਚੋਂ ਲੱਗਪੱਗ ਪੰਜ ਤੋਂ ਛੇ ਮਹੀਨੇ ਦੀ ਸਾਡੀ ਕਮਾਈ ਵੀ ਅਨੇਕਾਂ ਕਿਸਮ ਦੇ ਟੈਕਸਾਂ ਰਾਹੀਂ ਸਰਕਾਰ ਦੀ ਝੋਲੀ ਵਿਚ ਜਾ ਪੈਂਦੀ ਹੈ। ਪਰ ਫਿਰ ਵੀ ਕੁਝ ਕਾਨੂੰਨੀ ਰਾਹ ਹਨ ਜਿਨ੍ਹਾਂ ਰਾਹੀਂ ਟੈਕਸ ਘਟਾਏ ਜਾ ਸਕਦੇ ਹਨ।

**ਸਵਾਲ**:ਅਜੇਹੇ ਰਾਹ ਕਿਹੜੇ ਹਨ?

**ਜਵਾਬ**:ਇਨਕਮਟੈਕਸ ਘੱਟ ਦੇਣ ਲਈ ਸਭ ਤੋਂ ਸਿੱਧਾ ਰਾਹ ਹੈRSP ਭਾਵ ਰਿਟਾਇਰਮੈਂਟ ਸੇਵਿੰਗ ਪਲੈਨ ਵਿਚ ਹਰ ਸਾਲ ਕਾਨੂੰਨ ਅਨੁਸਾਰ ਆਪਣੀ ਆਮਦਨੀ ਦਾ 20 ਪ੍ਰਤੀਸ਼ਤ ਜਮ੍ਹਾਂ ਕਰਵਾਉਣਾ ਅਤੇ ਉਸ ਉਤੇ ਹੁਣ ਟੈਕਸ ਨਾ ਦੇਣਾ । ਇਸ ਤਰ੍ਹਾਂ ਜੇ ਤੁਹਾਡੇ ਰੀਟਾਇਰ ਹੋਣ ਵਿਚ 30 ਸਾਲ ਪਏ ਹਨ ਤਾਂ ਟੈਕਸ ਦੀ ਬਚੀ ਉਹ ਰਕਮ ਤੁਹਾਡੇ ਲਈ ਲੰਮਾ ਸਮਾਂ ਕੰਮ ਕਰਦੀ ਰਹੇਗੀ ਅਤੇ ਤੁਹਾਡੀ ਘੱਟ ਆਮਦਨੀ ਅਤੇ ਲੋੜ ਦੇ ਸਮੇਂ ਲਈ ਵਧਦੀ ਰਹੇਗੀ ।

**ਸਵਾਲ**:ਗੱਲ ਤਾਂ ਤੁਹਾਡੀ ਠੀਕ ਹੈ ਪਰ ਇਸ ਸਾਲ ਕਿੰਨੀ ਕੁ ਰਕਮ ਇਕੱਠੀ ਹੋ ਸਕਦੀ ਹੈ?

**ਜਵਾਬ**:ਮੰਨ ਲਓ ਕਿ ਤੁਹਾਡੀ ਔਸਤ ਆਮਦਨੀ $20000 ਸਾਲਾਨਾ ਹੈ ਸੋ ਜੇ ਆਪ ਇਸਦਾ 20 ਪ੍ਰਤੀਸ਼ਤ ਭਾਵ $4000 ਹਰ ਸਾਲ ਆਪਣੀ ਪਲੈਨ ਵਿਚ ਜਮ੍ਹਾਂ ਕਰਾਉਂਦੇ ਰਹੋ ਅਤੇ ਉਸ ਉਤੇ ਆਪਨੂੰ ਚੰਗਾ ਸੂਦ ਜਾਂ ਨਫਾ ਹੁੰਦਾ ਹੋਵੇ ਤਾਂ ਨਤੀਜੇ ਹੈਰਾਨ ਕਰਨ ਵਾਲੇ ਨਿਕਲ ਸਕਦੇ ਹਨ । ਇਸ $4000 ਵਿਚ ਲੱਗਪੱਗ $1500 ਟੈਕਸ ਦੀ ਬੱਚਤ ਹੋ ਜਾਵੇਗੀ । ਤੁਸੀਂ ਆਪਣੇ ਕੋਲੋਂ ਸਿਰਫ $2500 ਪਾਓਗੇ ।

**ਸਵਾਲ**:ਕੀ ਤੁਸੀਂ ਇਸ ਤਰ੍ਹਾਂ ਇਕੱਠੀ ਹੋਣ ਵਾਲੀ ਰਕਮ ਦਾ ਕੋਈ ਅੰਦਾਜ਼ਾ ਦੇ ਸਕਦੇ ਹੋ?

**ਜਵਾਬ**:ਜੇ ਤੁਸੀਂ $1000 ਹਰ ਸਾਲ ਦੇ ਸ਼ੁਰੂ ਵਿਚ 30 ਸਾਲ ਜਮ੍ਹਾਂ ਕਰਾਉਂਦੇ ਰਹੋ ਅਤੇ ਉਸ ਉਤੇ 10 ਪ੍ਰਤੀਸ਼ਤ ਸਾਲਾਨਾ ਨਫਾ ਹੁੰਦਾ ਹੋਵੇ ਤਾਂ ਤੁਹਾਡੇ ਖਾਤੇ ਵਿਚ ਅਖੀਰ ਉਤੇ $180943 ਹੋਣਗੇ ਹਾਲਾਂਕਿ ਕੋਲੋਂ ਤੁਸੀਂ ਕੇਵਲ $30000 ਡਾਲਰ ਹੀ ਪਾਏ ਹਨ

ਪਰ ਜੇ ਨਫਾ 15 ਪ੍ਰਤੀਸ਼ਤ ਹੋਵੇ ਤਾਂ ਜਮ੍ਹਾਂ ਹੋਈ ਰਕਮ ਦਾ ਜੋੜ $499957 (ਭਾਵ ਲੱਗਪੱਗ 5 ਲੱਖ ਡਾਲਰ) ਹੋਵੇਗਾ ਜੇ ਇਹੀ ਸਾਲਾਨਾ ਨਫਾ 16 ਪ੍ਰਤੀਸ਼ਤ ਹੋਵੇ ਤਾਂ ਜੋੜ $615162 ਹੋਵੇਗਾ। ਤੁਸੀਂ ਦੇਖੋਗੇ ਕਿ 1 ਪ੍ਰਤੀਸ਼ਤ ਵੱਧ ਨਫੇ ਨਾਲ ਹੀ ਜੋੜ ਵਿਚ 1 ਲੱਖ 15 ਹਜ਼ਾਰ ਡਾਲਰ ਦਾ ਫਰਕ ਪੈ ਗਿਆ,ਸੋ ਨਫੇ ਦੀ ਦਰ ਦੇ ਇਸ ਨਿੱਕੇ ਜਿਹੇ ਫਰਕ ਨੂੰ ਸਾਨੂੰ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਇਹ ਲੱਖਾਂ ਡਾਲਰਾਂ ਦਾ ਮਾਮਲਾ ਹੈ। ਸੋ ਜੇ ਤੁਸੀਂ $1000 ਦੀ ਥਾਂ $4000 ਹਰ ਸਾਲ ਜਮ੍ਹਾਂ ਕਰਦੇ ਹੋ ਤਾਂ 1 ਪ੍ਰਤੀਸ਼ਤ ਸਾਲਾਨਾ ਦਾ ਇਹ ਫਰਕ ਵਧ ਕੇ ਸਾਢੇ ਚਾਰ ਲੱਖ ਡਾਲਰ ਤੋਂ ਵੱਧ ਹੋ ਜਾਵੇਗਾ। ਅਤੇ ਤੁਹਾਡੇ ਕੁੱਲ੍ਹ ਜੋੜ ਵੀ ਚਾਰ ਗੁਣੇ ਹੋ ਜਾਣਗੇ ।

**ਸਵਾਲ**:ਇਹ ਤੁਸੀਂ ਸਾਨੂੰ ਲੱਖਾਂ ਦੇ ਨਕਸ਼ੇ ਤਾਂ ਦਿਖਾ ਦਿੱਤੇ ਇਹ ਦੱਸੋ ਕਿ 15-16 ਪ੍ਰਤੀਸ਼ਤ ਨਫਾ ਕਿਧਰੇ ਮਿਲਦਾ ਵੀ ਹੈ ?

**ਜਵਾਬ**:ਤੁਹਾਡਾ ਸਵਾਲ ਬੜਾ ਵਾਜਬ ਹੈ। ਇਹ ਠੀਕ ਹੈ ਕਿ ਅੱਜ ਕੱਲ੍ਹ ਬੈਂਕ ਵਿਚ ਰਕਮ ਰੱਖ ਕੇ ਕਿਧਰੇ ਵੀ ਅਜੇਹਾ ਵਿਆਜ ਨਹੀਂ ਮਿਲਦਾ। ਪਰ ਮਿਊਚਅਲ ਫੰਡਾਂ ਵਿਚ ਇਹ ਰਕਮ ਰੱਖਣ ਨਾਲ ਅਜੇਹਾ ਸਾਲਾਨਾ ਔਸਤ ਵਾਧਾ ਕੋਈ ਅਣਹੋਣੀ ਗੱਲ ਨਹੀਂ । ਮਿਸਾਲ ਵਜੋਂ ਕਿਸੇ ਨੇ 1956 ਤੋਂ ਲੈ ਕੇ 1985 ਤਕ $2000 ਹਰ ਸਾਲ ਇੱਕ ਫੰਡ ਵਿਚ ਜਮ੍ਹਾਂ ਕੀਤਾ । 1985 ਦੇ ਅਖੀਰ ਵਿਚ ਉਸਦੇ ਖਾਤੇ ਵਿਚ $1,717,814 ਭਾਵ ਸਤਾਰਾਂ ਲੱਖ ਡਾਲਰ ਤੋਂ ਵੱਧ ਰਕਮ ਜਮ੍ਹਾਂ ਸੀ ਹਾਲਾਂਕਿ ਉਸਨੇ ਆਪਣੇ ਕੋਲੋਂ ਕੇਵਲ $60000 ਡਾਲਰ ਦਿੱਤੇ ਸਨ । ਇਸ ਤਰ੍ਹਾਂ ਉਸੇ ਫੰਡ ਵਿਚ ਕਿਸੇ ਨੇ 29 ਨਵੰਬਰ 1954 ਨੂੰ ਸਿਰਫ $10000 ਇਕੋ ਵਾਰੀ ਰੱਖੇ ਸਨ ਅਤੇ 30 ਅਪਰੈਲ 1986 ਨੂੰ ਉਸਦੇ ਖਾਤੇ ਵਿਚ $1,133,684 ਭਾਵ ਗਿਆਰਾਂ ਲੱਖ ਡਾਲਰ ਤੋਂ ਉਪਰ ਸੀ । ਇਹ ਰਕਮ ਭਾਵੇਂ ਬਹੁਤ ਵੱਡੀ ਲਗਦੀ ਹੈ ਪਰ ਇਹ ਅਣਹੋਣੀ ਗੱਲ ਨਹੀਂ । ਇਹ ਵਾਧਾ ਸੂਦ ਦਰ ਸੂਦ ਭਾਵ Compound Interest ਅਨੁਸਾਰ ਲੱਗਪੱਗ 1[illegible] ਪ੍ਰਤੀਸ਼ਤ ਹੀ ਬਣਦਾ ਹੈ ।

**ਸਵਾਲ**:ਤੁਸੀਂ ਮਿਊਚਅਲ ਫੰਡ ਦੀ ਗੱਲ ਕੀਤੀ ਹੈ। ਇਸ ਬਾਰੇ ਕੁਝ ਹੋ[illegible] ਚਾਨਣਾ ਪਾਓਗੇ?

**ਜਵਾਬ**:ਮਿਊਚਅਲ ਫੰਡ ਸਰਮਾਇਆ ਲਗਾਉਣ ਦੀ ਇਕ ਅਜੇਹ[illegible] ਕੰਪਨੀ ਹੁੰਦੀ ਹੈ ਜੋ ਇਕੱਲੇ ਬੰਦਿਆਂ ਜਾਂ ਜਥੇਬੰਦੀਆਂ ਲਈ ਉਨ੍ਹਾਂ ਦ[illegible] ਦਿੱਤਾ ਸਰਮਾਇਆ ਕੰਪਨੀਆਂ ਦੇ ਹਿੱਸਿਆਂ,ਸਰਕਾਰੀ ਬਾਂਡਾਂ ਅਤੇ ਹੋ[illegible] ਮਾਇਕ ਵਸੀਲਿਆਂ ਵਿਚ ਲਾਉਂਦੀ ਹੈ। ਲੋਕਾਂ ਲਈ ਇਹ ਕੰਮ ਮਾਇਕ[illegible] ਮੰਡੀ ਦੇ ਮਾਹਿਰ ਕਰਦੇ ਹਨ । ਸੋ ਲੋਕਾਂ ਨੂੰ ਆਪ ਮੰਡੀ ਦੇ ਉਤਰਾ[illegible] ਚੜ੍ਹਾਅ ਦੀ ਚਿੰਤਾ ਕਰਨ ਦੀ ਲੋੜ ਨਹੀਂ ਰਹਿੰਦੀ ।

**ਸਵਾਲ**:ਭਲਾ ਕਿੰਨੇ ਕੁ ਮਿਊਚਅਲ ਫੰਡ ਹੋਣਗੇ ?

**ਜਵਾਬ**:ਕੈਨੇਡਾ ਵਿਚ ਦੋ ਢਾਈ ਸੌ ਫੰਡ ਹਨ । ਅਮਰੀਕਾ ਵਿਚ 600 ਤੋਂ ਉਪਰ ਹਨ ।

**ਸਵਾਲ**:ਕੈਨੇਡਾ ਦੀ ਸਰਕਾਰ ਟੈਕਸ ਘਟਾਣ ਦੀਆਂ ਅਜੇਹੀਆਂ ਸਕੀਮ[illegible] ਨੂੰ ਕਿਉਂ ਹੱਲਾਸ਼ੇਰੀ ਦਿੰਦੀ ਹੈ ?

**ਜਵਾਬ**:ਇਸ ਨਾਲ ਜਦੋਂ ਸਰਮਾਇਆ ਕੰਪਨੀਆਂ ਦੇ ਹਿੱਸਿਆਂ ਵਿਚ ਲਗਦਾ ਹੈ ਤਾਂ ਹੋਰ ਕਾਰਖਾਨੇ ਖੁੱਲ੍ਹਦੇ ਹਨ ਕੰਮ ਤੁਰਦੇ ਹਨ,ਬਹੁਤੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ।ਸੋ ਵਧੇਰੇ ਲੋਕ ਇਨਕਮਟੈਕਸ ਦੇਂਦੇ ਹਨ । ਸਰਕਾਰੀ ਖਜ਼ਾਨਾ ਹੋਰ ਭਰਦਾ ਹੈ। ਇਸ ਤੋਂ ਇਲਾਵਾ ਸਰਕਾਰ ਜਾਣਦੀ ਹੈ ਕਿ ਬੁਢਾਪੇ ਦੀ ਪੈਨਸ਼ਨ ਅਤੇ ਕੈਨੇਡਾ ਪੈਨਸ਼ਨ ਰਲਾ ਕੇ ਵੀ ਭਵਿੱਖ ਵਿਚ ਲੋਕਾਂ ਦਾ ਅਜੋਕਾ ਜੀਵਨ ਪੱਧਰ,ਮਹਿੰਗਾਈ ਦੇ ਮਾਰੂ ਅਸਰ ਕਰਕੇ,ਕਾਇਮ ਨਹੀਂ ਰਹਿ ਸਕੇਗਾ । ਸੋ ਸਰਕਾਰ ਦੀ ਮਨਸ਼ਾ ਹੈ ਕਿ ਲੋਕ ਆਪ ਆਪਣੇ ਭਵਿੱਖ ਲਈ ਬੱਚਤ ਕਰਨ ਅਤੇ ਆਪਣਾ ਜੀਵਨ ਪੱਧਰ ਕਾਇਮ ਰੱਖਣ ਦੇ ਸਮਰੱਥ ਹੋਣ ।

**ਚਰਨਪਾਲ** ਗਿੱਲ:ਸਵਾਲ ਤਾਂ ਮੇਰੇ ਮਨ ਵਿਚ ਹੋਰ ਵੀ ਅਨੇਕਾਂ ਹਨ ਪਰ ਉਹ ਕਦੇ ਫੇਰ ਕਰਾਂਗੇ। ਸਾਡੇ ਪ੍ਰੋਗਰਾਮ 'ਸਮੇਂ ਦੀ ਆਵਾਜ਼' ਖਾਤਰ ਸਮਾਂ ਕੱਢਣ ਲਈ ਅਸੀਂ ਆਪਦੇ ਧੰਨਵਾਦੀ ਹਾਂ । ਅਖੀਰ ਵਿਚ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ RSp ਵਿਚ ਪੈਸੇ ਜਮ੍ਹਾਂ ਕਰਾਉਣ ਦੀ ਕੋਈ ਆਖਰੀ ਤਾਰੀਖ ਵੀ ਹੈ ?

**ਜਵਾਬ**:ਹਰ ਸਾਲ ਅਜੇਹੀ ਤਾਰੀਖ 28 ਫਰਵਰੀ ਹੁੰਦੀ ਹੈ। ਜਿਵੇਂ 28 ਫਰਵਰੀ 1987 ਤਕ ਜਮ੍ਹਾਂ ਕਰਵਾਈ ਰਕਮ ਤੁਸੀਂ 1986 ਦੇ ਸਾਲ ਵਿਚ ਕਲੇਮ ਕਰ ਸਕਦੇ ਹੋ । ਜੇ ਰਕਮ ਵੱਧ ਜਮ੍ਹਾਂ ਕਰਵਾਈ ਗਈ ਹੋਵੇ ਤਾਂ 1987 ਵਿਚ ਵੀ ਕਲੇਮ ਕਰ ਸਕਦੇ ਹੋ ।

**ਚਰਨਪਾਲ** ਗਿੱਲ:ਤੁਸੀਂ ਇਹ ਗੱਲ ਸਾਫ ਕਰ ਦਿੱਤੀ ।

ਧੰਨਵਾਦ

**ਕੋਆਪਰੇਟਿਵ ਰੇਡੀਓ ਅਤੇ 'ਸਮੇਂ ਦੀ ਆਵਾਜ਼' ਤੋਂ ਧੰਨਵਾਦ ਸਹਿਤ**

## ਭੱਦੇ ਮਜ਼ਾਕ ਨੇ ਲਾੜੀ ਦੀ ਜਾਨ ਲਈ

ਹਾਂਗਕਾਂਗ — ਹਾਂਗਕਾਂਗ ਦੇ ਇਕ ਅਖਬਾਰ ਦੀ ਰਿਪੋਰਟ ਅਨੁਸਾਰ ਮੱਧ ਚੀਨ ਦੇ ਇਕ ਪਿੰਡ 'ਚ ਇਕ ਨਵੀਂ ਵਿਆਹੀ ਲਾੜੀ ਨੂੰ ਆਪਣੇ ਦੋਸਤਾਂ ਵਲੋਂ ਅਜੀਬ ਤਰ੍ਹਾਂ ਦਾ ਮਜ਼ਾਕ ਕਰਨ 'ਤੇ ਖੁਦਕਸ਼ੀ ਕਰਨ ਲ਼ਈ ਮਜ਼ਬੂਰ ਹੋਣਾ ਪਿਆ ।

ਅਖਬਾਰ ਅਨੁਸਾਰ ਜਾਈ ਜੁਨ ਹੁਅ ਨਾਂ ਦੀ ਔਰਤ ਦਾ ਉਸ ਦਿਨ ਹੀ ਵਿਆਹ ਹੋਇਆ ਸੀ। ਉਸ ਦੇ ਦੋਸਤਾਂ ਨੇ ਰਾਤ ਨੂੰ ਉਸ ਦੇ ਕਮਰੇ ਵਿਚ ਮਾਈਕਰੋਫੋਨ ਫਿੱਟ ਕਰ ਦਿੱਤਾ ਅਤੇ ਉਸਦੀ ਸੁਹਾਗ ਰਾਤ ਦੀਆਂ ਸਾਰੀਆਂ ਗੱਲਾਂ ਲਾਊਡ ਸਪੀਕਰ ਰਾਹੀਂ ਪਿੰਡ ਦੇ ਲੋਕਾਂ ਨੇ ਸੁਣ ਲਈਆਂ

ਜਦ ਇਸ ਗੱਲ ਦਾ ਪਤਾ ਮਸੂਮ ਲਾੜੀ ਨੂੰ ਲੱਗਾ ਤਾਂ ਉਹ ਬੇਇਜ਼ਤੀ ਸਹਾਰ ਨਾ ਸਕੀ ਅਤੇ ਉਹਨੇ ਖੁਦਕਸ਼ੀ ਕਰਕੇ ਆਪਣੀ ਜਾਨ ਦੇ ਦਿੱਤੀ ।

## ਕਿਸਾਨੀ ਜ਼ਿੰਦਗੀ ਤੇ ਕਿਸਾਨੀ ਘੋਲਾਂ ਦੀ ਫਿਲਮ "ਬੇਗਾਨੇ ਬੋਹੜ ਦੀ ਛਾਂ"

ਪੈਪਸੂ ਦੀ ਮੁਜ਼ਾਰਾ ਲਹਿਰ ਅਤੇ ਅੱਜ ਦੀ ਕਿਸਾਨੀ ਦੀਆਂ ਆਰਥਿਕ ਔਕੜਾਂ ਤੇ ਲੜਾਈਆਂ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਫਿਲਮ "ਬਗਾਨੇ ਬੋਹੜ ਦੀ ਛਾਂ" ਬਣਾਉਣ ਦੀਆਂ ਮੁਢਲੀਆਂ ਤਿਆਰੀਆਂ ਲਗਭੱਗ ਮੁਕੰਮਲ ਹਨ। ਇਹ ਫਿਲਮ ਨਾਟਕਕਾਰ ਅਜਮੇਰ ਔਲਖ ਦੇ ਇਸੇ ਨਾਂ ਦੇ ਨਾਟਕ ਉਤੇ ਆਧਾਰਤ ਹੈ। ਪਰ ਫਿਲਮ ਦੀ ਲੋੜ ਮੁਤਾਬਿਕ ਇਸਦਾ ਕੈਨਵੈਸ ਬੜਾ ਵਿਸ਼ਾਲ ਹੈ । ਫਿਲਮ ਇਕ ਕਿਸਾਨ ਗੱਜਣ ਸਿੰਘ ਦੇ ਪਰਿਵਾਰ ਦੇ ਚਾਲੀ ਸਾਲਾਂ ਦੇ ਜੀਵਨ ਨੂੰ ਸਮੇਟਦੀ ਸਮੁੱਚੀ ਕਿਸਾਨੀ ਦੀ ਆਰਥਿਕ-ਸਮਾਜਿਕ ਹਾਲਤ ਨੂੰ ਆਪਣੀ ਲਪੇਟ ਵਿਚ ਲੈਂਦੀ ਹੈ ।

ਇਸ ਫਿਲਮ ਦੀ ਨਿਰਦੇਸ਼ਨਾ ਜਗਜੀਤ (ਗਿੱਲ) ਕਰ ਰਿਹਾ ਹੈ ਅਤੇ ਇਸਦੀਆਂ ਮੁੱਖ ਭੂਮਿਕਾਵਾਂ ਕੁਲਭੂਸ਼ਣ ਖਰਬੰਦਾ,ਓਮਪੁਰੀ, ਦਲਜੀਤ ਕੌਰ ਅਦਾਕਾਰ ਕਰਦੇ ਰਹੇ ਹਨ । ਮਾਨਯੋਗ ਸ.ਗੁਰਸ਼ਰਨ ਸਿੰਘ ਨੇ ਇਸ ਫਿਲਮ ਵਿਚ ਕਮਿਊਨਿਸਟ ਤੇ ਕਿਸਾਨ ਆਗੂ ਦਾ ਰੋਲ ਕਰਨ ਦੀ ਹਾਂ ਕਰਦਿਆਂ ਫਿਲਮ ਲਈ ਹਰ ਪੱਖੋਂ ਸਹਿਯੋਗ ਦੇਣ ਦਾ ਵਿਸ਼ਵਾਸ ਦੁਆਇਆ ਹੈ ।

ਫਿਲਮ ਵਿਚ ਸਵਰਗੀ ਪ੍ਰੋ.ਮੋਹਨ ਸਿੰਘ ਦਾ ਲਿਖਿਆ 'ਜੱਟੀਆਂ ਦਾ ਗੀਤ'ਅਤੇ ਸਵਰਗੀ ਲੋਕ-ਕਵੀ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ "ਗਲ ਲਗ ਕੇ ਸੀਰੀ ਦੇ ਜੱਟ ਰੋਵੇ"ਫਿਲਮਾਏ ਜਾ ਰਹੇ ਹਨ। ਹੋਰ ਗੀਤ ਪੰਜਾਬੀ ਦੇ ਉਨ੍ਹਾਂ ਗੀਤਕਾਰਾਂ ਕੋਲੋਂ ਲਿਖਵਾਏ ਜਾ ਰਹੇ ਹਨ ਜੋ ਕਿਸਾਨੀ ਜੀਵਨ ਦੀ ਧੜਕਣ ਨੂੰ ਸਮਝਣ ਦੇ ਸਮਰੱਥ ਹਨ। ਫਿਲਮ ਦੇ ਥੀਮ-ਸਾਂਗ ਦੀਆਂ ਮੁਢਲੀਆਂ ਸਤਰਾਂ ਇਜ ਹਨ:

ਅਹਿ ਲਾਲ ਫੁਰੇਰੇ ਸਹੁੰ ਤੇਰੀ,ਅਸੀਂ ਮਰ ਮਿਟਣ ਦੀ ਧਾਰੀ ਹੈ।<br>
ਜੋ ਹੱਕ-ਸੱਚ ਲਈ ਸ਼ੁਰੂ ਹੋਈ,ਉਹ ਜੰਗ ਅਜੇ ਵੀ ਜਾਰੀ ਹੈ।

ਫਿਲਮ ਦੀ ਇਕ ਖੂਬੀ ਇਹ ਵੀ ਹੈ ਕਿ ਇਸ ਵਿਚ ਕੁਝ ਮੁੱਖ ਕਲਾਕਾਰਾਂ ਨੂੰ ਛੱਡ ਕੇ ਬਾਕੀ ਕਲਾਕਾਰਾਂ,ਕੈਮਰਾਮੈਨ,ਨਾਗਰਾ, ਟੈਕਨੀਸ਼ੀਅਨ,ਸਟਿਲ ਫੋਟੋਗਰਾਫਰ ਆਦਿ ਸਭ ਹਿੱਸੇਦਾਰ ਹੋਣਗੇ । ਅਗਾਂਹਵਧੂ ਲੋਕਾਂ ਨੂੰ ਅਪੀਲ ਹੈ ਕਿ ਉਹ ਇਸ ਫਿਲਮ ਬਣਾਉਣ ਤੇ ਕਾਮਯਾਬ ਕਰਨ ਵਿਚ ਆਪਣਾ ਲੋੜੀਂਦਾ ਸਹਿਯੋਗ ਜ਼ਰੂਰ ਦੇਣ ।

ਅਜਮੇਰ ਔਲਖ

**Clearbrook Photographic Arts Inc.**

By: Andrew W.R. Simpson

ਕਲੀਅਰਬਰੁੱਕ ਫ਼ੋਟੋ ਗਰਾਫਰਜ਼

For
*A Lifetime of Memories*

Ph. 859-4222 or 859-1046



ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre,
CLEARBROOK, B.C. V2J 3S4

# ਦਰਬਾਰਾ ਸਿੰਘ ਨੂੰ ਪੰਜਾਬ ਜਾਣ ਤੋਂ ਝਿਜਕ

ਰੋਪੜ:ਪੰਜਾਬ ਦੇ ਰਹਿ ਚੁੱਕੇ ਮੁੱਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੂੰ ਸੱਚਮੁੱਚ ਹੀ ਪੰਜਾਬ ਜਾਣ ਤੋਂ ਡਰ ਲੱਗ ਰਿਹਾ ਹੈ। ਸ੍ਰੀ ਦਰਬਾਰਾ ਸਿੰਘ ਲਈ ਆਪਣੀ ਪਾਰਟੀ ਤੇ ਆਪਣੀ ਸਰਕਾਰ ਵਿਚ ਰਹਿ ਚੁੱਕੇ ਮੰਤਰੀਆਂ ਦੀਆਂ ਅੰਤਮ ਰਸਮਾਂ ਵਿਚ ਵੀ ਆਉਣਾ ਮੁਸ਼ਕਲ ਬਣਿਆ ਹੋਇਆ ਹੈ।

ਉਹ ਪਿਛਲੇ ਕੁਝ ਮਹੀਨੇ ਹੋਏ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਜਨਰਲ ਸਕੱਤਰ ਤੇ ਆਪਣੀ ਵਜ਼ਾਰਤ ਵਿਚ ਸਭ ਤੋਂ ਨਜ਼ਦੀਕੀ ਸਾਥੀ ਮਰਹੂਮ ਸ੍ਰੀ ਬੀਰਪਾਲ ਸਿੰਘ ਦੇ ਸੰਸਕਾਰ ਸਮੇਂ ਵੀ ਨਾ ਪਹੁੰਚੇ ਤੇ ਨਾ ਹੀ ਉਨ੍ਹਾਂ ਦੀ ਅੰਤਮ ਅਰਦਾਸ ਸਮੇਂ ਪੰਜਾਬ ਆਏ।

ਪਿਛੇ ਕੁਝ ਦਿਨ ਹੀ ਹੋਏ ਸ਼ੱਕੀ ਅਤਿਵਾਦੀਆਂ ਹੱਥੋਂ ਸ੍ਰੀ ਜੋਗਿੰਦਰ ਪਾਲ ਪਾਂਡੇ ਦੀ ਦਿਨ ਦਿਹਾੜੇ ਹੋਈ ਹੱਤਿਆ ਦੇ ਸਮੇਂ ਵੀ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ੍ਰੀ ਦਰਬਾਰਾ ਸਿੰਘ ਨਹੀਂ ਪਹੁੰਚੇ। ਉਨ੍ਹਾਂ ਦੇ ਸੰਸਕਾਰ ਮੌਕੇ ਤਾਂ ਸ਼ਾਮਲ ਹੋਣਾ ਬਹੁਤ ਵੱਡੀ ਗੱਲ ਸੀ।

1984 ਵਿਚ ਸ੍ਰੀ ਦਰਬਾਰਾ ਸਿੰਘ 'ਤੇ ਨੰਗਲ ਨੇੜੇ ਮਹਿੰਦਰ ਸਿੰਘ ਨਾਮੀ ਵਿਅਕਤੀ ਨੇ ਗੋਲੀ ਚਲਾ ਕੇ ਹੱਤਿਆ ਕਰਨ ਦਾ ਯਤਨ ਕੀਤਾ ਸੀ ਪ੍ਰੰਤੂ ਤਿੰਨ ਸਾਲ ਤਕ ਚਲਣ ਵਾਲੇ ਕੇਸ ਵਿਚ ਸ੍ਰੀ ਦਰਬਾਰਾ ਸਿੰਘ ਨੂੰ ਆਪਣੀ ਗਵਾਹੀ ਦੇਣ ਲਈ ਅਦਾਲਤ ਨੇ 22 ਵਾਰ ਸੰਮਣ ਭੇਜੇ ਪ੍ਰੰਤੂ ਸਾਬਕ ਮੁੱਖ ਮੰਤਰੀ ਸੁਰੱਖਿਆ ਕਾਰਨਾਂ ਕਰ ਕੇ ਰੋਪੜ ਨਾ ਆਏ। ਉਨ੍ਹਾਂ ਲਿਖਤੀ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਅਤਿਵਾਦੀਆਂ ਤੋਂ ਖਤਰਾ ਹੈ। ਇਸ ਲਈ ਮਾਨਯੋਗ ਅਦਾਲਤ ਨੇ ਮੁਦਈ ਵਲੋਂ ਗਵਾਹੀ ਨਾ ਦੇਣ ਕਾਰਨ ਮਹਿੰਦਰ ਸਿੰਘ ਨੂੰ ਮੁਕੱਦਮੇ ਵਿਚੋਂ ਬਾਇੱਜ਼ਤ ਬਰੀ ਕਰ ਦਿੱਤਾ ਹੈ

# 'ਭਾਰਤ 'ਚ ਅਸ਼ਾਂਤੀ ਲਈ ਕੇਂਦਰ ਜ਼ਿੰਮੇਂਵਾਰ'

ਰਾਜਪੁਰਾ:ਇਨਕਲਾਬੀ ਕਮਿਊਨਿਸਟ ਪਾਰਟੀ (ਟਾਕਰਾ ਗਰੁੱਪ) ਨੇ ਪੰਜਾਬ,ਗੋਆ,ਆਸਾਮ,ਤ੍ਰਿਪੁਰਾ,ਮਿਜ਼ੋਰਮ,ਨਾਗਾਲੈਂਡ,ਝਾਰਖੰਡ ਅਤੇ ਪੱਛਮੀ ਬੰਗਾਲ ਦਾ ਦਾਰਜੀਲੈਂਗ ਆਦਿ ਭਾਰਤੀ ਉਪ ਮਹਾਂਦੀਪ ਦੇ ਵੱਖ ਵੱਖ ਖਿਤਿਆਂ ਦੇ ਲੋਕਾਂ ਅੰਦਰ ਫੈਲੀ ਅਸ਼ਾਂਤੀ ਲਈ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪਾਰਟੀ ਨੇ ਦੋਸ਼ ਲਗਾਇਆ ਹੈ ਕਿ ਸੰਸਾਰ ਸਾਮਰਾਜੀ ਪ੍ਰਬੰਧ ਦੇ ਅਮੋੜ ਆਰਥਿਕ ਸੰਕਟ ਦੇ ਮਧੋਲੇ ਭਾਰਤੀ ਹਾਕਮਾਂ ਵਲੋਂ ਆਪਣੀਆਂ ਆਰਥਿਕ ਸਿਆਸੀ ਲੋੜਾਂ ਦੀ ਪੂਰਤੀ ਲਈ ਭਾਰਤੀ ਹਕੂਮਤੀ ਢਾਂਚੇ ਦਾ ਕੇਂਦਰੀਕਰਨ ਅਤੇ ਫਾਸ਼ੀਕਰਨ ਹੀ ਨਹੀਂ ਕੀਤਾ ਜਾ ਰਿਹਾ,ਸਗੋਂ ਸਥਾਨਕ ਪਿਛਾਖੜੀ ਸਭਿਆਚਾਰ ਨੂੰ ਵੀ ਆਪਣੀਆਂ ਲੋੜਾਂ ਤੇ ਹਿੱਤਾਂ ਅਨੁਸਾਰ ਬਰਕਰਾਰ ਰੱਖਦਿਆਂ ਸਾਮਰਾਜੀ ਸਭਿਆਚਾਰ ਨੂੰ ਵੀ ਵੱਖ ਵੱਖ ਕੌਮੀਅਤਾਂ ਉਪਰ ਜ਼ਬਰੀ ਠੋਸਿਆ ਜਾ ਰਿਹਾ ਹੈ।

ਇਸ ਦੇ ਪ੍ਰਤੀਕਰਮ 'ਚ ਹਾਕਮ ਜਮਾਤਾਂ ਵੱਖ ਵੱਖ ਕੌਮੀਅਤਾਂ ਦੇ ਵੱਖ ਵੱਖ ਰੂਪਾਂ 'ਚ ਉਠਦੇ ਰੋਹ ਫੁਟਾਰਿਆਂ ਰਾਹੀਂ ਜਿਥੇ ਆਪ ਦੇ ਅਖੌਤੀ 'ਭਾਰਤੀ ਕੌਮ'ਦੀ ਸੰਕਲਪ ਨੂੰ ਭੜਿਆੜ ਹੁੰਦਾ ਦੇਖਦੀਆਂ ਹਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰੇ ਵਰਗੇ ਨਾਅਰਿਆਂ ਦੀ ਵਰਤੋਂ ਨਾਲ ਉਸ ਨੂੰ ਬਚਾਉਣ ਲਈ ਤਰਲੋਮੱਛੀ ਹੋ ਰਹੀਆਂ ਹਨ ਉਥੇ ਓਚਾਉਣ ਉਹ 'ਪਾੜੋ ਤੇ ਰਾਜ ਕਰੋ'ਦੀ ਨੀਤੀ ਦੇ ਤਹਿਤ ਸਥਾਨਕ ਭਾਸ਼ਾਈ ਤੇ ਧਾਰਮਿਕ ਮਸਲਿਆਂ ਨੂੰ ਵੀ ਆਪ ਦੇ ਖੁਦਗਰਜ ਮਨੋਰਥਾਂ ਦੀ ਪੂਰਤੀ ਖਾਤਰ ਵਰਤਣ ਲਈ ਹਰ ਸੰਭਵ ਹੱਥਕੰਡੇ ਵਰਤ ਰਹੀਆਂ ਹਨ ਅਤੇ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਨੂੰ ਵੀ ਵੱਖ ਵੱਖ ਕੌਮੀਅਤਾਂ ਤੇ ਜ਼ਬਰੀ ਮੜ੍ਹ ਰਹੀਆਂ ਹਨ।

ਗੋਆ ਦੇ ਭਾਸ਼ਾਈ ਅੰਦੋਲਨ 'ਤੇ ਟਿੱਪਣੀ ਕਰਦਿਆਂ ਪਾਰਟੀ ਵਲੋਂ ਗੋਆ ਦੇ ਲੋਕਾਂ ਦੀਆਂ ਮੰਗਾਂ ਤੇ ਭਾਵਨਾਵਾਂ ਦੀ ਮੁਕੰਮਲ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ।

# ਬੈਰੂਤ 'ਚ 22 ਹਲਾਕ

ਬੈਰੂਤ — ਬੈਰੂਤ 'ਚ ਸੀਰੀਆਈ ਸਿਪਾਹੀਆਂ ਨਾਲ ਝੜਪ 'ਚ 22 ਸ਼ੀਆ ਮੁਸਲਮ ਮਾਰੇ ਗਏ। ਹਸਪਤਾਲ ਦੇ ਇਕ ਬੁਲਾਰੇ ਅਨੁਸਾਰ ਕੁਝ ਨੂੰ ਗੋਲੀ ਮਾਰੀ ਗਈ ਅਤੇ ਕੁਝ ਹੱਥੋਪਾਈ 'ਚ ਚਾਕੂ ਲੱਗਣ ਨਾਲ ਮਰੇ।

ਸੀਰੀਆਈ ਸਿਪਾਹੀਆਂ ਦੇ ਬੈਰੂਤ 'ਚ ਆਉਣ ਨਾਲ ਹਜੀਬਉਲਾ ਦੀ ਪਾਰਟੀ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਪੁਲੀਸ ਦਾ ਕਹਿਣਾ ਹੈ ਕਿ ਹਜੀਬ ਉਲਾ ਸ਼ੀਆ ਮੁਸਲਮਾਨਾਂ ਦੇ ਅਤਿਵਾਦੀ ਗਰੁੱਪ ਦੀ ਅਗਵਾਈ ਕਰਦਾ ਹੈ।

ਹਜੀਬ ਉਲਾ ਨੂੰ ਇਰਾਨ ਦੀ ਮੱਦਦ ਹਾਸਲ ਹੈ। ਇਹ ਵੀ ਖਬਰ ਹੈ ਕਿ ਬਿਦੇਸ਼ੀਆਂ ਨੂੰ ਇਸ ਗਰੁੱਪ ਰਾਹੀਂ ਬੰਦੀ ਬਣਾਉਣ ਪਿਛੇ ਈਰਾਨ ਦਾ ਹੱਥ ਹੈ।

ਸ਼ੀਆ ਮੁਸਲਮਾਨਾਂ ਦੀਆਂ ਮੌਤਾਂ ਨਾਲ ਈਰਾਨ ਅਤੇ ਸੀਰੀਆ ਦੇ ਸਬੰਧਾਂ 'ਚ ਵਿਗਾੜ ਪੈ ਸਕਦਾ ਹੈ। ਸੀਰੀਆ ਗਲਫ ਦੀ ਜੰਗ 'ਚ ਈਰਾਕ ਦੇ ਖਿਲਾਫ ਈਰਾਨ ਦਾ ਸਾਥ ਦੇ ਰਿਹਾ ਹੈ।

ਮਹਿਲਾ ਕ੍ਰਿਕਟ ਦੀ ਗੱਲ ਹੈ। ਇਕ ਵਿਆਹੀ ਹੋਈ ਮਹਿਲਾ ਦੀ ਕੋਈ ਵੀ ਗੇਂਦ ਵਿਕਟ ਨੂੰ ਨਹੀਂ ਲੱਗ ਰਹੀ ਸੀ। ਅਚਾਨਕ ਕਪਤਾਨ ਨੇ ਉਸ ਨੂੰ ਕੰਨ ਵਿਚ ਕਿਹਾ,"ਗੇਂਦ ਸੁੱਟਣ ਤੋਂ ਪਹਿਲਾਂ ਇਹ ਸਮਝ ਲਵੋ ਕਿ ਸਾਹਮਣੇ ਤਿੰਨ ਵਿਕਟਾਂ ਨਹੀਂ,ਸਗੋਂ ਤੁਹਾਡੇ ਪਤੀ ਦੀਆਂ ਤਿੰਨ ਪ੍ਰੇਮਕਾਵਾਂ ਹਨ।"

ਕਪਤਾਨ ਪਿਛੇ ਹੋਈ, ਗੇਂਦਬਾਜ਼ ਨੇ ਗੇਂਦ ਸੁੱਟੀ ਅਤੇ ਤਿੰਨ ਵਿਕਟਾਂ ਜ਼ਮੀਨ 'ਤੇ ਡਿੱਗ ਪਈਆਂ।

* * *

ਇਕ ਤੇਜ਼ ਗੇਂਦਬਾਜ਼ ਦੀਆਂ ਤਿੰਨ ਗੇਂਦਾਂ ਸਰੀਰ 'ਤੇ ਲਗਣ ਤੋਂ ਮਗਰੋਂ ਵੀ ਜਦ ਬੱਲੇਬਾਜ਼ ਡਟ ਕੇ ਖੜ੍ਹਾ ਰਿਹਾ ਤਾਂ ਅੰਪਾਇਰ ਨੇ ਉਸ ਨੂੰ ਪੁੱਛਿਆ,"ਕੋਈ ਭਾਈ,ਤੇਰਾ ਸਰੀਰ ਲੋਹੇ ਦਾ ਹੈ? ਹੋਰ ਕੋਈ ਹੁੰਦਾ ਤਾਂ ਹੁਣ ਤਕ ਬੇਹੋਸ਼ ਹੋ ਗਿਆ ਹੁੰਦਾ". ਬੱਲੇਬਾਜ਼ ਨੇ ਸਹਿਜ ਸੁਭਾਅ ਉਤਰ ਦਿੱਤਾ,"ਸ੍ਰੀਮਾਨ ਜੀ,ਮੈਂ ਸ਼ਾਦੀਸ਼ੁਦਾ ਹਾਂ।"

ਉਪਕਾਰ ਕੌਰ


A $10,000 INVESTMENT GREW IN VALUE TO

$1,133,684

THAT'S GROWTH!...THAT'S

TEMPLETON GROWTH

**It's a Fact!** An investment of $10,000 in 1954 when Templeton Growth Fund started . . . assuming reinvestment of all dividends and capital gains distributions, increased in value to $1,133,684 by April 30, 1986.

This is an update of the performance shown in the prospectus and covers a period of generally rising common stock prices. Of course there is no guarantee of future performance but you should **find out how the Templeton approach has produced these investment results.**




**Free Brochure**

Send coupon for a free brochure

Templeton ...the name says it all.

Name

Address

City Prov. Postal

Sold by prospectus only.



BUYING & SELLING

Farms, Home, Lots and Apartments

Contact:

**Dilbag Singh Johal**

**ਦਿਲਬਾਗ ਸਿੰਘ ਜੌਹਲ**

Ph. Off. (604)438-8161

Res. 325-0588



ਕਿਸੇ ਪ੍ਰਕਾਰ ਦੀ ਜਾਇਦਾਦ ਖ੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ

**Canada Trust Realtor**

The Canada Trust Company

2629 Kingsway, Vancouver, B.C. V5R 5H4



CAR CITY

13286 King George HWY, Surrey

Ph. 584-7666

Used ਕਾਰਾਂ, ਵੈਨਾਂ ਜਾਂ ਪਿਕ ਅੱਪ ਠੀਕ ਤੇ ਸਸਤੀ ਕੀਮਤ ਤੇ ਖ੍ਰੀਦੋ

We Buy, Sell and Trade

Financing Available

O.A.C.

ਫੋਨ ਕਰੋ ਜਾਂ ਮਿਲੋ

**ਜਗਰੂਪ (ਜੱਗਾ) ਰਾਏ**



ਜਗਰੂਪ ਸਿੰਘ

Mon. - Fri. 9 a.m. to 9 p.m.

Sat. — 9 a.m. to 5 p.m. [Sunday on Appointment only]





WRITE TO OR PHONE

Gurcharan Rampuri

Regal Capital Planners

# 100 - 1525 Robson St.

Vancouver, B.C. V6G 1C3

Bus: (604) 683-3111

Res: (604) 986-2883

# ਸਾਡੇ ਸਮਕਾਲੀ

## ਭਾਰਤ-ਕੈਨੇਡਾ ਅਹਿਦਨਾਮਾ

ਦਹਿਸ਼ਤਗਰਦੀ ਦੀਆਂ ਕਾਰਵਾਈਆਂ ਕੇਵਲ ਭਾਰਤ ਤੱਕ ਹੀ ਸੀਮਤ ਨਹੀਂ ਸਗੋਂ ਅੱਜ ਅਨੇਕਾਂ ਦੇਸ਼ਾਂ ਵਿਚ ਦਹਿਸ਼ਤ ਦਾ ਬੋਲਬਾਲਾ ਹੈ ਇਹ ਵੀ ਸੱਚ ਹੈ ਕਿ ਦਹਿਸ਼ਤਪਸੰਦ ਆਪਣੇ ਦੇਸ਼ ਵਿਚ ਦਹਿਸ਼ ਦੀ ਕਾਰਵਾਈ ਕਰਨ ਤੋਂ ਪਿਛੋਂ ਕਿਸੇ ਹੋਰ ਦੇਸ਼ ਵਿਚ ਸ਼ਰਨ ਲੈਂਦੇ ਆਏ ਹਨ ਵਧੇਰੇ ਕਰਕੇ ਅਜਿਹੀ ਸ਼ਰਨ ਪੱਛਮੀ ਦੇਸ਼ਾਂ ਵਿਚ ਹੀ ਮਿਲਦੀ ਰਹੀ ਹੈ। ਪੱਛਮੀ ਦੇਸ਼ ਦੂਜੇ ਦੇਸ਼ਾਂ ਦੇ ਦਹਿਸ਼ਤਪਸੰਦਾਂ ਨੂੰ ਏਨੀ ਸੌਖ ਨਾਲ ਸ਼ਰਨ ਦਿੰਦੇ ਰਹੇ ਹਨ ਕਿ ਪੰਜਾਬ ਅਤੇ ਕੇਰਲ ਦੇ ਅਨੇਕਾਂ ਵਸਨੀਕ ਆਪਣੇ ਆਪ ਨੂੰ ਦਹਿਸ਼ਤਪਸੰਦ ਕਹਿ ਕੇ ਪੱਛਮੀ ਦੇਸ਼ਾਂ ਵਿਚ ਰੋਜ਼ੀ ਰੋਟੀ ਕਮਾਉਣ ਜਾ ਚੁੱਕੇ ਹਨ। ਭਾਰਤੀਆਂ ਲਈ ਪਹਿਲਾਂ ਨਕਸਲਵਾੜੀ ਲਹਿਰ ਤੇ ਹੁਣ ਖਾਲਿਸਤਾਨੀ ਮੰਗ ਨੂੰ ਆਧਾਰ ਬਣਾ ਕੇ ਇਨ੍ਹਾਂ ਦੇਸ਼ਾਂ ਵਿਚ ਸ਼ਰਨ ਲੈਣਾ ਸੌਖਾ ਕੰਮ ਸੀ। ਸਿਰ ਪਈ ਤਾਂ ਜਾਣੀਏ ਦੀ ਕਹਾਵਤ ਅਨੁਸਾਰ ਪੱਛਮੀ ਦੇਸ਼ਾਂ ਨੂੰ ਵੀ ਉਦੋਂ ਹੋਸ਼ ਆਈ ਹੈ ਜਦ ਅਜਿਹੇ ਦਹਿਸ਼ਤਪਸੰਦ ਉਨ੍ਹਾਂ ਦੇ ਦੇਸ਼ ਦੀ ਜਾਨ ਅਤੇ ਮਾਲ ਲਈ ਖਤਰਾ ਬਣੇ। ਕਨਿਸ਼ਕ ਤੇ ਬੋਇੰਗ ਹਵਾਈ ਜਹਾਜ਼ਾਂ ਦੀਆਂ ਘਟਨਾਵਾਂ ਅਜਿਹੇ ਦੇਸ਼ ਦੀਆਂ ਅੱਖਾਂ ਖੋਲ੍ਹਣ ਵਿਚ ਸਹਾਈ ਹੋਈਆਂ ਹਨ। ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਨਰਾਇਣ ਦੱਤ ਤਿਵਾੜੀ ਅਤੇ ਕੈਨੇਡਾ ਦੇ ਵਿਦੇਸ਼ ਮੰਤਰੀ ਜੋਅ ਕਲਾਰਕ ਵਿਚ ਅਹਿਦਨਾਮੇ ਉਤੇ ਹੋਏ ਦਸਤਖਤਾਂ ਨਾਲ ਹੁਣ ਅਜਿਹੀ ਕਾਰਵਾਈ ਸੌਖੀ ਨਹੀਂ ਰਹਿ ਜਾਵੇਗੀ। ਇਸ ਅਹਿਦਨਾਮੇ ਅਧੀਨ ਹੁਣ ਇਕ ਦੇਸ਼ ਦਾ ਦੋਸ਼ੀ ਦੂਜੇ ਦੇਸ਼ ਵਿਚ ਸ਼ਰਨ ਲੈ ਰਿਹਾ ਹੋਵੇ ਤਾਂ ਉਸ ਨੂੰ ਵਾਪਸ ਲੈਣ ਦਾ ਕੰਮ ਸੌਖਾ ਹੋ ਜਾਵੇਗਾ।

ਭਾਰਤ ਤੇ ਕੈਨੇਡਾ ਵਿਚਕਾਰ ਦਹਿਸ਼ਤਪਸੰਦਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਵਾਲੇ ਇਸ ਸਮਝੌਤੇ ਦੇ ਕਈ ਉਜਲੇ ਪੱਖ ਹਨ। ਪਹਿਲੀ ਗੱਲ ਤਾਂ ਇਹੀਓ ਹੈ ਕਿ ਕੈਨੇਡਾ ਨੇ ਭਾਰਤ ਨੂੰ ਲਿਖਤੀ ਰੂਪ ਵਿਚ ਸਹਿਯੋਗ ਦਿੱਤਾ ਹੈ। ਜਿਸ ਦੇ ਆਧਾਰ ਉਤੇ ਪੰਜਾਬ ਵਿਚ ਚੱਲੀ ਦਹਿਸ਼ਤਵਾਦ ਦੀ ਲਹਿਰ ਨਾਲ ਨਜਿੱਠਣ ਸਮੇਂ ਲਾਭ ਹੋ ਸਕਦਾ ਹੈ। ਇਸਦੇ ਨਾਲ ਲਗਦਾ ਇਕ ਉਜਲਾ ਪੱਖ ਇਹ ਵੀ ਹੈ ਕਿ ਹੁਣ ਜਦੋਂ ਕੋਈ ਪੱਛਮੀ ਸਰਕਾਰ, ਭਾਵੇਂ ਉਹ ਪੱਛਮੀ ਜਰਮਨੀ ਦੀ ਹੀ ਕਿਉਂ ਨਾ ਹੋਵੇ, ਜਦੋਂ ਅਖਬਾਰਾਂ ਤੇ ਸੰਚਾਰ ਸਾਧਨਾਂ ਰਾਹੀਂ ਇਹ ਖਬਰ ਦਿੰਦੀ ਹੈ ਕਿ ਉਥੇ ਪੰਜ ਸੌ ਖਾਲਿਸਤਾਨੀਆਂ ਦਾ ਵਾਸਾ ਹੈ ਤਾਂ ਇਸ ਤਰ੍ਹਾਂ ਜਾਪਣ ਲਗ ਪੈਂਦਾ ਹੈ ਜਿਵੇਂ ਦੁਨੀਆਂ ਵਿਚ ਖਾਲਿਸਤਾਨੀਆਂ ਦਾ ਕੋਈ ਅੰਤ ਹੀ ਨਾ ਹੋਵੇ। ਜੇ ਕੇਵਲ ਬਾਹਰਲੇ ਇਕ ਦੇਸ਼ ਵਿਚ ਹੀ ਉਨ੍ਹਾਂ ਦੀ ਗਿਣਤੀ 500 ਦੱਸੀ ਗਈ ਹੈ ਤਾਂ ਸਮੁੱਚੇ ਪੰਜਾਬ ਵਿਚ ਤਾਂ ਪਤਾ ਨਹੀਂ ਕੀ ਹਾਲ ਹੋਵੇਗਾ। ਅੱਗੇ ਤੋਂ ਵਿਦੇਸ਼ਾਂ ਵਿਚ ਹੋਣ ਵਾਲੀ ਕਾਨੂੰਨੀ ਕਾਰਵਾਈ ਤੋਂ ਡਰਦੇ ਇਥੋਂ ਜਾਣ ਵਾਲੇ ਲੋਕ ਆਪਣੇ ਆਪ ਨੂੰ ਨਕਸਲੀਏ ਜਾਂ ਖਾਲਿਸਤਾਨੀ ਲਿਖਵਾਉਣ ਤੋਂ ਗੁਰੇਜ਼ ਕਰਿਆ ਕਰਨਗੇ। ਇਹ ਵੀ ਕਿ ਇੰਗਲੈਂਡ ਤੇ ਅਮਰੀਕਾ ਵਰਗੇ ਜਿਹੜੇ ਦੇਸ਼ ਹੁਣ ਤਕ ਦਹਿਸ਼ਤਗਰਦਾਂ ਦੀਆਂ ਗਤੀਵਿਧੀਆਂ ਤੋਂ ਅਵੇਸਲੇ ਰਹੇ ਹਨ ਕੋਈ ਨਾ ਕੋਈ ਕਾਨੂੰਨੀ ਕਾਰਵਾਈ ਕਰਨ ਲਈ ਪਰੇਰੇ ਜਾਣਗੇ ਜਿਸਦਾ ਅੰਤਿਮ ਰੂਪ ਅਜਿਹੇ ਸਮਝੌਤੇ ਵਾਲਾ ਹੀ ਹੋਵੇਗਾ।

ਖਾਲਿਸਤਾਨ ਨਾਲ ਸਬੰਧਤ ਕਈ ਤਰ੍ਹਾਂ ਦੀਆਂ ਸੰਸਥਾਵਾਂ ਪੰਜਾਬ ਵਿਚ ਆਪਣੀਆਂ ਗਤੀਵਿਧੀਆਂ ਵਿਚ ਮਸਤ ਹਨ। ਕਸ਼ਮੀਰ ਲਿਬਰੇਸ਼ਨ ਫਰੰਟ ਨਾਲ ਸਬੰਧਤ ਅਜਿਹੀਆਂ ਹੀ ਜਥੇਬੰਦੀਆਂ ਜੰਮੂ-ਕਸ਼ਮੀਰ ਵਿਚ ਵੀ ਸਰਗਰਮ ਹਨ। ਇੰਗਲੈਂਡ, ਅਮਰੀਕਾ ਤੇ ਕੈਨੇਡਾ ਹੀ ਨਹੀਂ ਹੋਰ ਵੀ ਦੇਸ਼ ਇਨ੍ਹਾਂ ਜਥੇਬੰਦੀਆਂ ਦੇ ਮੈਂਬਰਾਂ ਨਾਲ ਨਰਮ ਵਤੀਰਾ ਜਤਾਉਂਦੇ ਆਏ ਹਨ। ਜਦੋਂ ਵੀ ਭਾਰਤ ਵਲੋਂ ਅਜਿਹੇ ਮੈਂਬਰਾਂ ਦੀ ਮੰਗ ਕੀਤੀ ਜਾਂਦੀ ਸੀ ਤਾਂ ਕਾਨੂੰਨ ਸਾਥ ਨਹੀਂ ਸੀ ਦਿੰਦਾ। ਕੈਨੇਡਾ ਵਿਚ ਤਾਂ ਇਹ ਦਹਿਸ਼ਤਪਸੰਦ ਉਨ੍ਹਾਂ ਦੀ ਆਪਣੀ ਅਮਨ—ਚੈਨ ਦੀ ਸਥਿਤੀ ਲਈ ਏਨਾ ਵੱਡਾ ਖਤਰਾ ਹੋ ਗਏ ਸਨ ਕਿ ਉਨ੍ਹਾਂ ਨੂੰ ਸਮਝੌਤਾ ਕਰਨਾ ਪੈ ਗਿਆ ਹੈ ਪਰ ਇੰਗਲੈਂਡ ਦੀ ਥੈਚਰ ਸਰਕਾਰ ਅਤੇ ਅਮਰੀਕਾ ਦੀ ਰੀਗਨ ਸਰਕਾਰ ਨੇ ਵੀ ਆਪਣੀ ਨਿਆਂ ਪ੍ਰਣਾਲੀ ਨੂੰ ਪੀਡੀ ਕਰਨ ਦਾ ਫੈਸਲਾ ਕਰ ਲਿਆ ਹੈ। ਭਾਰਤ-ਕੈਨੇਡਾ ਸਮਝੌਤੇ ਅਧੀਨ ਜਿਨ੍ਹਾਂ ਦੋਸ਼ੀਆਂ ਨੂੰ ਵਾਪਸ ਸੱਦੇ ਜਾਣ ਦੀ ਸੁਵਿਧਾ ਬਣੀ ਹੈ ਉਨ੍ਹਾਂ ਵਿਚ ਟੈਕਸਾਂ ਦੀ ਚੋਰੀ ਕਰਨ ਵਰਗੇ ਸਿਵਲ ਦੋਸ਼ਾਂ ਦੀ ਲੜੀ ਵੀ ਬਹੁਤ ਲੰਬੀ ਹੈ। ਹੁਣ ਕੈਨੇਡਾ ਦੇ ਦਰਵਾਜ਼ੇ ਬੈਂਕ ਤੋੜਨ ਵਾਲਿਆਂ ਤੇ ਦੂਜੇ ਹਤਿਆਰਿਆਂ ਲਈ ਹੀ ਬੰਦ ਨਹੀਂ ਹੋਏ ਸਗੋਂ ਟੈਕਸ ਚੋਰੀ ਕਰਨ ਵਾਲਿਆਂ ਲਈ ਵੀ ਬੰਦ ਹੋ ਗਏ ਹਨ। ਵਧੀਆ ਗੱਲ ਇਹ ਕੀਤੀ ਗਈ ਹੈ ਕਿ ਇਹ ਅਹਿਦਨਾਮਾ ਪਹਿਲਾਂ ਹੋ ਚੁੱਕੀਆਂ ਘਟਨਾਵਾਂ ਉਤੇ ਵੀ ਲਾਗੂ ਹੋਵੇਗਾ। ਨਵਿਆਂ ਲਈ ਤਾਂ ਦਰਵਾਜ਼ੇ ਬੰਦ ਹੋਏ ਹੀ ਹਨ ਜਿਹੜੇ ਦੋਸ਼ੀ ਪਹਿਲਾਂ ਹੀ ਕੈਨੇਡਾ ਵਿਚ ਸ਼ਰਨ ਲਈ ਬੈਠੇ ਹਨ ਅਹਿਦਨਾਮੇ ਦੇ ਅਧੀਨ ਉਨ੍ਹਾਂ ਨੂੰ ਵਾਪਸ ਲੈ ਕੇ ਕਾਨੂੰਨੀ ਕਾਰਵਾਈ ਕਰਨ ਦੀ ਸੁਵਿਧਾ ਹੋ ਗਈ ਹੈ। ਅਜਿਹੇ ਅਹਿਦਨਾਮਿਆਂ ਨਾਲ ਦੇਸ਼ਾਂ ਵਿਚਲੇ ਆਪਣੇ ਅਮਨ-ਚੈਨ ਦੀ ਸਥਿਤੀ ਤਾਂ ਸੁਧਰਨੀ ਹੀ ਹੈ, ਅੰਤਰਰਾਸ਼ਟਰੀ ਸਬੰਧਾਂ ਵਿਚ ਪੈਦਾ ਹੋਏ ਤਣਾਓ ਵੀ ਘੱਟ ਜਾਣ ਦੀ ਸੰਭਾਵਨਾ ਹੈ।

ਰੋਜ਼ਾਨਾ ਅਜੀਤ ਜਲੰਧਰ

**ਦੋ ਝੂਠੇ:** ਇਕ ਰਾਜੀਵ ਗਾਂਧੀ ਹੈ, ਜੋ ਭਾਰਤ ਦਾ ਪ੍ਰਧਾਨ ਮੰਤਰੀ ਹੈ, ਇਕ ਸੁਰਜੀਤ ਸਿੰਘ ਬਰਨਾਲਾ ਹੈ, ਜੋ ਪੰਜਾਬ ਦਾ ਮੁਖ ਮੰਤਰੀ ਹੈ। ਇਕ 20 ਜਨਵਰੀ ਦੀ ਪ੍ਰੈਸ ਕਾਨਫਰੰਸ ਵਿਚ 200 ਤੋਂ ਵੱਧ ਦੇਸੀ ਅਤੇ ਵਿਦੇਸ਼ੀ ਪੱਤਰਕਾਰਾਂ ਨੂੰ ਸਾਹਮਣੇ ਬਿਠਾਕੇ ਪੰਜਾਬ ਸਮਝੌਤੇ ਬਾਰੇ ਚਿੱਟਾ ਝੂਠ ਬੋਲਦਾ ਹੈ, ਦੂਜਾ 21 ਜਨਵਰੀ ਪ੍ਰੈਸ ਕਾਨਫਰੰਸ ਨੂੰ ਬੁਲਾਕੇ ਚੰਡੀਗੜ੍ਹ ਵਿਚ ਝੂਠ ਬੋਲਦਾ ਹੈ। ਇਕ ਕਹਿੰਦਾ ਹੈ ਕਿ ਕੇਂਦਰ ਪੂਰੀ ਸੁਹਿਦਰਤਾ ਨਾਲ ਪੰਜਾਬ ਸਮਝੌਤਾ ਲਾਗੂ ਕਰਨਾ ਚਾਹੁੰਦਾ ਹੈ ਪਰ ਅਕਾਲੀਆਂ ਦੀ ਨੀਅਤ ਸਾਫ ਨਹੀਂ। ਦੂਜਾ ਕਹਿੰਦਾ ਹੈ ਕਿ ਪੰਜਾਬ ਪੂਰੀ ਤਰ੍ਹਾਂ ਸਮਝੌਤਾ ਲਾਗੂ ਕਰਨਾ ਚਾਹੁੰਦਾ ਹੈ ਪਰ ਕੇਂਦਰ ਦੀ ਨੀਅਤ ਸਾਫ ਨਹੀਂ। ਇਕ ਕਹਿੰਦਾ ਹੈ ਕਿ ਉਨ੍ਹਾਂ ਖੁਫੀਆ ਏਜੰਸੀਆਂ ਰਾਹੀਂ ਪੂਰੀ ਜਾਣਕਾਰੀ ਹੈ ਕਿ ਬਰਨਾਲਾ ਵਜ਼ਾਰਤ ਦੇ ਕੁਝ ਵਜ਼ੀਰ ਅੱਤਵਾਦੀਆਂ ਨਾਲ ਮਿਲੇ ਹੋਏ ਹਨ। ਦੂਜਾ ਕਹਿੰਦਾ ਹੈ ਕਿ ਉਹ ਪੂਰੀ ਜ਼ਿੰਮੇਵਾਰੀ ਨਾਲ ਇਹ ਦਾਅਵਾ ਕਰਦਾ ਹੈ ਕਿ ਉਹਦੇ ਕਿਸੇ ਵਜ਼ੀਰ ਦਾ ਕਿਸੇ ਵੀ ਅੱਤਵਾਦੀ ਨਾਲ ਕੋਈ ਸਬੰਧ ਨਹੀਂ। ਇਕ ਕਹਿੰਦਾ ਹੈ ਕਿ ਚੰਡੀਗੜ੍ਹ ਦੂਜੇ ਦਿਨ ਪੰਜਾਬ ਦੇ ਹਵਾਲੇ ਹੋ ਸਕਦਾ ਹੈ ਜੇ ਪੰਜਾਬ ਦੇ 70 ਹਜ਼ਾਰ ਏਕੜ ਇਲਾਕਾ ਹਰਿਆਨਾ ਨੂੰ ਦੇ ਦੇਵੇ। ਦੂਜਾ ਕਹਿੰਦਾ ਹੈ ਕਿ ਸਮਝੌਤੇ ਵਿਚ ਕਿਧਰੇ ਵੀ ਇਹ ਮੱਦ ਦਰਜ ਨਹੀਂ ਕਿ ਚੰਡੀਗੜ੍ਹ ਦੇ ਬਦਲੇ 70 ਹਜ਼ਾਰ ਏਕੜ ਇਲਾਕਾ ਪੰਜਾਬ ਨੇ ਦੇਣਾ ਹੈ। ਪੰਜਾਬ ਕਿਸੇ ਉਸ ਕਮਿਸ਼ਨ ਦਾ ਬੱਧਾ ਨਹੀਂ ਹੋਇਆ ਜਿਸਦਾ ਸਮਝੌਤੇ ਵਿਚ ਜ਼ਿਕਰ ਨਹੀਂ। ਇਕ ਕਹਿੰਦਾ ਹੈ ਕਿ ਜੋਧਪੁਰ ਦੇ ਕੈਦੀਆਂ ਬਾਰੇ ਜਾਂ ਸਿੱਖ ਫੌਜੀਆਂ ਬਾਰੇ ਕੋਈ ਸਮਝੌਤਾ ਨਹੀਂ ਹੋਇਆ ਸੀ, ਦੂਜਾ ਕਹਿੰਦਾ ਹੈ ਕਿ ਬੜੇ ਸਾਫ ਸ਼ਬਦਾਂ ਵਿਚ ਉਨ੍ਹਾਂ ਨੂੰ ਜ਼ਬਾਨੀ ਇਹ ਯਕੀਨ ਦਿਵਾਇਆ ਗਿਆ ਸੀ ਕਿ ਜੋਧਪੁਰ ਦੇ ਕੈਦੀ ਰਿਹਾ ਕਰ ਦਿੱਤੇ ਜਾਣਗੇ ਤੇ ਬਾਗੀ ਸਿੱਖ ਫੌਜੀਆਂ ਨੂੰ ਪੂਰੀ ਤਰ੍ਹਾਂ ਫੌਜ ਵਿਚ ਜਾਂ ਦੂਜੀਆਂ ਨੌਕਰੀਆਂ ਵਿਚ ਥਾਵਾਂ ਦੇ ਕੇ ਉਨ੍ਹਾਂ ਦਾ ਮੁੜ ਵਸੇਵਾ ਕੀਤਾ ਜਾਏਗਾ। ਇਕ ਕਹਿੰਦਾ ਹੈ ਕਿ ਸਤਲੁਜ ਯਮਨਾ ਲਿੰਕ ਨਹਿਰ ਬਨਾਉਣ ਵਿਚ ਪੰਜਾਬ ਰੁਕਾਵਟਾਂ ਪਾ ਰਿਹਾ ਹੈ, ਦੂਜਾ ਕਹਿੰਦਾ ਹੈ ਪੰਜਾਬ ਰੁਕਾਵਟਾਂ ਨਹੀਂ ਪਾ ਰਿਹਾ, ਸਗੋਂ ਕੇਂਦਰ ਵਲੋਂ ਹੀ ਢਿੱਲ ਕੀਤੀ ਜਾ ਰਹੀ ਹੈ। ਇਕ ਕਹਿੰਦਾ ਹੈ ਕਿ ਪੰਜਾਬ ਸਰਕਾਰ ਅੱਤਵਾਦੀਆਂ ਨੂੰ ਦਬਾਉਣ ਵਿਚ ਢਿੱਲ ਵਿਖਾ ਰਹੀ ਹੈ, ਹਾਲਾਂਕਿ ਕੇਂਦਰ ਨੇ ਇਸ ਪ੍ਰਸੰਗ ਵਿਚ ਹਰ ਸਹਾਇਤਾ ਦਿਤੀ ਹੈ ਤੇ ਵੱਧ ਤੋਂ ਵੱਧ ਕੇਂਦਰੀ ਨੀਮ ਫੌਜੀ ਪੰਜਾਬ ਨੂੰ ਦਿੱਤੇ ਹਨ, ਦੂਜਾ ਕਹਿੰਦਾ ਹੈ ਉਨ੍ਹਾਂ ਨੂੰ ਨੀਮ ਫੌਜੀ ਨਹੀਂ ਚਾਹੀਦੇ ਸਗੋਂ ਅੱਤਵਾਦ ਦਾ ਮੁਕਾਬਲਾ ਕਰਨ ਲਈ ਸਿਆਸੀ ਅਤੇ ਇਖਲਾਕੀ ਮੱਦਦ ਦੀ ਲੋੜ ਹੈ, ਜੋ ਕਿ ਕੇਂਦਰ ਨਹੀਂ ਦੇ ਰਿਹਾ। ਇਕ ਕਹਿੰਦਾ ਹੈ ਬਰਨਾਲਾ ਬੜਾ.....(ਭਾਵੇਂ ਗਾਹਲ ਕੱਢ ਲਵੋ, ਭਾਵੇਂ ਬੇਈਮਾਨ ਕਹਿ ਲਵੋ ਭਾਵੇਂ ਝੂਠਾ ਕਹਿ ਲਵੋ.....। ਦੂਜਾ ਕਹਿੰਦਾ ਹੈ ਰਾਜੀਵ ਬੜਾ......(ਇਥੇ ਵੀ ਭਾਵੇਂ ਵੱਡੀ ਸਾਰੀ ਗਾਲ੍ਹ ਕੱਢ ਲਵੋ, ਬੇਈਮਾਨ ਕਹਿ ਲਵੋ, ਝੂਠਾ ਕਹਿ ਲਵੋ...... ।)

ਲੋਕਾਂ ਅੱਗੇ ਹੁਣ ਇਹ ਸਪਸ਼ੱਟ ਗੱਲ ਆ ਗਈ ਹੈ ਕਿ ਦੋਨੋਂ ਵੱਡੀਆਂ ਪਦਵੀਆਂ ਤੇ ਬੈਠੇ ਬਹੁਤ ਵੱਡੇ ਝੂਠੇ ਹਨ। ਰਾਜੀਵ ਹਰਿਆਨੇ ਵਿਚ ਆਪਣੀ ਪਾਰਟੀ ਦੇ ਹਿੱਤ ਬਚਾਉਣ ਦੀ ਖਾਤਰ ਮੀਸਣਿਆਂ ਵਾਕੁਨ ਮਿਨਾ ਮਿਨਾ ਮੁਸਕਰਾਕੇ ਸਫੇਦ ਤੋਂ ਲੈ ਕੇ ਕਾਲੇ ਤਕ ਹਰ ਰੰਗ ਦਾ ਝੂਠ ਬੋਲ ਸਕਦਾ ਹੈ ਅਤੇ ਸਰਦਾਰ ਬਰਨਾਲਾ ਆਪਣੀ ਕੁਰਸੀ ਬਚਾਉਣ ਲਈ ਕਿਸੇ ਝੂਠ ਵਿਚ ਪਿਛੇ ਨਹੀਂ ਰਹਿਣਾ ਚਾਹੁੰਦਾ। ਸਿਤਮ ਦੀ ਗੱਲ ਹੈ ਕਿ ਇਹ ਦੋਨੋਂ ਝੂਠੇ ਇਕ ਦੂਜੇ ਦੇ ਪ੍ਰਸ਼ੰਸਕ ਵੀ ਹਨ। ਬਰਨਾਲਾ ਕਹਿੰਦਾ ਹੈ ਕਿ ਰਾਜੀਵ ਪੰਜਾਬ ਸਮਝੌਤਾ ਲਾਗੂ ਕਰਨ ਵਿਚ ਬੜਾ ਸੁਹਿਰਦ ਹੈ ਸਗੋਂ ਉਹਦਾ ਜਿਹੜਾ ਗ੍ਰਹਿ ਮੰਤਰਾਲਾ ਉਹਨੂੰ ਜਾਣਕਾਰੀ ਠੀਕ ਨਹੀਂ ਦੇਂਦਾ ਰਾਜੀਵ ਕਹਿੰਦਾ ਹੈ, ਬਰਨਾਲੇ ਤੋਂ ਸਿਵਾ ਹੋਰ ਕੋਈ ਨਹੀਂ, ਜਿਹੜਾ ਅੱਤਵਾਦ ਦੇ ਵਿਰੁੱਧ ਲੜਾਈ ਦੇ ਸਕੇ, ਇਸ ਲਈ ਅਸੀਂ ਪੰਜਾਬ ਵਿਚ ਉਹਦੀ ਵਜ਼ਾਰਤ ਨੂੰ ਸਮਰਥਨ ਦੇ ਰਹੇ ਹਾਂ। ਇਨ੍ਹਾਂ ਝੂਠਿਆਂ ਦੀ ਨੀਤੀਆਂ ਕਰਕੇ ਹੀ ਪੰਜਾਬ ਸੜ ਰਿਹਾ ਹੈ। ਬੇਦੋਸ਼ੇ ਮਾਰੇ ਜਾ ਰਹੇ ਹਨ ਭਾਵੇਂ ਅੱਤਵਾਦੀਆਂ ਦੀਆਂ ਗੋਲੀਆਂ ਨਾਲ ਭਾਵੇਂ ਬਾਰਡਰ ਤੇ ਬੀ.ਐਸ.ਐਫ. ਦੀਆਂ ਗੋਲੀਆਂ ਨਾਲ। ਔਰਤਾਂ ਦੀ ਪੱਤ ਰੋਲੀ ਜਾ ਰਹੀ ਹੈ ਭਾਵੇਂ ਤਰਨਤਾਰਨ ਵਿਚ ਅੱਤਵਾਦੀਆਂ ਦੇ ਹੱਥੋਂ ਭਾਵੇਂ ਬ੍ਰਹਮਪੁਰਾ ਵਿਚ ਸੀ.ਆਰ.ਪੀ.ਐਫ. ਵਲੋਂ। ਇਨ੍ਹਾਂ ਹਾਲਾਤ ਵਿਚ ਲੋਕ ਕੀ ਕਰਨ? ਇਕ ਬੜਾ ਵੱਡਾ ਪ੍ਰਸ਼ਨ ਉਨ੍ਹਾਂ ਦੇ ਸਾਹਮਣੇ ਹੈ। ਹਿੰਦੂ ਅਤੇ ਸਿੱਖ ਰਾਏਆਮਾਂ ਪੂਰੀ ਤਰ੍ਹਾਂ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਸਿੱਖ ਸੰਸਥਾਵਾਂ ਜੇਕਰ ਸੀ.ਆਰ.ਪੀ.ਐਫ ਦੀ ਵਾਪਸੀ ਦੀ ਮੰਗ ਕਰਦੀਆਂ ਹਨ ਤਾਂ ਹਿੰਦੂ ਸੰਸਥਾਵਾਂ ਇਕ ਦਮ ਹਰਕਤ ਵਿਚ ਆ ਆਂਦੀਆਂ ਹਨ ਕਿ ਜੇਕਰ ਇਹ ਫੋਰਸ ਪੰਜਾਬ ਵਚੋਂ ਵਾਪਸ ਬੁਲਾ ਲਈ ਗਈ ਤਾਂ ਉਨ੍ਹਾਂ ਦੀ ਰਖਵਾਲੀ ਕੌਣ ਕਰੇਗਾ? ਇਸ ਵੰਡੀ ਹੋਈ ਰਾਏਆਮਾ ਕਰਕੇ ਹੀ ਇਹ ਝੂਠੇ ਕਾਇਮ ਹਨ ਤੇ ਬੜੀ ਬੇਸ਼ਰਮੀ ਨਾਲ ਆਪਣੀਆਂ ਆਪਣੀਆਂ ਪ੍ਰੈਸ ਕਾਨਫਰੰਸਾਂ ਕਰਕੇ ਵੱਡੇ ਤੋਂ ਵੱਡਾ ਝੂਠ ਬੋਲ ਸਕਦੇ ਹਨ। ਇਹ ਜੇਕਰ ਇਕ ਪ੍ਰੈਸ ਇਕੱਠੀ ਕਰ ਲੈਣ ਤਾਂ ਝੂਠ ਸੱਚ ਦਾ ਨਿਤਾਰਾ ਹੋ ਜਾਵੇ, ਇਸ ਝੂਠ ਦੇ ਪਸਾਰੇ ਵਿਚ ਕੁਝ ਸੈਕੂਲਰ ਸੋਚਦੇ ਲੋਕ ਹੀ ਹਨ, ਜੋ ਰੌਸ਼ਨੀ ਦੀ ਕਿਰਨ ਸਾਬਤ ਹੋ ਸਕਦੇ ਹਨ ਅਤੇ ਨਿਰਪੱਖ ਹੋ ਕੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿ ਸਕਦੇ ਹਨ। ਹੁਣ ਸਿਰਫ ਨਹਿਰਾਂ ਦੇ ਪਾਣੀ ਜਾਂ ਚੰਡੀਗੜ੍ਹ ਹੀ ਸਵਾਲ ਨਹੀਂ ਰਹਿ ਗਏ, ਜ਼ਿੰਦਗੀ ਦੀ ਹਰ ਚੰਗੀ ਕਦਰ ਤੇ ਕੀਮਤ ਖਤਰੇ ਵਿਚ ਹੈ। 20 ਦਸੰਬਰ ਜਦੋਂ ਪ੍ਰਧਾਨ ਮੰਤਰੀ ਪ੍ਰੈਸ ਕਾਨਫਰੰਸ ਕਰ ਰਿਹਾ ਸੀ ਤਾਂ ਲੁਧਿਆਨੇ ਵਿਚ ਉਹਦੀ ਪਾਰਟੀ ਦੇ ਇਕ ਕਾਰਕੁਨ ਦਾ ਆਰਥੀ ਜਲੂਸ ਨਿਕਲ ਰਿਹਾ ਸੀ, ਜਿਸ ਵਿਚ ਉਹਦਾ ਨਾਂ ਲੈ ਕੇ ਸਿਆਪਾ ਹੋ ਰਿਹਾ ਸੀ, ਪੰਜਾਬ ਸਰਕਾਰ ਦਾ ਸਿਆਪਾ ਹੋ ਰਿਹਾ ਸੀ, ਗਵਰਨਰ ਦਾ ਸਿਆਪਾ ਹੋ ਰਿਹਾ ਸੀ। ਇਹ ਭਾਵੇਂ ਵਕਤੀ ਗੁੱਸੇ ਦਾ ਵਿਖਾਵਾ ਸੀ ਅਤੇ ਇਸ ਗੁੱਸੇ ਅਤੇ ਰੋਹ ਦੀ ਦਿਸ਼ਾ ਗਲਤ ਪਾਸੇ ਹੋ ਜਾਣ ਦੀ ਵੀ ਸੰਭਾਵਨਾ ਸੀ ਪਰ ਇਹ ਗੁੱਸਾ ਹਰ ਲਿਹਾਜ਼ ਨਾਲ ਜਾਇਜ਼ ਸੀ। ਸਦਭਾਵਨਾ ਜਲੂਸਾਂ ਵਿਚ ਅਮਨ ਮਾਰਚਾਂ ਵਿਚ ਅਤੇ ਹੋਰ ਰੈਲੀਆਂ ਵਿਚ ਜਿਥੇ 'ਲੋਕ ਏਕਤਾ

ਬਾਕੀ ਪੰਨਾ 13 'ਤੇ

AUTOPLAN | HOME INSURANCE | LIFE INSURANCE | BUSINESS INSURANCE

**CENTRAL VALLEY INSURANCE**

(ਪੁਰਾਣੇ ਗੁਰਦੁਆਰੇ ਦੇ ਨਾਲ) AGENCIES LTD.

#107 - 33119 South Fraser Way, Abbotsford

BUS. 852-9252

RES. 826-2868

**ਕੀ ਤੁਸੀਂ ਸਹੀ ਇਨਸ਼ੋਰੈਂਸ ਕਰਾਈ ਹੋਈ ਹੈ?**

ਇਨਸ਼ੋਰੈਂਸ ਦਾ ਜਿੱਥੇ ਵੀ ਸਵਾਲ ਉਠੇ, ਫੌਰਨ ਸਾਡੀ ਸਲਾਹ ਲਵੋ

ਜੇ ਤੁਸੀਂ ਘਰ, ਫਾਰਮ, ਕਾਰ, ਘਰ ਦਾ ਸਮਾਨ, ਦੁਕਾਨ, ਬਿਜ਼ਨਸ ਜਾਂ ਹੋਰ ਕਿਸੇ ਚੀਜ਼ ਦਾ ਇਨਸ਼ੋਰੈਂਸ ਕਰਵਾਉਣਾ ਹੋਵੇ ਤਾ ਸਾਨੂੰ ਮਿਲੋ ਜਾਂ ਫੋਨ ਕਰੋ ਅਸੀਂ ਤੁਹਾਨੂੰ ਫਰੀ ਐਸਟੀਮੇਟ ਤੇ ਲੋੜੀਂਦੀ ਸਲਾਹ ਵੀ ਦੇਵਾਂਗੇ।

Autoplan



HARJINDER SINGH DEOL

ਹਰਜਿੰਦਰ ਸਿੰਘ ਦਿਓਲ

MARKETING MANAGER

## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ

## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address.......................................................
City............................................................
Province.......................................................
Postal code...................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA.............................. | 100 dollars[a year] |
| U.S.A. .......................... | 30 dollars [a year] |
| Furope .......................... | 100 dollars[a year] |
| Africa ............................ | 100 dollars [a year] |

# ਕਮਿਊਨਿਸਟ ਪਾਰਟੀਆਂ ਵੱਲੋਂ ਬਰਨਾਲਾ ਦੇ ਸਟੈਂਡ ਦੀ ਸ਼ਲਾਘਾ

ਜਲੰਧਰ:ਸੀ.ਪੀ.ਐਮ. ਦੇ ਸੂਬਾ ਸਕੱਤਰੇਤ ਨੇ ਪੰਜਾਬ ਦੇ ਮੁੱਖ ਮੰਤਰੀ ਸ.ਸੁਰਜੀਤ ਸਿੰਘ ਬਰਨਾਲਾ ਵਲੋਂ ਆਪਣੀ ਅਗਵਾਈ ਹੇਠਲੇ ਅਕਾਲੀ ਦਲ (ਲੌਂਗੋਵਾਲ) ਦੀ ਵੱਖਰੀ ਹਸਤੀ ਬਣੀਏ ਰੱਖਣ ਤੇ ਅਕਾਲ ਤਖਤ ਦੇ ਜਥੇਦਾਰ ਦੇ ਕਹਿਣ: ਉੱਤੇ ਅਸਤੀਫਾ ਨਾ ਦੇਣ ਲਈ ਚੁੱਕੇ ਕਦਮ ਦੀ ਸ਼ਲਾਘਾ ਕੀਤੀ ਹੈ।

ਪਾਰਟੀ ਦੇ ਜਨਰਲ ਸਕੱਤਰ ਸ੍ਰੀ ਗੁਰਚਰਨ ਸਿੰਘ ਰੰਧਾਵਾ ਨੇ ਇਥੇ ਜਾਰੀ ਇਕ ਪ੍ਰੈਸ ਬਿਆਨ ਰਾਹੀਂ ਸ੍ਰੀ ਬਰਨਾਲਾ ਨੂੰ ਕਿਹਾ ਕਿ ਉਹ 'ਦੁਚਿੱਤੀ'ਛੱਡ ਕੇ ਦਲੇਰਾਨਾ ਤੇ ਧਰਮ ਨਿਰਪੇਖ ਸਟੈਂਡ ਲੈਣ ਅਤੇ ਇਹ ਸਪਸ਼ਟ ਕਹਿਣ ਕਿ ਉਨ੍ਹਾਂ ਦੀ ਪਾਰਟੀ ਦੇ ਰਾਜਸੀ ਮਾਮਲਿਆਂ ਵਿਚ ਧਰਮ ਨੂੰ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ।

ਸ੍ਰੀ ਰੰਧਾਵਾ ਨੇ ਦੋਸ਼ ਲਾਇਆ ਕਿ ਅਕਾਲ ਤਖਤ ਦਾ ਜਥੇਦਾਰ ਅਕਾਲੀ ਦਲਾਂ 'ਚ ਏਕੇ ਦੀ ਆੜ ਹੇਠ ਖਾਲਿਸਤਾਨ ਪੱਖੀ ਪੰਥਕ ਕਮੇਟੀ ਦੀ ਮਦਦ ਕਰਨ ਲਈ ਆਪਣੀ ਧਾਰਮਿਕ ਰੁਤਬੇ ਨੂੰ ਵਰਤ ਰਿਹਾ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਪੰਥਕ ਕਮੇਟੀ,ਜਿਸ ਨੇ ਪਿਛਲੇ ਸਾਲ 29 ਅਪਰੈਲ ਨੂੰ "ਖਾਲਿਸਤਾਨ"ਦੀ ਕਾਇਮੀ ਲਈ ਯੁੱਧ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ,ਸਾਮਰਾਜੀ ਤਾਕਤਾਂ ਦੇ ਹੱਥਾਂ ਵਿਚ ਖੇਡ ਕੇ ਦੇਸ਼ ਦੇ ਟੋਟੇ ਕਰਨ 'ਚ ਲੱਗੀ ਹੋਈ ਹੈ।

ਸੂਬਾ ਸਕੱਤਰੇਤ ਨੇ ਕਿਹਾ ਕਿ ਹੁਣ ਇਹ ਸਮਾਂ ਆ ਗਿਆ ਹੈ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿਚ ਤੇ ਇਸਦੇ ਵਿਰੁੱਧ ਖੜ੍ਹਨ; .ਵਾਲੀਆਂ ਸ਼ਕਤੀਆਂ ਵਿਚਾਲੇ ਲੀਰ ਖਿੱਚੀ ਜਾਵੇ।

ਇਸ ਨੇ ਕਾਂਗਰਸ (ਆਈ) ਵਲੋਂ ਬਰਨਾਲਾ ਸਰਕਾਰ ਦੀ ਮਦਦ ਕਰਨ ਲਈ ਲਏ ਸਟੈਂਡ ਦਾ ਵੀ ਸਵਾਗਤ ਕੀਤਾ। ਸੀ.ਪੀ.ਐਮ.ਨੇ ਕਾਂਗਰਸ (ਆਈ) ਤੇ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚ ਸੀ.ਪੀ.ਆਈ ਤੇ ਸੀ.ਪੀ.ਐਮ.ਵਲੋਂ ਅਤਿਵਾਦ ਤੇ ਦਹਿਸ਼ਤਵਾਦ ਵਿਰੁੱਧ ਚਲਾਈ ਜਾ ਰਹੀ ਮੁਹਿਮ ਵਿਚ ਸ਼ਾਮਲ ਹੋਣ।

# ਸਿਆਸੀ ਘਰੂਟ —ਘਰੂਟਾਂ ਵਾਲੇ ਦੀ ਕਲਮ ਤੋਂ

- ਗੋਰਖਿਆਂ ਨੂੰ ਹਥਿਆਰਾਂ ਦੀ ਪੇਸ਼ਕਸ਼ ..... ਗੱਪਸਤਾਨ
— ਤੁਹਾਨੂੰ ਤਕਲੀਫ ਕਰਨ ਦੀ ਕੀ ਲੋੜ ਹੈ — ਸੀ. ਆਈ. ਏ. ਆਪੇ ਹੀ ਪਹੁੰਚਾ ਦੇਵੇਗੀ !
- ਸਤਵੰਤ ਸਿੰਘ ਨੇ ਅਪੀਲ ਕੀਤੀ
— ਉਹ ਵਿਚਾਰਾ ਤਰਲੇ ਲੈ ਰਿਹਾ ਹੈ ਕਿ ਉਸਨੇ ਕਤਲ ਨਹੀਂ ਕੀਤਾ ਪਰ ਵਾਰਾਂ ਗਾਉਣ ਵਾਲੇ ਜਿਉਂਦੇ ਨੂੰ ਹੀ ਸ਼ਹੀਦ ਕਹੀ ਜਾਂਦੇ ਹਨ!
- ਬਿਆਨ ਦਾਗਣ ਦੀ ਦੌੜ
— ਗੋਲੀਆਂ ਦਾਗਣ ਨਾਲੋਂ ਮਾੜੀ ਨਹੀਂ !
- ਨਵੀਆਂ ਨਿਯੁਕਤੀਆਂ
— ਤੈਨੂੰ ਕਿਹੜਾ ਮਹਿਕਮਾ ਦਿਤਾ ਜਾ ਰਿਹਾ ਹੈ ?
- ਮੁਅੱਤਲ .... ਬਰਤਰਫ ..... ਡਿਸਮਿਸ
— ਪਰ ਅਗਲੇ ਤਾਂ ਮੁਆਫੀਆਂ ਧੜਾ ਧੜ ਮੰਗ ਰਹੇ ਹਨ !
- ਕੈਨੇਡਾ ਸਰਕਾਰ ਨੂੰ ਵਧਾਈ ....
— ਇਕ ਪਾਸੇ ਵਧਾਈਆਂ ਦੂਜੇ ਪਾਸੇ ਮੁਜ਼ਾਹਰੇ .... ਤੁਹਾਡੀਆਂ ਤੁਸੀਂ ਹੀ ਜਾਣੋਂ !
- ਬਰਨਾਲੇ ਦੀ ਚਿੱਠੀ .....
— ਤੁਹਾਨੂੰ ਵੀ ਆ ਗਈ ? ਏਸੇ ਨੂੰ ਕਹਿੰਦੇ ਹਨ ਮੌਕਾਪ੍ਰਸਤੀ !
- ਅਸੈਂਬਲੀ ਦੀਆਂ ਸੀਟਾਂ ਬਚਾਉਣ ਲਈ ....
— ਬੇਸ਼ੱਕ ਝੂਠ ਵੀ ਬੋਲਣਾ ਪਏ ਤਾਂ ਕੋਈ ਹਰਜ਼ ਨਹੀਂ !
- ਮੈਂਬਰ ਨਹੀਂ ਟੁੱਟੇ .....
— ਪਰ ਤੂੰ ਤਾਂ ਪਹਿਲਾਂ ਹੀ ਸੁਰਖੀਆਂ ਲਾਉਣ ਡਹਿ ਪੈਨੋਂ !
- ਰਾਸ਼ਟਰਪਤੀ ਰਾਜ ਨਹੀਂ
— ਕਿਹੜੇ 'ਰਾਸ਼ਟਰਪਤੀ' ਦੀ ਗੱਲ ਕਰਦੇ ਹੋ ?
- ਵੀਜ਼ੇ ਤੋਂ ਨਾਂਹ
— 'ਕਰੋੜਪਤੀ' ਯਾਰ ਛੋਲੇ ਵੱਢਣ ਨੂੰ ਰੱਖੇ ਹਨ ?
- ਭੁਲੇਖਾ ਦੂਰ ਕਰੋ
— ਕਿ ਅਸੀਂ ਜਦ ਜੀਅ ਚਾਹੇ ਪਾਸਾ ਪਲਟ ਜਾਂਦੇ ਹਾਂ !
- ਸਹਾਇਤਾ ਕਰੋ
— ਨਹੀਂ ਤਾਂ ਸਾਨੂੰ ਕੋਈ ਹੋਰ ਫੰਡ ਚਲਾਕੇ ਘਾਟਾ ਪੂਰਾ ਕਰਨਾ ਪਵੇਗਾ !
- ਭਾਰੀ ਗੁੱਸਾ
— ਕਿ ਲੀਡਰ ਆਪ ਵੀਜ਼ਾ ਲੈ ਜਾਂਦੇ ਹਨ, ਦੂਜਿਆਂ ਦੇ ਗੋਡੇ ਲਵਾਉਂਦੇ ਹਨ !
- ਅੱਧ-ਅਸਮਾਨੇ ਬੰਬਾਂ ਨਾਲ ਉਡਾ ਰਹੇ ਹਨ .....
— ਕਿਤੇ ਸਾਬਕਾ ਭਾਈਵਾਲਾਂ ਦੀ ਗੱਲ ਤਾਂ ਨਹੀਂ ਹੋ ਰਹੀ ?
- ਨਫਰਤ ਵੇਚ ਰਹੇ ਹਨ ......
— ਫਿਰਕੂ 'ਪੱਤਰਕਾਰ'?
- ਨੰਗੀ ਚਿੱਟੀ ਬਗਾਵਤ ......
— ਬਹੁਤੀ ਦੇਰ ਨਹੀਂ, ਹੋਣ ਹੀ ਵਾਲੀ ਹੈ .... ਫੇਰ ਭੱਜਿਆਂ ਰਾਹ ਨਹੀਂ ਲੱਭਣਾ
- ਅਗਲੇ ਅੰਕ ਵਿਚ ਪੜ੍ਹੋ .....
— ਕਿ ਖਾਲਿਸਤਾਨੀ ਤੇ ਕਾਂਗਰਸੀ ਕਿੰਝ ਭਾਈਵਾਲ ਬਣੇ ?

# ਸ਼ੋਕ ਸਮਾਚਾਰ



ਖਬਰ ਮਿਲੀ ਹੈ ਕਿ ਕਮਿਊਨਿਸਟ ਪਾਰਟੀ (ਮਾਰਕਸੀ) ਦੇ ਉਘੇ ਤੇ ਪੁਰਾਣੇ ਘੁਲਾਟੀਏ ਕਾਮਰੇਡ ਸਵਰਨ ਸਿੰਘ "ਕਿਰਤੀ" (ਪਿੰਡ ਧੂਤਕਲਾਂ, ਜ਼ਿਲਾ ਹੁਸ਼ਿਆਰਪੁਰ) ਦਾ ਦਿਹਾਂਤ 30/12/1986 ਨੂੰ ਹੋ ਗਿਆ। ਕਾ: "ਕਿਰਤੀ" ਜੀ ਪਾਰਟੀ ਦੇ ਲਾਈਫ ਮੈਂਬਰ ਸਨ ਤੇ ਆਪਣੀ ਚੜ੍ਹਦੀ ਉਮਰ ਤੋਂ ਲੈ ਕੇ ਮਰਦੇ ਦਮ ਤੱਕ, ਪਾਰਟੀ ਦੇ ਵਫਾਦਾਰ ਤੇ ਸਰਗਰਮ ਵਰਕਰ ਰਹੇ। ਉਹ ਪਾਰਟੀ ਦੀ ਸਿਰਜਣਾਂ ਸਮੇਂ ਤੋਂ ਜਥੇਦਾਰ ਊਧਮ ਸਿੰਘ "ਨਾਗੋਕੇ", ਕਾ: ਸੋਹਣ ਸਿੰਘ "ਜੋਸ਼" ਅਤੇ ਗਦਰੀ ਬਾਬਿਆਂ ਦੀ ਪ੍ਰੇਰਨਾ ਨਾਲ ਅਕਾਲੀ ਪਾਰਟੀ ਨੂੰ ਤਿਆਗ ਕੇ ਕਮਿਊਨਿਸਟ ਪਾਰਟੀ ਵਿਚ ਆ ਸ਼ਾਮਲ ਹੋਏ ਸਨ।

ਅੰਗਰੇਜ਼ ਸਰਕਾਰ ਵੇਲੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਪਾਰਟੀ ਦੇ ਪ੍ਰੋਗਰਾਮਾਂ ਅਨੁਸਾਰ ਸਰਕਾਰ ਦੇ ਸੰਚਾਰ ਨੂੰ ਭੰਗ ਕਰਨ ਤੇ ਇਨਕਲਾਬੀ ਘੁਲਾਟੀਆਂ ਲਈ ਹਥਿਆਰ ਹਾਸਿਲ ਕਰਨ ਦੀ ਜ਼ਿਮੇਵਾਰੀ ਨੂੰ ਕਾ: ਕਿਰਤੀ ਜੀ ਨੇ ਭਲੀ ਭਾਂਤ ਨਿਭਾਇਆ ਕਿਉਂਕਿ ਉਹ ਹਥਿਆਰਬੰਦ ਇਨਕਲਾਬ ਦੇ ਹਾਮੀ ਸਨ।

ਸੂਬਾ ਪੰਜਾਬ ਪਾਰਟੀ ਦੇ ਸਕੱਤਰੇਤ ਨਾਲ ਸਬੰਧਤ ਹੋਣ ਕਰਕੇ "ਕਿਰਤੀ" ਜੀ ਦੇ ਨਿਕਟ ਵਰਤੀ ਉਘੇ ਸਾਥੀ ਪੰਡਤ ਕਿਸ਼ੋਰੀ ਲਾਲ ਜੀ, ਕਾ: ਹਰਕਿਸ਼ਨ ਸਿੰਘ ਸੁਰਜੀਤ, ਕਾ: ਸਤਵੰਤ ਜੀ, ਕਾ: ਦੇਸ ਰਾਜ ਚੱਢਾ ਜੀ, ਕਾ: ਦਲੀਪ ਸਿੰਘ ਜੌਹਲ ਅਤੇ ਕਾ: ਚੰਨਣ ਸਿੰਘ ਧੂਤ ਸਨ, ਜਿਨ੍ਹਾਂ ਨਾਲ "ਕਿਰਤੀ" ਨੇ ਮੋਢੇ ਨਾਲ ਮੋਢਾ ਜੋੜ ਕੇ ਕਠਨ ਤੋਂ ਕਠਨ ਸਮੇਂ ਸਾਥ ਦਿੱਤਾ। ਅੱਜ ਅਸੀਂ ਸਾਰੇ ਕਨੇਡਾ ਨਿਵਾਸੀ ਸਾਥੀ ਉਸ ਵਫਾਦਾਰ ਸਾਥੀ ਨੂੰ ਆਪਣੀ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।

ਸਾਥੀ "ਕਿਰਤੀ" ਜੀ ਦੇ ਵੱਡੇ ਭਾਈ ਬਾਬੂ ਨਿਰਮਲ ਸਿੰਘ "ਨਾਜ਼" ਜੋ ਸੰਨ 1956 ਤੋਂ ਸੰਨ 1969 ਤੱਕ ਪਾਰਟੀ ਦੇ ਰੋਜ਼ਾਨਾ ਅਖਬਾਰ "ਨਵਾਂ ਜ਼ਮਾਨਾ" ਜਲੰਧਰ ਦੇ ਜਨਰਲ ਮੈਨੇਜਰ ਤੇ ਪ੍ਰਿੰਟਿੰਗ ਪ੍ਰੈਸ ਦੇ ਇਨਚਾਰਜ ਰਹੇ। ਅੱਜ ਕੱਲ੍ਹ ਆਪਣੇ ਪਰਵਾਰ ਨਾਲ ਵਿਨੀਪੈਗ ਵਿਚ ਮੌਜੂਦ ਹਨ, ਉਹਨਾਂ ਦੇ ਪਰਵਾਰ ਨੇ "ਕਿਰਤੀ" ਜੀ ਦੀ ਮਿਰਤੂ ਦੇ ਕ੍ਰਿਆ ਕਰਮ ਵਜੋਂ, ਗੁਰਦੁਆਰਾ ਸਿੰਘ ਸਭਾ ਵਿਖੇ 25/1/87 ਨੂੰ ਅਖੰਡ ਪਾਠ ਕਰਾ ਕੇ ਵਿਨੀਪੈਗ ਦੀਆਂ ਸੰਗਤਾਂ ਨੂੰ ਸੱਦਾ ਦੇ ਕੇ ਮਿਰਤਕ ਦੇ ਨਮਿਤ ਯਥਾਸ਼ਕਤ ਲੰਗਰ ਸੇਵਾ ਕਰਕੇ ਆਪਣਾ ਫਰਜ਼ ਪੂਰਾ ਕੀਤਾ।

ਕਾ: ਕਿਰਤੀ ਜੀ ਸੰਨ 1962 ਵਿਚ ਪੰਡਤ ਵਿਸ਼ਨੂੰ ਦੱਤ ਜੀ (ਜੋ ਕਿ ਭਗਤ ਸਿੰਘ ਜੀ ਸ਼ਹੀਦ ਦੇ ਪਿੰਡ ਖਟਕੜ ਕਲਾਂ ਨਿਵਾਸੀ ਤੇ ਸਮਕਾਲੀ ਹਨ) ਦੇ ਸੱਦੇ ਉਤੇ ਇੰਗਲੈਂਡ ਚਲੇ ਗਏ ਸਨ ਤੇ 20 ਸਾਲ ਇੰਗਲੈਂਡ ਲੰਡਨ, ਵਿਚ ਰਹਿੰਦਿਆਂ ਓਥੇ ਦੀ ਕਮਿਊਨਿਸਟ ਪਾਰਟੀ ਦੀ ਜਥੇਬੰਦੀ ਨੂੰ ਮਜ਼ਬੂਤ ਬਣਾਉਣ ਲਈ ਜੱਦੋ ਜਹਿਦ ਕਰਦੇ ਰਹੇ। ਐਸੇ ਵਫਾਦਾਰ ਸਾਥੀ ਦੀ ਘਾਟ ਪਾਰਟੀ ਨੂੰ ਹਮੇਸ਼ਾ ਰੜਕਦੀ ਰਹੇਗੀ।

ਵਲੋਂ : ਰਾਜਿੰਦਰ ਧਾਲੀਵਾਲ, ਵਿੰਨੀਪੈਗ

1913-1986
ਸਵਰਨ ਸਿੰਘ "ਕਿਰਤੀ"

# ਚੀਨੀ ਜੋੜਿਆਂ ਦੇ ਵਿਆਹ ਮਹਿੰਗੇ

ਨਵੀਂ ਦਿੱਲੀ:ਵਿਆਹ ਚੀਨੀਆਂ ਲਈ ਬਹੁਤ ਮਹਿੰਗਾ ਪੈਂਦਾ ਹੈ। ਕਈ ਵਾਰ ਤਾਂ ਚੀਨੀ ਜੋੜੇ ਆਪਣੇ ਵਿਆਹ ਤੇ ਆਪਣੀ ਸਾਲਾਨਾ ਆਮਦਨ ਤੋਂ ਚਾਰ-ਚਾਰ ਗੁਣਾਂ ਵੱਧ ਖਰਚ ਕਰ ਦਿੰਦੇ ਹਨ। ਬੀਜਿੰਗ ਸਮੇਤ ਚੀਨ ਦੇ 20 ਸ਼ਹਿਰਾਂ ਵਿਚ ਕੀਤੇ ਗਏ ਸਰਵੇਖਣ ਅਨੁਸਾਰ ਵਿਆਹ ਕਰਾਉਣ ਦੀਆਂ ਤਿਆਰੀਆਂ ਤੇ ਇਕ ਜੋੜਾ ਔਸਤਨ 1800 ਅਮਰੀਕੀ ਡਾਲਰ ਦੇ ਬਰਾਬਰ ਰਕਮ ਖਰਚ ਕਰਦਾ ਹੈ। ਵਿਆਹ ਪਿਛੋਂ ਬਹੁਤੇ ਜੋੜੇ ਹਨੀਮੂਨ ਤੇ ਜਾਣਾ ਚਾਹੁੰਦੇ ਹਨ ਜਾਂ ਵੱਡੀ ਪਾਰਟੀ ਦੇਣਾ ਚਾਹੁੰਦੇ ਹਨ ਜਦਕਿ ਕਈ ਜੋੜੇ ਇਹ ਦੋਵੇਂ ਗੱਲਾਂ ਹੀ ਚਾਹੁੰਦੇ ਹਨ। ਸਰਵੇਖਣ ਅਨੁਸਾਰ ਅੱਜਕੱਲ੍ਹ ਦੇ ਨਵ-ਵਿਆਹੇ ਚੀਨੀ ਜੋੜੇ ਟੀ.ਵੀ.ਸੈੱਟ ਰੈਫਰੀਜਰੇਟਰ ਵੀ ਚਾਹੁੰਦੇ ਹਨ ਜਦਕਿ ਵਿਆਹ ਦੇ ਦੌਰਾਨ ਉਹ ਸਾਈਕਲਾਂ,ਘੜੀਆਂ ਤੇ ਕਪੜੇ ਸੀਣ ਦੀਆਂ ਮਸ਼ੀਨਾਂ ਨਾਲ ਸੰਤੁਸ਼ਟ ਹੋ ਜਾਂਦੇ ਸਨ।

● ਰੱਬ ਨੇ ਕੁਝ ਆਦਮੀਆਂ ਨੂੰ ਅੱਖਾਂ ਮਟਕਾਉਣ ਲਈ ਤੇ ਕੰਨ ਹਿਲਾਉਣ ਲਈ ਹੀ ਦਿਤੇ ਹਨ, ਉਹ ਵੇਖ ਸੁਣ ਨਹੀਂ ਸਕਦੇ।

ਪੰਨਾ 12 ਦੀ ਬਾਕੀ

ਜ਼ਿੰਦਾਬਾਦ'ਹਿੰਦੂ ਸਿੱਖ ਏਕਤਾ ਜ਼ਿੰਦਾਬਾਦ ਦੇ ਨਾਅਰੇ ਜ਼ਰੂਰੀ ਹਨ,ਉਥੇ ਇਨ੍ਹਾਂ ਝੂਠਿਆਂ ਦੇ ਸਿਆਪੇ ਅਤੇ 'ਹਾਏ ਹਾਏ'ਵੀ ਜ਼ਰੂਰੀ ਹੋ ਗਈ ਹੈ।

ਗੁਰਬਚਨ ਸਿੰਘ

★ ਆਪਣੇ ਸੁਭਾਅ ਦੇ ਕਾਨੂੰਨ ਨਾਲੋਂ ਮੇਰੇ ਲਈ ਹੋਰ ਕੋਈ ਕਾਨੂੰਨ ਪਵਿੱਤਰ ਨਹੀਂ ਹੋ ਸਕਦਾ। -ਐਮਰਸਨ


ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—
● ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
● ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
● ਪਾਸਪੋਰਟ ਨਾਂ ਦੀ ਤਬਦੀਲੀ

Off. 324-6727
Res. 324-4160

ਕ੍ਰਿਸਮਿਸ ਤੇ ਨਵਾਂ ਸਾਲ ਮੁਬਾਰਕ!

ਅਤੇ ਇਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver, B.C. V5P 1C9


ਸਿੰਘ B.A.LL.B. (Pb.U.)

# ਯੂਬਾ ਸਿਟੀ ਗਾਈਡ



G S B

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

---

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR®

**MLS**

**Domain Realty**

(916) 671-4817

Broker: Dr. Gulzar S. Johl
2086 Live Oak Blvd.
Suite C
Yuba City, CA 95991

---

Fly any Air Line of Your Choice

**Travel Concepts**

Full Service Travel Agency
Air Line Tickets to anywhere in the World

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋ ਤਾਂ ਹਰ
ਕਿਸਮ ਏਅਰਲਾਈਨ ਦੀਆਂ ਸਾਰੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901

(916) 671-3922

---

Large Selection of Punjabi Books For Sale

# SARI PALACE

Airline Tickets to Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੋਢਾ ਤੁਹਾਨੂੰ
ਸਾੜ੍ਹੀ ਪੈਲਸ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

**(916) 671-3105**

472 Palora Ave.
Yuba City
Calif. 95991

# ਸਸਤੀ ਕੁਰਸੀ - ਮਹਿੰਗੀ ਕੀਮਤ

*ਸੁਖਦੇਵ ਸਿੰਘ ਪਟਵਾਰੀ*

ਪੰਜਾਬ ਵਿਚ ਹੋ ਰਹੀ ਸਿਆਸੀ ਉਥਲ-ਪੁਥਲ ਨੇ ਜਿਥੇ ਵਿਚਰ ਰਹੀਆਂ ਸਿਆਸੀ ਧਿਰਾਂ ਦਾ ਕਿਰਦਾਰ ਸਾਹਮਣੇ ਲਿਆਂਦਾ ਹੈ ਉਥੇ ਇਸ ਨੇ ਲੋਕਾਂ ਲਈ ਦੋ ਸਿੱਟੇ ਕੱਢੇ ਹਨ। ਪਹਿਲਾ ਇਹ ਕਿ ਪੰਜਾਬ ਦੀ ਮੱਚ ਰਹੀ ਦੇਹ ਦੀ ਸੁਰਖ ਲੋਅ ਨੇ ਲੱਗਪੱਗ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਚਿਹਰੇ ਸਾਫ ਸਾਫ ਦਿਖਾ ਕੇ ਲੋਕਾਂ ਨੂੰ ਉਸ ਥਾਂ 'ਤੇ ਪਹੁੰਚਾ ਦਿੱਤਾ ਹੈ ਕਿ ਉਹ ਇਨ੍ਹਾਂ ਸਿਆਸੀ ਪਾਰਟੀਆਂ ਦੇ ਕਿਰਦਾਰ ਨੂੰ ਛੇਤੀ ਕੀਤਿਆਂ ਨਾ ਭੁੱਲ ਸਕਣ। ਦੂਜਾ ਇਹ ਕਿ ਉਨ੍ਹਾਂ ਸਾਹਮਣੇ ਸਾਰੀਆਂ ਪਾਰਟੀਆਂ ਦੇ ਨੰਗੇ ਨਾਚ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਉਹ ਹੁਣ ਖੁਦ ਸੋਚਣ ਕਿ ਭਾਰਤ ਦਾ ਅਤੇ ਪੰਜਾਬ ਦਾ ਕੀ ਬਣਾਇਆ ਜਾਵੇ? ਉਂਜ ਪਿਛਲੀ ਗੱਲ ਬਿਨਾਂ ਹੁਣ ਲੋਕਾਂ ਦਾ ਗੁਜ਼ਾਰਾ ਵੀ ਨਹੀਂ ਹੋਣਾ ਕਿਉਂਕਿ ਜਿਥੇ ਉਨ੍ਹਾਂ ਵਲੋਂ ਪਹਿਲਾਂ ਅਕਾਲੀ ਦਲ ਵਲੋਂ ਸ਼ੁਰੂ ਕੀਤੇ 'ਧਰਮ ਯੁੱਧ' ਮੋਰਚੇ ਵਿਚ ਵਧ ਚੜ੍ਹ ਕੇ ਕਾਂਗਰਸ ਸਰਕਾਰ ਖਿਲਾਫ ਆਵਾਜ਼ ਬੁਲੰਦ ਕੀਤੀ ਗਈ ਸੀ,ਉਥੇ ਹੁਣ ਉਨ੍ਹਾਂ ਨੂੰ ਆਪਣੇ ਲਗਦੇ "ਅਕਾਲੀ ਭਾਈ" ਵੀ ਬੇਗਾਨੇ ਦਿੱਸਣ ਲੱਗ ਪਏ ਹਨ। ਕਾਂਗਰਸ ਦੇ ਡੰਡੇ ਸੋਟਿਆਂ ਤੋਂ ਡਰ ਕੇ ਲੋਕ ਅਕਾਲੀ ਦਲ ਦੇ ਲੜ ਲਗਣ ਵਿਚ ਆਪਣਾ ਭਲਾ ਸਮਝਦੇ ਸਨ। ਪਰ ਜਦੋਂ ਹੁਣ "ਆਪਣਿਆਂ"ਵਿਚ ਵੀ ਇਕੱਲੇ ਡੰਡੇ ਸੋਟੇ ਦੀ ਲੜਾਈ ਨਾ ਰਹਿ ਕੇ ਗੋਲੀਆਂ ਸਟੇਨਾਂ ਦੀ ਵਰਤੋਂ ਸ਼ੁਰੂ ਹੋ ਗਈ ਤਾਂ ਹੁਣ ਕਿਥੇ ਜਾਇਆ ਜਾਵੇ ਜਾਂ ਕੀ ਕੀਤਾ ਜਾਵੇ,ਇਹ ਸਵਾਲ ਉਨ੍ਹਾਂ ਲਈ ਬਹੁਤ ਮਹੱਤਤਾ ਅਖਤਿਆਰ ਕਰ ਗਿਆ ਹੈ?

### ਸਬਜ਼ਬਾਗ

ਪੰਜਾਬ ਦੀ ਬੇਰੁਜ਼ਗਾਰ ਜੁਆਨੀ ਤੇ ਕੰਗਾਲ ਹੋ ਰਹੀ ਕਿਰਸਾਨੀ ਨੂੰ ਆਰਥਿਕ ਸੱਮਸਿਆਵਾਂ ਦੇ ਜੰਜਾਲ ਟੁੱਟਣ ਦਾ ਪਹਿਲਾ ਭਾਉਲਾ ਉਦੋਂ ਪਿਆ ਜਦੋਂ ਉਨ੍ਹਾਂ ਨੇ ਸਭ ਕੁਝ ਛੱਡ ਛੁਡਾ ਕੇ ਅਕਾਲੀ ਦਲ ਦੇ ਮੋਰਚੇ 'ਚ ਕੁੱਦਣ ਦਾ ਫੈਸਲਾ ਕੀਤਾ ਸੀ। ਲੋਕਾਂ ਨੂੰ ਆਸ ਸੀ ਕਿ ਅਕਾਲੀ ਕਿਸਾਨਾਂ ਦੀਆਂ ਸੱਮਸਿਆਵਾਂ ਨੂੰ ਜ਼ਰੂਰ ਹੱਲ ਕਰਨਗੇ। ਨੌਜਵਾਨ ਮੋਰਚਾ ਖਤਮ ਹੁੰਦਿਆਂ ਹੀ ਅਕਾਲੀ ਸਰਕਾਰ ਵਲੋਂ ਕੁਰਸੀਆਂ 'ਤੇ ਸੁਸ਼ੋਭਤ ਹੋ ਕੇ ਬੈਠਣ ਦੇ ਸੁਪਨੇ ਦੇਖ ਰਹੇ ਸਨ। ਮੋਰਚੇ ਸਮੇਂ ਨੌਜਵਾਨਾਂ 'ਚ ਅਥਾਹ ਜੋਸ਼ ਸੀ। ਦਰਖਤਾਂ ਦੇ ਦਰਖਤ ਵੱਢ ਕੇ ਸੜਕਾਂ ਬੰਦ ਕਰਨੀਆਂ ਰੇਲ ਰੋਕੋ ਪ੍ਰੋਗਰਾਮ ਦੀ ਸਫਲਤਾ ਤੇ ਜੇਲ੍ਹਾਂ ਭਰੋ ਅੰਦੋਲਨ ਦੇ ਹੁੰਗਾਰੇ ਨੇ ਉਨ੍ਹਾਂ ਨੂੰ ਇਹ ਸਮਾਂ ਬਹੁਤ ਨੇੜੇ ਦਿੱਸਣ ਲਾ ਦਿੱਤਾ ਸੀ ਕਿ ਸਾਡਾ ਸਮਾਂ ਆਉਣ 'ਤੇ ਬਲਿਊ ਸਟਾਰ ਵਾਲੇ ਦੋਸ਼ੀ ਅਫਸਰਾਂ ਤੋਂ ਗਿਣ ਗਿਣ ਕੇ ਬਦਲੇ ਲਏ ਜਾਣਗੇ। ਅਸੀਂ ਰੁਜ਼ਗਾਰ ਤੋਂ ਵਿਹਲੇ ਨਹੀਂ ਹੋਵਾਂਗੇ। ਅਕਾਲੀ ਦਲ ਦੇ ਲੀਡਰ ਵੀ ਇਹੀ ਸਬਜ਼ਬਾਗ ਦਿਖਾ ਰਹੇ ਸਨ। ਸਮਾਂ ਆਇਆ। ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ,ਪੰਜਾਬ 'ਚ ਅਕਾਲੀ ਸਰਕਾਰ ਹੋਂਦ 'ਚ ਆਉਣ ਤੋਂ ਪਹਿਲਾਂ ਹੀ ਸਮਝੌਤੇ ਦਾ ਵਿਰੋਧ ਸ਼ੁਰੂ ਹੋ ਗਿਆ।ਸੰਤ ਲੌਂਗੋਵਾਲ ਨੂੰ ਸ਼ੇਰਪੁਰ 'ਚ ਗੋਲੀ ਮਾਰੀ ਗਈ। ਫਿਰ ਵੀ ਸਾਰੇ ਕੁਝ ਦੇ ਬਾਵਜੂਦ ਬਹੁਗਿਣਤੀ ਲੋਕ ਤੇ ਨੌਜਵਾਨ ਅਕਾਲੀ ਸਰਕਾਰ 'ਤੇ ਆਸ ਲਾਈ ਬੈਠੇ ਸਨ ਕਿ ਹੁਣ ਉਨ੍ਹਾਂ ਦੇ ਦੁਖ ਦਰਦ ਦੂਰ ਹੋਣ ਅਤੇ ਪੰਜਾਬ 'ਚ ਕਤਲੋਗਾਰਤ ਖਤਮ ਹੋਣ ਦਾ ਸਮਾਂ ਆ ਗਿਆ ਹੈ। ਕਾਂਗਰਸ ਸਰਕਾਰ ਨੇ ਸੰਤ ਲੌਂਗੋਵਾਲ ਦੇ ਪੂਰਨਿਆਂ 'ਤੇ ਚੱਲਣ ਦੀਆਂ ਕਸਮਾਂ ਖਾਧੀਆਂ। ਸਮਝੌਤੇ ਦਾ ਅੱਖਰ ਅੱਖਰ ਲਾਗੂ ਕਰਨ ਦਾ ਵਚਨ ਦਿੱਤਾ,ਸੰਤ ਲੌਂਗੋਵਾਲ ਨੂੰ ਮਹਾਨ ਕੌਮੀ ਸ਼ਹੀਦ ਕਰਾਰ ਦੇ ਕੇ "ਹਿੰਦੂ ਸਿੱਖ ਏਕਤਾ ਦਾ ਪ੍ਰਤੀਕ", "ਲੋਕਾਂ ਦਾ ਮਸੀਹਾ", "ਕੁਰਬਾਨੀ ਦਾ ਪੁੰਜ" ਆਦਿ ਵਿਸ਼ਲੇਸ਼ਣਾਂ ਨਾਲ ਸਨਮਾਨਿਆ।

### ਸਿਲਸਿਲਾ

ਸਮਾਂ ਬੜਾ ਬੇਰਹਿਮ ਹੈ। ਆਖਰ ਉਹ ਸਮਾਂ ਆ ਗਿਆ ਜਦੋਂ ਲੋਕਾਂ ਨੇ ਆਪਣੇ ਲੀਡਰਾਂ ਦਾ ਅਸਲੀ ਚਿਹਰਾ ਮੋਹਰਾ ਦੇਖਣਾ ਸੀ। ਕੁਰਸੀ ਦੀ ਲੜਾਈ 'ਚ ਬਾਦਲ,ਬਰਨਾਲਾ,ਟੌਹੜਾ ਤੇ ਅਮਰਿੰਦਰ ਸਿੰਘ ਡਟ ਕੇ ਖੜ੍ਹ ਗਏ। ਪੰਜਾਬ ਦੇ ਹਿਤਾਂ,ਲੋਕਾਂ ਦੇ ਹਿਤਾਂ,ਨੌਜਵਾਨਾਂ ਦੇ ਹਿਤਾਂ ਦੀ ਪੂਰਤੀ ਨੂੰ ਫਿਰ ਆਪਣੀ ਕੁਰਸੀ ਸਲਾਮਤੀ ਨਾਲ ਜੋੜ ਕੇ ਪੇਸ਼ ਕੀਤਾ ਗਿਆ। ਆਖਰ ਇਸ ਕੁਰਸੀ ਯੁੱਧ 'ਚੋਂ ਬਾਦਲ,ਟੌਹੜਾ,ਅਮਰਿੰਦਰ ਗਰੁੱਪ ਵਕਤੀ ਹਾਰ ਮੰਨ ਕੇ ਦੜ ਵੱਟ ਗਏ ਤੇ ਬਰਨਾਲਾ ਸਾਹਿਬ ਜੇਤੂ ਅੰਦਾਜ਼ 'ਚ ਮੁੱਖ ਮੰਤਰੀ ਬਣ ਗਏ। 5-6 ਮਹੀਨੇ ਵਜ਼ਾਰਤ ਦੇ 80 ਪ੍ਰਤੀਸ਼ਤ ਮਹਿਕਮਿਆਂ ਦਾ ਆਨੰਦ ਮਾਨਣ ਦਾ ਸਿੱਟਾ ਇਹ ਨਿਕਲਿਆ ਕਿ ਬਾਦਲ-ਟੌਹੜਾ-ਅਮਰਿੰਦਰ ਸਿੰਘ ਵਜ਼ਾਰਤ ਛੱਡ ਕੇ ਬਾਹਰ ਆ ਗਏ। ਹਰਿਮੰਦਰ ਸਾਹਿਬ 'ਚ 'ਮਿਨੀ ਪੁਲੀਸ ਅਪਰੇਸ਼ਨ'ਨੇ ਉਨ੍ਹਾਂ ਦੇ ਕੁਰਸੀ ਹਿੱਤਾਂ ਨੂੰ ਧਾਰਮਿਕ ਓਟ ਮੁਹੱਈਆ ਕਰ ਦਿੱਤੀ,ਤੇ ਫਿਰ "ਕੁਰਸੀ ਲਈ ਨਹੀਂ,ਧਰਮ ਲਈ ਕੁਰਸੀ ਛੱਡੀ"ਦੀਆਂ ਆਵਾਜ਼ਾਂ ਉਚੀਆਂ ਹੋਈਆਂ ਕਿਉਂਕਿ ਹੁਣ ਕੁਰਸੀ ਹੀ ਇਸ ਰਾਹ ਤੁਰਿਆਂ ਹੱਥ ਲਗਣ ਦੀ ਆਸ ਸੀ। ਦੂਜੇ ਪਾਸੇ ਬਰਨਾਲਾ ਸਾਹਿਬ ਦੀ ਕੁਰਸੀ ਵੀ ਹੁਣ ਕਾਂਗਰਸ ਦੇ ਫੱਟੇ 'ਤੇ ਟਿਕ ਗਈ ਸੀ। ਬਰਨਾਲਾ ਰੂਪੀ "ਤੋਤੇ ਦੀ ਜਾਨ" ਹੁਣ ਦਿੱਲੀ ਸਥਿਤ ਰਾਜੀਵ ਨਿਵਾਸ ਵਿਚ ਪਏ ਪਿੰਜਰੇ ਵਿਚ ਚਲੀ ਗਈ ਜਿਥੇ ਉਸਦੇ ਬੋਲਣ ਲਈ ਸ਼ਬਦ ਟਰੇਨਿੰਗ ਕਾਲਜ ਦੇ ਮਾਹਰਾਂ ਨੇ ਦੱਸਣੇ ਸਨ। ਦਿੱਲੀ ਦੇ ਪਿੰਜਰੇ 'ਚੋਂ ਬਰਾਡਕਾਸਟ ਹੁੰਦੀ ਗੰਗਾ ਰਾਮ ਦੀ "ਬਾਈ ਜੀ ਰਾਮ ਰਾਮ"ਦੀ ਆਵਾਜ਼ ਪੰਜਾਬ 'ਚ ਗੂੰਜਣ ਲੱਗੀ। "ਅਤਿਵਾਦ ਨੂੰ ਸਖਤੀ ਨਾਲ ਕੁਚਲਣ"ਦੀ ਰੱਟ ਦੁਹਰਾਈ,ਹੋਰ ਨੀਮ ਸੈਨਿਕ ਦਲ ਭੇਜਣ ਦੀ ਗੱਲ"ਹਰਿਮੰਦਰ ਸਾਹਿਬ 'ਚ ਅਤਿਵਾਦੀਆਂ ਦੇ ਅੱਡੇ", "ਧਾਰਮਿਕ ਸਥਾਨਾਂ 'ਚ ਪੁਲੀਸ ਭੇਜਣੋਂ ਨਹੀਂ ਝਿਜਕਾਂਗੇ"ਦੇ ਬਿਆਨ ਸੁਰਖੀਆਂ ਬਣਨ ਲੱਗ ਪਏ।

ਕੁਝ ਸਮੇਂ ਬਾਅਦ ਕੇਂਦਰੀ ਹਕੂਮਤ ਨੇ ਵੀ ਪਹਿਲੀ ਸੁਰ ਬਦਲ ਗਈ। ਸਮਝੌਤੇ ਦੀ ਪਹਿਲੀ ਹੀ ਮੱਦ ਕਮਿਸ਼ਨ ਨੂੰ ਸੌਂਪਣ ਤੋਂ ਪਹਿਲਾਂ ਹੀ "ਪਿੰਡ ਨੂੰ ਇਕਾਈ ਮੰਨ ਕੇ ਨੇੜਤਾ ਤੇ ਲਗਾਤਾਰਤਾ" ਦੇ ਅਸੂਲ ਵਿਚ "ਕੁਝ ਹੋਰ"ਗੱਲਾਂ ਦਾ ਵਾਧਾ ਕਰ ਕੇ ਮੈਥਿਊ ਕਮਿਸ਼ਨ ਨੂੰ ਅਬੋਹਰ-ਫਾਜ਼ਿਲਕਾ ਵਿਚ ਮਰਦਮਸ਼ੁਮਾਰੀ ਲਈ ਭੇਜ ਦਿੱਤਾ। ਸਮਝੌਤੇ ਤੋਂ ਬਾਹਰ ਜਾ ਕੇ ਵੈਂਕਟਰਮੱਈਆ ਕਮਿਸ਼ਨ ਤੇ ਫਿਰ ਡਿਸਾਈ ਕਮਿਸ਼ਨ ਨੇ 70,000 ਏਕੜ ਜ਼ਮੀਨ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਸੌਂਪਣ ਦਾ ਫੈਸਲਾ ਸੁਣਾ ਦਿੱਤਾ। ਜੋਧਪੁਰ ਦੇ ਬੰਦੀਆਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਭਗੌੜੇ ਫੌਜੀਆਂ ਨੂੰ ਸਖਤ ਸਜ਼ਾ ਦਿੱਤੀ ਗਈ। ਗੱਲ ਕੀ,ਬਰਨਾਲਾ ਸਰਕਾਰ ਨੂੰ ਸਿਆਸੀ ਪੱਖੋਂ ਹੀਣਾ ਬਣਾਉਣ ਲਈ ਸਮਝੌਤੇ ਦੀ ਹਰ ਮੱਦ ਦਾ ਫੈਸਲਾ ਪੰਜਾਬ ਦੇ ਉਲਟ ਕਰ ਦਿੱਤਾ ਤਾਂ ਕਿ ਬਰਨਾਲਾ ਸਰਕਾਰ ਆਪ ਹੀ ਹਰ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰੇ ਤੇ ਫਿਰ ਕੇਂਦਰ ਇਹ ਹਮਲਾ ਜਾਰੀ ਰੱਖ ਸਕੇ ਕਿ ਸਮਝੌਤਾ ਪੰਜਾਬ ਸਰਕਾਰ ਲਾਗੂ ਨਹੀਂ ਹੋਣ ਦਿੰਦੀ। ਹੋਇਆ ਵੀ ਹੁਣ ਇਹੀ ਕੁਝ ਹੈ। ਗੱਲ ਸਮਝੌਤੇ ਦੇ ਸਿਆਸੀ ਪਹਿਲੂਆਂ ਤਕ ਹੀ ਸੀਮਤ ਨਹੀਂ ਰਹੀ ਸਗੋਂ ਬੀ.ਐਸ.ਐਫ. ਤੇ ਸੀ.ਆਰ.ਪੀ. ਰਾਹੀਂ ਪੰਜਾਬ ਵਿਚ "ਪੁਲੀਸ ਮੁਕਾਬਲੇ" ਬਣਾ ਕੇ ਨੌਜਵਾਨਾਂ ਨੂੰ ਸ਼ਰ੍ਹੇਆਮ ਕਤਲ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਡੇਰਾ ਬਾਬਾ ਨਾਨਕ,ਜਲੰਧਰ ਤੇ ਬਿਆਸ ਇਸ ਦੀਆਂ ਉਦਾਹਰਣਾਂ ਹਨ। ਬ੍ਰਹਮਪੁਰਾ ਵਿਚ ਸੀ.ਆਰ.ਪੀ. ਵਲੋਂ ਆਮ ਲੋਕਾਂ ਦੀ ਕੁੱਟਮਾਰ ਤੇ ਔਰਤਾਂ ਦੀ ਬੇਪਤੀ ਅੱਜ ਪੰਜਾਬ ਦੇ ਬੱਚੇ ਬੁੱਢੇ ਦੀ ਜ਼ਬਾਨ 'ਤੇ ਹੈ। ਸਿਰੇ ਦੀ ਗੱਲ ਇਹ ਹੈ ਕਿ ਪੰਜਾਬ ਪੁਲੀਸ ਵਲੋਂ ਦੁਬਾਰਾ ਹਰਿਮੰਦਰ ਸਾਹਿਬ 'ਚ ਕੀਤਾ ਪੁਲੀਸ ਅਪਰੇਸ਼ਨ ਕੇਂਦਰ ਦੀ ਸਹਿਮਤੀ ਨਾਲ ਜਾਂ ਬਰਨਾਲਾ ਸਰਕਾਰ ਤੋਂ ਉਹਲੇ ਜਾਂ ਉਸ ਦੀ ਚੁੱਪ ਰਹਿਣ ਦੀ ਮਜਬੂਰੀਵਸ ਕਰਵਾ ਦਿੱਤਾ। ਉਪਰਲੀ ਸਾਰੀ ਗੱਲ ਇਸ ਨੀਤੀ ਅਧੀਨ ਕੀਤੀ ਗਈ ਕਿ ਬਰਨਾਲਾ ਸਰਕਾਰ ਨੂੰ ਸਿਆਸੀ ਪੱਖੋਂ ਹਮਾਇਤ ਨਾ ਦੇ ਕੇ ਪੁਲੀਸ ਫੋਰਸਾਂ ਰਾਹੀਂ ਲੋਕਾਂ 'ਤੇ ਜ਼ਿਆਦਤੀਆਂ ਕਰਵਾ ਕੇ ਇਸ ਨੂੰ ਸਿਆਸੀ ਪੱਖੋਂ ਖਤਮ ਕਰ ਦਿੱਤਾ ਜਾਵੇ ਅਤੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਜਾਵੇ ਜਿਸ ਰਾਹੀਂ ਪਹਿਲਾਂ ਮਾਸਟਰ ਤਾਰਾ ਸਿੰਘ,ਫੇਰ ਸੰਤ ਫਤਿਹ ਸਿੰਘ,ਗੁਰਨਾਮ ਸਿੰਘ ਆਦਿ ਦਾ ਪਤਨ ਆਪਣੇ ਆਪ ਹੋਇਆ। ਇਸੇ ਲੜੀ 'ਚ ਦਰਸ਼ਨ ਸਿੰਘ ਫੇਰੂਮਾਨ ਤੇ ਹੁਣ ਸੰਤ ਲੌਂਗੋਵਾਲ ਦਾ ਲੋਕਾਂ 'ਚੋਂ ਨਕਸ਼ਾ ਮਿਟਾਉਣ ਦਾ ਕੰਮ ਜਾਰੀ ਹੈ ਸਿਆਸੀ ਪਹਿਲੂਆਂ ਨੂੰ ਨਜ਼ਰਅੰਦਾਜ਼ ਕਰ ਕੇ ਫੌਜੀ ਕਦਮਾਂ ਦੀ ਮਾਤਰਾ ਵਧਾਉਣ ਨਾਲ ਜਿਥੇ ਅਕਾਲੀ ਦਲ ਦੀ ਸਾਖ ਲੋਕਾਂ 'ਚੋਂ ਖਤਮ ਕਰ ਕੇ ਕੱਖੋਂ ਹੌਲੇ ਕਰ ਦਿੱਤਾ। ਉਥੇ ਉਨ੍ਹਾਂ ਲਈ ਇਹ ਸਵਾਲ ਏਜੰਡੇ 'ਤੇ ਲਿਆ ਖੜ੍ਹਾ ਕੀਤਾ ਕਿ ਆਪਣੇ ਪਿਛਲੇ ਇਤਿਹਾਸ ਵਾਂਗ ਬਲਦੇਵ ਸਿੰਘ,ਗਿਆਨੀ ਕਰਤਾਰ ਸਿੰਘ,ਬੂਟਾ ਸਿੰਘ,ਸਵਰਨ ਸਿੰਘ ਤੇ ਗੁਰਨਾਮ ਸਿੰਘ ਵਾਂਗ ਉਨ੍ਹਾਂ ਦਾ ਵੀ ਹੁਣ ਅਕਾਲੀ ਦਲ 'ਚ ਰਹਿ ਕੇ ਨਹੀਂ,ਕਾਂਗਰਸ ਵਿਚ ਆਉਣ ਵਿਚ ਹੀ ਭਲਾ ਹੈ। ਹੁਣ ਬਰਨਾਲਾ ਸਾਹਿਬ ਦਾ ਭਵਿੱਖ ਵੀ ਇਸੇ ਦਿਸ਼ਾ ਵੱਲ ਵਧੇਗਾ।

### ਪ੍ਰੋੜ੍ਹਤਾ

ਜਿਥੋਂ ਤਕ ਪੰਜਾਬ ਵਿਚ ਕਾਂਗਰਸ ਪਾਰਟੀ ਦਾ ਸਬੰਧ ਹੈ ਇਹ ਗੱਲ ਕਿਸੇ ਤੋਂ ਵੀ ਲੁਕੀ ਛਿਪੀ ਨਹੀਂ ਕਿ ਪੰਜਾਬ ਕਾਂਗਰਸ ਨੇ ਹਮੇਸ਼ਾ ਕੇਂਦਰੀ ਸਰਕਾਰ ਦੀ ਹੀ ਜੀ-ਹਜ਼ੂਰੀ ਕੀਤੀ ਹੈ। ਸੂਬੇ ਦੇ ਹਿਤਾਂ ਲਈ ਲੜਨਾ ਤਾਂ ਇਕ ਪਾਸੇ ਰਿਹਾ,ਕੇਂਦਰੀ ਹਕੂਮਤ ਵਲੋਂ ਕੀਤੇ ਪੰਜਾਬ ਵਿਰੋਧੀ ਫੈਸਲਿਆਂ ਬਾਰੇ ਉਸ ਨੇ ਹਮੇਸ਼ਾ ਗੱਜ ਵੱਜ ਕੇ ਪ੍ਰੋੜ੍ਹਤਾ ਕੀਤੀ ਹੈ ਅਤੇ ਕੇਂਦਰ ਤੋਂ ਵੀ ਵੱਧ ਜਾਇਜ਼ ਠਹਿਰਾਉਣ ਲਈ ਰੌਲਾ ਪਾਉਂਦੇ ਰਹੇ ਹਨ। ਅੱਜ ਫੇਰ ਸਮਝੌਤੇ ਦੇ ਮਾਮਲੇ ਵਿਚ ਉਹ ਕੇਂਦਰੀ ਸਰਕਾਰ ਵਲੋਂ ਲਏ ਹਰੇਕ ਪੰਜਾਬ ਵਿਰੋਧੀ ਫੈਸਲੇ 'ਤੇ ਫੁੱਲ ਹੀ ਨਹੀਂ ਚੜ੍ਹਾ ਰਹੇ ਸਗੋਂ ਉਸ ਨੂੰ ਹਰੀਆਂ ਐਨਕਾਂ ਲਾ ਕੇ ਲੋਕਾਂ ਨੂੰ ਵੀ ਹਰਾ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਆਪ ਦੇ ਹਿਤ ਪਹਿਲਾਂ ਤੇ ਬਾਕੀ ਬਾਅਦ ਵਿਚ ਦੇਖਾਂਗੇ ਦੇ ਸਿਧਾਂਤ ਉਪਰ ਚਲਦਿਆਂ ਪੰਜਾਬ ਦੇ ਕਾਂਗਰਸੀਆਂ ਨੇ ਹਮੇਸ਼ਾ ਪੰਜਾਬ ਵਿਰੋਧੀ ਸਰਗਰਮੀ ਵਿਚ ਆਪਣਾ ਯੋਗਦਾਨ ਪਾਇਆ ਹੈ।

ਰਾਜੀਵ ਗਾਂਧੀ ਤੇ ਬਰਨਾਲਾ ਸਾਹਿਬ ਦੀਆਂ ਤਾਜ਼ਾ ਸਿਆਸੀ ਕਾਨਫਰੰਸਾਂ ਨੇ ਹੁਣ ਬਰਨਾਲਾ ਸਰਕਾਰ ਦਾ ਸਮਾਂ ਨੇੜੇ ਲਿਆ ਦਿੱਤਾ ਹੈ। ਰਾਜੀਵ ਗਾਂਧੀ ਵਲੋਂ ਬਰਨਾਲਾ ਸਰਕਾਰ ਉਪਰ ਕੀਤੇ ਸਿੱਧੇ ਹਮਲੇ ਨੇ ਹੁਣ ਬਰਨਾਲਾ ਸਮੇਤ ਸਾਰੀ ਅਕਾਲੀ ਵਜ਼ਾਰਤ ਨੂੰ ਬੌਂਦਲਾ ਦਿੱਤਾ ਹੈ। ਅਕਾਲੀ ਦਲ ਵਿਚ ਇਹ ਸੋਚ ਕੰਮ ਕਰਨ ਲੱਗ ਪਈ ਹੈ ਕਿ ਹੁਣ ਕੀ ਕੀਤਾ ਜਾਵੇ? ਕੁਝ ਰਾਇਆਂ ਇਹ ਉਭਰ ਰਹੀਆਂ ਹਨ ਕਿ ਅਸਤੀਫਾ ਦੇ ਕੇ ਅਕਾਲੀ ਦਲ (ਬਾਦਲ) ਨਾਲ ਨੇੜਤਾ ਕੀਤੀ ਜਾਵੇ ਅਤੇ ਕੁਝ ਇਹ ਸੋਚ ਰਹੇ ਹਨ ਕਿ ਉਨ੍ਹਾਂ ਨੂੰ ਕਾਂਗਰਸ ਨਾਲੋਂ ਟੁੱਟਣਾ ਨਹੀਂ ਚਾਹੀਦਾ।

### ਸੰਭਾਵਨਾ

ਸਿਆਸੀ ਮਾਹਿਰ ਇਸ 'ਚੋਂ ਇਹ ਸਿੱਟਾ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਬਰਨਾਲਾ ਸਾਹਿਬ ਅਕਾਲੀ ਦਲ ਦਾ ਪੁਰਾਣਾ ਇਤਿਹਾਸ ਤਾਂ ਨਹੀਂ ਦੁਹਰਾਉਣਗੇ? ਜੇ ਹੁਣ ਉਹ ਕਾਂਗਰਸ ਤੋਂ ਪਰ੍ਹੇ ਹੁੰਦੇ ਹਨ ਤਾਂ ਉਨ੍ਹਾਂ ਦੀ ਲੋਕਾਂ ਚ ਕੋਈ ਵੁੱਕਤ ਨਹੀਂ ਤੇ ਸਿਆਸੀ ਭਵਿੱਖ ਧੁੰਦਲਾ ਹੈ। ਪੰਜਾਬ 'ਚ ਖਾੜਕੂ ਸਿੱਖ ਜਥੇਬੰਦੀਆਂ ਦੇ ਨਿਸ਼ਾਨੇ ਤੋਂ ਉਹ ਕਿਵੇਂ ਬਚਣਗੇ ਕਿਉਂਕਿ ਸਰਕਾਰੀ ਪੁਜ਼ੀਸ਼ਨ ਖਤਮ ਹੁੰਦਿਆਂ ਹੀ ਸੁਰੱਖਿਆ ਦਾ ਵੀ ਹੁਣ ਵਾਲਾ ਪ੍ਰਬੰਧ ਨਹੀਂ ਰਹਿ ਸਕਦਾ। ਜੇ ਉਹ ਕਾਂਗਰਸ ਵੱਲ ਹੀ ਰਹਿ ਜਾਣ ਤਾਂ ਉਨ੍ਹਾਂ ਦਾ ਕੁਝ ਬਚਾਅ ਹੋ ਸਕਦਾ ਹੈ। ਰਾਜੀਵ ਗਾਂਧੀ ਵਲੋਂ ਵੀ ਇਹ ਸਮਾਂ ਦਿੱਤਾ ਜਾਵੇਗਾ। ਸੰਭਾਵਨਾ ਹੈ ਕਿ ਉਹ ਹੁਣ ਆ ਰਹੀਆਂ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਰਾਜ ਲਾਗੂ ਕਰ ਕੇ 5-7 ਮਹੀਨੇ ਇਸ ਨੂੰ ਲਾਗੂ ਰੱਖਣ ਤੇ ਫਿਰ ਹਾਲਤ ਮੁਤਾਬਕ ਬਰਨਾਲਾ ਅਕਾਲੀ ਦਲ ਨੂੰ ਅਡਜਸਟ ਕਰਨ। ਇਹ ਅਡਜਸਟਮੈਂਟ ਕਾਂਗਰਸ ਨਾਲ ਦੁਬਾਰਾ ਕੁਲੀਸ਼ਨ ਸਰਕਾਰ ਦੀ ਵੀ ਹੋ ਸਕਦੀ ਹੈ ਜਾਂ ਕੋਈ ਹੋਰ ਢੰਗ ਰਾਹੀਂ ਵੀ। ਇੰਨੇ ਸਮੇਂ ਵਿਚ ਬਰਨਾਲਾ ਅਕਾਲੀ ਦਲ ਇਹ ਕੁਝ ਕਰਨ ਲਈ ਤਿਆਰ ਹੋ ਜਾਵੇਗਾ। ਗੱਲ ਭਾਵੇਂ ਕਿਸੇ ਪਾਸੇ ਵੱਲ ਵੀ ਮੋੜਾ ਕੱਟੇ,ਇਕ ਸਿੱਟਾ ਜ਼ਰੂਰ ਸਾਹਮਣੇ ਹੈ ਕਿ ਬਰਨਾਲਾ ਅਕਾਲੀ ਦਲ ਵਲੋਂ ਸਸਤੀ ਕੁਰਸੀ ਦੀ ਅੱਜ ਉਨ੍ਹਾਂ ਨੂੰ ਖਾਸ ਕਰ ਕੇ ਪੰਜਾਬ ਦੇ ਲੋਕਾਂ ਨੂੰ ਬਹੁਤ ਮਹਿੰਗੀ ਕੀਮਤ ਤਾਰਨੀ ਪਵੇਗੀ। ਜੇਕਰ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵੇਲੇ ਉਹ ਅਸਤੀਫਾ ਦੇ ਦਿੰਦੇ ਤਾਂ ਹਾਲਤ ਅੱਜ ਇਥੇ ਤਕ ਨਾ ਪਹੁੰਚਦੀ ਜਿਥੇ ਹੁਣ ਉਨ੍ਹਾਂ ਲਈ ਕੋਈ ਰਾਹ ਬਾਕੀ ਰਿਹਾ ਹੀ ਨਹੀਂ।

- ਜਿਸ ਸਮੇਂ ਵਿਚ ਕੁਝ ਤਸਵੀਰਾਂ ਲਟਕ ਰਹੀਆਂ ਹਨ, ਉਸ ਵਿਚ ਕੁਝ ਸਿਆਸੀ ਲਟਕ ਰਹੇ ਹੁੰਦੇ ਹਨ।

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

# BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.



*Limousine Service* [Daily or Hourly]



LADIES TAILOR FOR PUNJABI SUITS, SARI BLOUSES & DRESSES

**206 East 49th Ave. (at Main St.) Vancouver, B.C.**

# ਕੈਲੇਫੋਰਨੀਆ ਗਾਈਡ


ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

INDICA IMPORTS — 4925 E. King Canyon Road, FRESNO, CA.

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

## Kamla Emporium

● ਮਸਾਲੇ ● ਆਟਾ ● ਗਰੌਸਰੀ ● ਕੱਪੜੇ ● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ ਮੂਵੀਜ਼ ● 220 ਵੋਲਟੇਜ਼ ਅਪਲਾਇੰਸਿਜ

'ਕੈਨੇਡਾ ਦਰਪਣ' ਅਖਬਾਰ ਵੀ ਇਥੋਂ ਮਿਲਦਾ ਹੈ

2974 - Aborn Road, SAN JOSE, CA.

ਇੰਦਰ ਮੋਹਨ ਨੂੰ ਫ਼ੋਨ ਕਰੋ :

(408) 270-2070

## PETE ELLIS DODGE

ਕਾਰਾਂ, ਵੈਨਾਂ, ਪਿੱਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

(408) 738-0400

Credit or no Credit

CALL:

**Jessie Grewal**

2 to 5% over Dealer Cost



**Pete Ellis Dodge**

**1095, West El Camino Real**

**SUNNYVALE, CALIFORNIA 94087**


## ਲੰਡਨ ਦੇ ਕੁਤਿੱਆਂ ਲਈ 'ਸ਼ਾਹੀ' ਭੋਜਨ

ਲੰਡਨ — ਬਰਤਾਨੀਆ ਦੇ ਹਾਊਸ ਆਫ ਲਾਰਡਜ਼ ਦੇ ਇਕ ਮੈਂਬਰ ਲਾਰਡ ਐਵਰਬਰੀ ਨੇ ਕਿਹਾ ਕਿ ਉਹ ਆਪਣੀ ਵਸੀਅਤ ਰਾਹੀਂ ਦੱਖਣੀ ਲੰਡਨ ਦੇ ਆਵਾਰਾ ਕੁੱਤਿਆਂ ਲਈ ਆਪਣੀ ਮੌਤ ਤੇ 'ਆਪਣਾ ਆਪ' ਛੱਡ ਕੇ ਜਾਣਗੇ। 58 ਸਾਲਾ ਲਾਰਡ ਐਵਰਬੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਲਾਸ਼ 'ਬੈਟਰਸੀ ਡਾਗਜ਼ ਹੋਮ' ਵਿਚ ਆਵਾਰਾ ਕੁੱਤਿਆਂ ਨੂੰ ਖਵਾਈ ਜਾਵੇ ਅਤੇ ਉਹ ਇਸ ਸੰਬੰਧੀ ਆਪਣੇ ਵਸੀਅਤਨਾਮੇ ਵਿਚ ਲਿਖਣ ਦਾ ਇਰਾਦਾ ਰੱਖਦੇ ਹਨ। ਲਾਰਡ ਐਵਬਰੀ ਨੇ ਪਿੱਛੇ ਜਿਹੇ ਬੁੱਧ ਧਰਮ ਗ੍ਰਹਿਣ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਸੋਚਦੇ ਹਨ ਕਿ 'ਲਾਸ਼' ਨੂੰ ਦਫਨਾਉਣਾ ਜਾਂ ਅਗਨਦਾਹ ਕਰਨਾ ਇਸ ਨੂੰ ਵਿਅਰਥ ਕਰਨਾ ਹੈ। 'ਡਾਗੀਜ਼' ਨੂੰ ਚੰਗਾ ਭੋਜਨ ਦੇਣਾ ਬੜੀ ਚੰਗੀ ਗੱਲ ਹੈ ਤੇ ਇਸ ਨਾਲ ਕੁੱਤਿਆਂ ਦੇ ਭੋਜਨ ਲਈ ਬੈਟਰਸੀ ਦਾ ਕੁਝ ਖਰਚਾ ਵੀ ਬਚੇਗਾ ਲੰਡਨ ਦੇ ਇਕ ਵਕੀਲ ਨੇ ਟਿਪਣੀ ਕੀਤੀ ਕਿ ਮਨੁੱਖੀ ਲਾਸ਼ਾਂ ਨੂੰ ਟਿਕਾਣੇ ਲਗਾਉਣ ਬਾਰੇ ਬਰਤਾਨੀਆ ਵਿਚ ਬੜੇ ਸਖਤ ਕਾਨੂੰਨ ਹਨ ਅਤੇ ਸਿਰਫ ਦਫਨਾਉਣ ਜਾਂ ਅਗਨਦਾਹ ਦੀ ਹੀ ਇਜਾਜ਼ਤ ਹੈ।


# GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼ੀਦਣ ਵਾਲਿਆਂ ਨੂੰ ਖਾਸ ਸਹੂਲਤ

ਆਪਣੀ ਮਰਜ਼ੀ ਦੀ ਕਾਰ ਖ਼ੀਦਣ ਜਾਂ ਵੇਚਣ ਲਈ

**ਗਿੱਲ ਆਟੋ ਸੇਲਜ਼ 'ਤੇ ਪਹੁੰਚੋ**





ਜਾਣਕਾਰੀ ਲਈ ਫ਼ੋਨ ਕਰੋ :

**(916) 671-3667**

ਸੁਰਜੀਤ ਸਿੰਘ ਗਿੱਲ ਜਾਂ ਮਾਈਕਲ ਸ. ਸਮਰਾ ਨਾਲ ਸੰਪਰਕ ਕਰੋ

**1455 - FRANKLIN ROAD, YUBA CITY, CA.**

# KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

**Estimates Submitted/Pick-up & Delivery**

**Ph. (916) 673-6594 or 674-2500**

**Res: (916) 673-3387**

ਸਵਰਨ ਸਿੰਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

**632 N. WALTON, ROAD, YUBA CITY, CA.**

# ਕੈਨੇਡੀਅਨ ਕੈਂਸਰ ਸੁਸਾਇਟੀ ਬ੍ਰਿਟਿਸ਼ ਕੋਲੰਬੀਆ ਅਤੇ ਯੂਕਾਨ ਡਵੀਜ਼ਨ



BERNARD SIMPSON

**ਵੈਨਕੂਵਰ**—ਵਕੀਲ ਬਰਨਾਡ ਸਿੰਪਸਨ ਨੂੰ 1987 ਦੀ ਕੈਨੇਡੀਅਨ ਕੈਂਸਰ ਸੁਸਾਇਟੀ ਲਈ ਫੰਡ ਇਕੱਠਾ ਕਰਨ ਲਈ ਪ੍ਰਧਾਨ ਬਣਾਇਆ ਗਿਆ ਹੈ ਮਿਸਟਰ ਸਿੰਪਸਨ ਨੇ 'ਕੈਨੇਡਾ ਦਰਪਣ' ਨੂੰ ਦੱਸਿਆ ਕਿ ਸਭ ਤੋਂ ਪਹਿਲਾਂ ਇਸ ਪਾਸੇ ਧਿਆਨ ਦਿੱਤਾ ਜਾਏਗਾ ਕਿ ਹਿੰਦੋਸਤਾਨੀ ਕਮਿਊਨਿਟੀ ਲਈ ਇਕ ਖਾਸ ਪ੍ਰੋਗਰਾਮ ਬਣਾਇਆ ਜਾਵੇ ਜੋ ਇਸ ਬੀਮਾਰੀ ਦੇ ਸਬੰਧ ਵਿਚ ਪੂਰੀ ਖਬਰ ਦੇਵੇ। ਮਿਸਟਰ ਸਿੰਪਸਨ ਪਿਛਲੇ 18 ਸਾਲਾਂ ਤੋਂ ਵਕਾਲਤ ਕਰ ਰਹੇ ਹਨ। ਯੂ.ਬੀ.ਸੀ.ਤੋਂ ਬੀ.ਏ,ਬੀ.ਐਸ.ਡਬਲਯੂ ਤੇ ਐਲ.ਐਲ.ਬੀ ਪਾਸ ਕੀਤਾ। ਇਨ੍ਹਾਂ ਨੇ ਮੇਅਰ ਦੇ ਅਫਰੀਕਾ ਵਿਚ ਰਹਿਤ ਫੰਡ ਲਈ ਬਹੁਤ ਕੰਮ ਕੀਤਾ ਜਿਸ ਵਿਚ ਡੇਢ ਮਿਲੀਅਨ ਡਾਲਰ ਇਕੱਠਾ ਕੀਤਾ ਗਿਆ। ਇਸ ਸਿਲਸਿਲੇ ਵਿਚ ਮਿਸਟਰ ਸਿੰਪਸਨ ਕੋ-ਪ੍ਰਧਾਨ ਦੀ ਹੈਸੀਅਤ ਵਿਚ ਆਪਣੇ ਖਰਚੇ ਤੇ ਅਫਰੀਕਾ ਗਏ। ਉਸੇ ਸਮੇਂ ਇਹ ਭਾਰਤ ਵੀ ਗਏ ਤੇ ਖੁਸ਼ ਹੋਏ ਕਿ ਕਿਸ ਤਰ੍ਹਾਂ ਮਿਹਨਤ ਨਾਲ,ਖਾਸ ਕਰਕੇ ਪੰਜਾਬੀਆਂ ਨੇ,ਉਸ ਮੁਲਕ ਵਿਚ ਭੁੱਖ ਦੂਰ ਕੀਤੀ ਹੈ।

ਪਿਛੇ ਜਿਹੇ ਇਨ੍ਹਾਂ ਨੂੰ ਇਕ ਸਮਾਰੋਹ ਵਿਚ ਅਫਰੀਕਾ ਦੇ ਭੁੱਖੇ ਲੋਕਾਂ ਦੀ ਸਹਾਇਤਾ ਕਰਲ ਬਦਲੇ ਰੈਡ ਕਰਾਸ ਸੁਸਾਇਟੀ ਵਲੋਂ ਸਨਮਾਨ ਦਿੱਤਾ ਗਿਆ। ਜਿਸ ਵਿਚ ਵੈਨਕੂਵਰ ਦੇ ਸਾਬਕ-ਮੇਅਰ ਮਾਈਕਲ ਹਾਰਕੋਰਟ ਵੀ ਸ਼ਾਮਲ ਸਨ। ਕੈਂਸਰ ਕੈਂਪੇਨ ਦੇ ਪ੍ਰਧਾਨ ਬਣਨ ਤੇ ਮਿਸਟਰ ਸਿੰਪਸਨ ਨੇ ਦੱਸਿਆ:

ਇਹ ਇਕ ਮੰਨੀ ਗੱਲ ਹੈ ਕੈਨੇਡਾ ਵਿਚ ਹਰੇਕ ਤੀਜੇ ਬੰਦੇ ਨੂੰ ਇਸ ਭਿਆਨਕ ਬੀਮਾਰੀ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ ਕਿ ਇਸ ਬੀਮਾਰੀ ਬਾਰੇ ਸਾਰੇ ਬੀ.ਸੀ. ਦੀ ਹਿੰਦੋਸਤਾਨੀ ਕਮਿਊਨਿਟੀ ਨੂੰ ਦੱਸਿਆ ਜਾਵੇ। ਇਸ ਬਾਰੇ ਅਸੀਂ ਸਾਰਿਆਂ ਨੂੰ ਹਿੰਦੀ,ਪੰਜਾਬੀ ਵਿਚ ਚਿੱਠੀਆਂ ਪਾਵਾਂਗੇ ਤੇ ਵੀਡੀਓ ਫਿਲਮਾਂ ਵੀ ਦਿਖਾਈਆਂ ਜਾਣਗੀਆਂ। ਇਸ ਪ੍ਰੋਗਰਾਮ ਦਾ ਖਰਚਾ ਕੋਈ ਇੱਕ ਲੱਖ ਡਾਲਰ ਹੋਵੇਗਾ। ਸਾਨੂੰ ਆਸ ਹੈ ਕਿ ਇਹ ਮਾਇਆ ਹਿੰਦੋਸਤਾਨੀ ਕਮਿਊਨਿਟੀ ਵਿਚੋਂ ਹੀ ਇਕੱਠੀ ਕੀਤੀ ਜਾਵੇਗੀ। ਪਿਛਲੇ ਦੋਹਫਤਿਆਂ ਵਿਚ ਮੈਂ ਕਮਿਊਨਿਟੀ ਦੇ ਉਘੇ ਬੰਦਿਆਂ ਨਾਲ ਇਸ ਬਾਰੇ ਗੱਲਬਾਤ ਕੀਤੀ ਹੈ ਤੇ ਉਨ੍ਹਾਂ ਨੇ ਮੇਰੀ ਬੜੀ ਹੌਂਸਲਾ ਅਫਜ਼ਾਈ ਕੀਤੀ ਹੈ।

ਇਹ ਕੈਂਪੇਨ ਅਪਰੈਲ 1987 ਵਿਚ ਸ਼ੁਰੂ ਹੋਵੇਗੀ ਤੇ ਇਸ ਲਈ ਸਾਨੂੰ ਉਗਰਾਹੀ ਕਰਨ ਲਈ ਵਲੰਟੀਅਰ ਬੰਦਿਆਂ ਦੀ ਬਹੁਤ ਲੋੜ ਹੈ ਜੋ ਵੀ ਕੋਈ ਹਿੰਦੋਸਤਾਨੀ ਇਸ ਕੰਮ ਵਿਚ ਹੱਥ ਵਟਾਉਣਾ ਚਾਹੁੰਦਾ ਹੈ ਉਹ ਮੈਨੂੰ 734-2272 ਤੇ ਟੈਲੀਫੋਨ ਕਰ ਸਕਦੇ ਹਨ। ਕੈਂਸਰ ਸੁਸਾਇਟੀ ਨੂੰ ਪੈਸਿਆਂ ਦੀ ਮੱਦਦ ਭੇਜਣ ਦਾ ਪਤਾ ਇਹ ਹੈ:

Mr. Bernard Simpson
Vancouver Cancer Chairman Campaign
Canadian Cancer Society
750-999 W. Broadway
Vancouver,B.C. V5Z 1K5

ਇਸ ਕੈਂਪੇਨ ਬਾਰੇ ਹੋਰ ਪੁੱਛ ਗਿੱਛ ਵਾਸਤੇ ਤੁਸੀਂ ਮਿਸਟਰ ਸਿੰਪਸਨ ਨੂੰ 734-2272 ਤੇ ਟੈਲੀਫੋਨ ਕਰ ਸਕਦੇ ਹੋ।

ਛਿੱਦੀ ਬੱਚੇ ਇਸ ਗੱਲ ਦੀ ਚਿਤਾਵਨੀ ਹਨ ਕਿ ਉਨ੍ਹਾਂ ਦਾ ਜੀਵਨ
ਸੰਤੁਸ਼ਟ ਨਹੀਂ, ਉਹ ਅੱਕੇ ਹੋਏ ਹਨ। —ਗੁਰਬਖਸ਼ ਸਿੰਘ



[redacted]

ਕਾਸ਼! ਕੁਈ ਆਸ਼ਕ ਦੇ ਦਿਲ ਨੂੰ ਦਾਨ ਦੇ ਦੇਵੇ ਜ਼ੁਬਾਨ
ਮਾਣ ਸਕਦਾ ਜਾਂ ਕੋਈ ਸ਼ੇਅਰੋਂ ਉਰ੍ਹਾਂ,
ਕਵੀ-ਮਨ ਦੀ ਕਲਪਨਾ।


**Dino's at the New Location**
**ਡੀਨੋਜ਼ ਨਵੀਂ ਥਾਂ ਉਤੇ**

**DINO'S GROCERY MART**
460 NOTRE DAME AVE. WINNIPEG, MAN. R3B 1R5
**Ph. 942-1526**
**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**
ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**
**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

**GIL'S NEW & USED**
**Furniture & Appliances Warehouse**
All kinds of New and Used Furniture — Color TV — Stereos — Major Appliances — Refrigerators — —Air Conditioners
**WE BUY SELL TRADE**
ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ੍ਰੀਦਣ ਲਈ ਮਿਲੋ ਜਾਂ ਫੋਨ ਕਰੋ:
**582-8726**
121 SALTER STREET WINNIPEG, MAN.

# NORTH-WEST FRUIT MART

726 SARGENT AVE. WINNIPEG, MAN. R3E 0B2

**Ph. 772-8719**

**ਪੰਜਾਬੀ, ਹਿੰਦੀ ਅਤੇ ਪਾਕਿਸਤਾਨੀ ਫਿਲਮਾਂ ਦੀ ਵਿੰਨੀਪੈਗ ਵਿਚ ਸਭ ਤੋਂ ਵੱਡੀ ਦੁਕਾਨ**

- ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ
- ਹਰ ਹਫ਼ਤੇ ਤਾਜ਼ੀਆਂ ਸਬਜ਼ੀਆਂ - ਭਿੰਡੀ, ਕਰੇਲੇ, ਕੱਦੂ, ਧਨੀਆ ਆਦਿ
- ਹਰ ਕਿਸਮ ਦੀ ਵਧੀਆ ਗਰੌਸਰੀ — ਵਧੀਆ ਮਸਾਲੇ
- ਗੁਰਦੁਆਰੇ, ਮੰਦਰ, ਵਿਆਹ, ਪਾਰਟੀਆਂ ਆਦਿ ਲਈ ਸਪੈਸ਼ਲ ਡਿਸਕਾਊਂਟ
- ਪੰਜਾਬੀ ਤੇ ਅੰਗਰੇਜ਼ੀ ਦੇ ਅਖਬਾਰ
- ਦੋਸਤੀ ਭਰੀ ਸਰਵਿਸ

**ਰਣਜੀਤ ਸਿੰਘ ਕਲੇਰ**

# Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼ੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600 (24 hrs.)**

**Res. 694-3550**

LOCATIONS REALTY INC.

# Dorion Insurance Agency

AUTOPAC PROTECTING MANITOBANS ON THE MOVE

**ਡੋਰੀਅਨ ਇਨਸ਼ੋਰੈਂਸ ਏਜੰਸੀ**

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :



Kulwant S. Brar
Manager & Owner

Commissioner for oaths

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

509 ELLICE AVE. WINNIPEG, MAN.

# AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

# REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਉਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# The Manitoba Mirror
# ਮੈਨੀਟੋਬਾ ਦਰਪਣ


## V.I.P. SUPERMARKET
Ph. 774-8671
(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼ੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼ੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

V.I.P. SUPERMARKET
739, Elice Ave. WINNIPEG, MAN.

## AMAN REALTY
1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼ੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

CALL : Bus. 269-4411, Res. 261-7598, Pager 942-0141 Code 5697

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.
To Your Needs Which You Can Afford

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

ਰਾਜ ਸਿੰਘ ਮਾਨ
ਜਾਂ
ਸੁਖਜਿੰਦਰ ਸਿੰਘ ਢਿੱਲੋਂ
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4



Sukhjinder S. Dhillon
Res: 669-2573



Raj Singh Maan Sales Manager
Res. 694-0731
Commissioner for oaths

# ਸਿਆਸੀ ਵਿਅੰਗ :

## ਨੰਗੇ ਹੋਣ ਦਾ ਸੁਆਦ

ਜਿਨ੍ਹਾਂ ਦਿਨਾਂ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਲੁੱਟੀ ਤਦ ਇਕ ਬੰਦਾ ਚਾਂਦਨੀ ਚੌਂਕ ਵਿਚ ਸਿਰਹਾਣੇ ਇੱਟ ਰੱਖ ਕੇ ਪਿਆ ਵੇਖਿਆ ਗਿਆ । ਇਕ ਸ਼ਾਹੂਕਾਰ ਨੇ ਆ ਕੇ ਉਸਨੂੰ ਹਲੂਣਿਆ ਤੇ ਕਹਿਣ ਲੱਗਾ,"ਉਹ ਭਾਈ,ਤੈਨੂੰ ਕਿੱਧਰ ਦੀਆਂ ਨੀਂਦਾਂ ਚੜ੍ਹ ਗਈਆਂ ? ਦਿੱਲੀ ਲੁੱਟੀ ਜਾ ਰਹੀ ਹੈ ਤੇ ਤੂੰ ਅੜਿੰਗ—ਬੜਿੰਗ ਹੋ ਕੇ ਪਿਆ ਹੈਂ ।"

ਉਹ ਅੰਗੜਾਈ ਲੈ ਕੇ ਕਹਿਣ ਲੱਗਾ,"ਸਾਨੂੰ ਤਾਂ ਨੰਗ ਹੋਣ ਦਾ ਸੁਆਦ ਹੀ ਹੁਣ ਆਇਆ ਹੈ । ਸਾਡਾ ਜੀਹਨੇ ਹੁਣ ਕੁਝ ਲੁੱਟਣਾ ਹੈ ਲੁੱਟ ਲਵੇ ।"

ਜਦੋਂ ਸਿੰਘ ਸਾਹਿਬਾਨ ਨੇ ਹੁਕਮ ਜਾਰੀ ਕੀਤਾ ਕਿ ਸਾਰੇ ਅਹੁਦੇਦਾਰ,ਐਮ.ਐਲ.ਏ.ਤੇ ਐਮ.ਪੀਜ਼.ਆਪੋ ਆਪਣੇ ਅਸਤੀਫੇ ਤੁਰਤ ਅੰਮ੍ਰਿਤਸਰ ਪੁੱਜਦੇ ਕਰਨ ਤਾਂ ਚਾਚਾ ਚੰਡੀਗੜ੍ਹੀਆ ਬੇਹੱਦ ਖੁਸ਼ ਹੋਇਆ।

ਕੁਝ ਦੋਸਤਾਂ ਨੇ ਉਸਦੀ ਖੁਸ਼ੀ ਦਾ ਕਰਨ ਪੁੱਛਿਆ ਤਾਂ ਉਹ ਕਹਿਣ ਲੱਗਾ,"ਸ਼ਾਇਦ ਕਿਸੇ ਨੇ ਸਿੰਘ ਸਾਹਿਬਾਨ ਨੂੰ ਇਹ ਨਹੀਂ ਦੱਸਿਆ ਕਿ ਜਦੋਂ ਕੋਈ ਸੰਸਥਾ ਭੰਗ ਕਰ ਦਿੱਤੀ ਜਾਵੇ ਤਾਂ ਅਸਤੀਫਿਆਂ ਦੀ ਲੋੜ ਨਹੀਂ ਰਹਿ ਜਾਂਦੀ । ਜਿਵੇਂ ਰਾਸ਼ਟਰਪਤੀ ਰਾਜ ਲਾਗੂ ਕਰਨ ਪਿਛੋਂ ਰਾਸ਼ਟਰਪਤੀ ,ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਸਤੀਫੇ ਨਹੀਂ ਮੰਗਦੇ । ਇਸੇ ਤਰ੍ਹਾਂ ਸਿੰਘ ਸਾਹਿਬਾਨ ਜਿਸ ਤਰ੍ਹਾਂ ਚਾਹੁਣ ਭੰਗ ਹੋਏ ਅਕਾਲੀ ਦਲਾਂ ਨਾਲ ਨਿਪਟ ਸਕਦੇ ਹਨ । ਦੂਜੀ ਗੱਲ ਇਹ ਕਹੀ ਗਈ ਕਿ ਦਲ ਬਦਲੂ ਕਾਨੂੰਨ ਮੁਤਾਬਕ ਹੁਣ ਬਿਗਾਨੇ ਪੁੱਤਾਂ ਨੂੰ ਇਸ ਗੱਲ ਦਾ ਮੌਕਾ ਮਿਲ ਜਾਣਾ ਹੈ ਤੇ ਉਨ੍ਹਾਂ ਨੇ ਦਲ ਬਦਲਣ ਵਾਲੇ ਵਿਧਾਇਕਾਂ ਵਿਰੁੱਧ ਰੌਲਾ ਪਾ ਦੇਣਾ ਹੈ ਕਿ ਜਿਸ ਪਾਰਟੀ ਦੀ ਟਿਕਟ ਉਤੇ ਉਹ ਚੋਣ ਲੜੇ ਸਨ,ਉਸ ਪਾਰਟੀ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ ਹੈ । ਇਸ ਲਈ ਕਾਨੂੰਨੀ ਪੱਖੋਂ ਪਾਰਟੀ ਬਦਲਣ ਵਾਲੇ ਵਿਧਾਇਕ ਡਿਸਕੁਆਲੀਫਾਈ ਹੋ ਜਾਣਗੇ।

ਇਹ ਵੀ ਚੰਗਾ ਹੋਵੇਗਾ ਜੇ 73 ਦੇ 73 ਅਕਾਲੀ ਵਿਧਾਇਕ,ਸਣੇ ਮੁੱਖ ਮੰਤਰੀ ਤੇ ਮੰਤਰੀਆਂ ਦੇ,ਨਵੇਂ ਆਦੇਸ਼ ਅਨੁਸਰ ਘਰੋ ਘਰੀਂ ਚਲੇ ਜਾਣ । ਵੱਡੇ ਵੱਡੇ ਅਕਾਲੀਆਂ ਦੇ ਅਸਤੀਫੇ ਆਉਣਗੇ ਤੇ ਚਾਚੇ ਹੁਰੀਂ ਬਗਲਾਂ ਵਜਾਉਂਦੇ ਫਿਰਨਗੇ ਕਿ ਵੇਖੋ,ਅਸੀਂ ਵਜ਼ੀਰ ਐਮ.ਪੀ.ਜਾਂ ਐਮ.ਐਲ.ਏ.ਨਹੀਂ ਸਾਂ ਵਰਨਾ ਸਾਨੂੰ ਵੀ ਆਪਣੀ ਪਦਵੀ ਤੋਂ ਅਸਤੀਫਾ ਦੇਣਾ ਪੈਣਾ ਸੀ । ਲੈ ਦੇ ਕੇ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰ ਵੱਜਦੇ ਹਾਂ ਤੇ ਖੁਸ਼ਕਿਸਮਤੀ ਨੂੰ ਕਿਸੇ ਅਕਾਲੀ ਨੇ ਅਜੇ ਤਕ ਸਾਡੇ ਕੋਲੋਂ ਕਿਸੇ ਕਿਸਮ ਦੀ ਕੋਈ ਸਲਾਹ ਵੀ ਨਹੀਂ ਲਈ । ਜਦੋਂ ਸਲਾਹ ਦੇਣ ਚਲੇ ਸਾਂ ਤਾਂ ਉਥੇ ਹਰਿਮੰਦਰ ਸਾਹਿਬ ਕੰਪਲੈਕਸ ਵਾਲਿਆਂ ਨੇ ਪੌੜੀਆਂ ਵਿਚ ਹੀ ਰੋਕੀ ਰੱਖਿਆ ।

## ਭੇਡ ਦੀਆਂ ਅੱਖਾਂ ਵਾਲੀ ਮਾਈ

ਹਰ ਦੇਸ਼ ਵਿਚ ਕੁਝ ਨਾ ਕੁਝ ਅਜਿਹੇ ਰਾਜਸੀ ਪਾਂਡੇ ਹੁੰਦੇ ਸਨ ਜੋ ਆਪਣੇ ਦੇਸ਼ ਜਾਂ ਲੀਡਰਾਂ ਦੀਆਂ ਗੱਲਾਂ ਅਜਿਹੇ ਨਿਮਕ ਲਾ ਕੇ ਕਰਦੇ ਹਨ ਕਿ ਸੱਚੀਆਂ ਲੱਗਣ ਲੱਗ ਪੈਂਦੀਆਂ ਹਨ । ਇਕ ਰੂਸੀ ਸੱਜਣ ਨੇ ਆਪਣੇ ਅੱਖਾਂ ਦੇ ਡਾਕਟਰਾਂ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਇਕ ਮਾਈ ਦੀਆਂ ਇਕ ਹਾਦਸੇ ਵਿਚ ਦੋਵੇਂ ਅੱਖਾਂ ਚਲੀਆਂ ਗਈਆਂ । ਅੱਖਾਂ ਦੇ ਇਕ ਸਰਜਨ ਨੇ ਇਕ ਮਰੀ ਭੇਡ ਦੀਆਂ ਵੇਲੇ ਸਿਰ ਦੋਵੇਂ ਅੱਖਾਂ ਕੱਢ ਲਈਆਂ ਤੇ ਮਾਈ ਦੇ ਪਾ ਦਿੱਤੀਆਂ । ਮਾਈ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਦਿਸਣ ਲੱਗ ਪਿਆ ।

ਕੋਲ ਖੜੋਤੇ ਇਕ ਪੋਲੈਂਡ ਦੇ ਜੱਟ ਨੇ ਕਿਹਾ,"ਵਾਰੇ ਵਾਰੇ ਜਾਈਏ ਸਾਇੰਸਦਾਨਾਂ ਦੇ । ਸਾਡੇ ਇਕ ਸਾਇੰਸਦਾਨ ਨੇ ਕਮਾਲ ਕਰ ਦਿੱਤਾ । ਮੇਰੇ ਇਕ ਸੀਰੀ ਦੀਆਂ ਪੱਠੇ ਕੁਤਰਨ ਵਾਲੇ ਟੋਕੇ ਵਿਚ ਆ ਕੇ ਇਕ ਹੱਥ ਦੀਆਂ ਚਾਰ ਉਂਗਲਾਂ ਕੱਟੀਆਂ ਗਈਆਂ । ਡਾਕਟਰ ਨੇ ਇਕ ਮਰੀ ਹੋਈ ਗਾਂ ਦੇ ਚਾਰੇ ਥਣ ਕੱਟ ਕੇ ਉਸ ਦੀਆਂ ਉਂਗਲਾਂ ਦੇ ਥਾਂ ਹੱਥ 'ਤੇ ਚੜ੍ਹਾ ਦਿੱਤੇ । ਸੀਰੀ ਨੂੰ ਬਿਨਾਂ ਲਵੇਰੇ ਦੇ ਮੌਜ ਹੋ ਗਈ । ਹੁਣ ਉਸਦੀ ਘਰ ਵਾਲੀ ਉਸਦੇ ਹੱਥ 'ਤੇ ਮਾੜਾ ਜਿਹਾ ਪਾਣੀ ਛਿੜਕ ਕੇ ਧਾਰ ਕੱਢ ਕੇ ਦਿਨ ਵਿਚ ਦੋ ਵਾਰ ਦੁੱਧ ਦੀ ਬਾਲਟੀ ਭਰ ਲੈਂਦੀ ਹੈ ।"

ਇਕ ਪੰਜਾਬੀ ਕਿਸਾਨ ਨੇ ਜਦੋਂ ਆਪਣੇ ਵਿਦੇਸ਼ੀ ਮਿੱਤਰਾਂ ਦੀ ਗੱਲਬਾਤ ਸੁਣੀ ਤਦ ਗੱਲਾਂ ਕਰਦਾ ਹੋਇਆ ਉਹ ਕਹਿਣ ਲੱਗਾ,"ਸਾਡੇ ਸੂਬੇ ਦੇ ਮੁੱਖ ਮੰਤਰੀ ਬਰਨਾਲਾ ਸਾਹਿਬ ਤੜਕੇ-ਤੜਕੀ ਇਸ਼ਨਾਨ ਕਰ ਕੇ ਇਕ ਬਾਂਹ ਅੰਮ੍ਰਿਤਸਰ ਵੱਲ ਤੇ ਦੂਜੀ ਬਾਂਹ ਦਿੱਲੀ ਵੱਲ ਕਰ ਦਿੰਦੇ ਹਨ । ਅੰਮ੍ਰਿਤਸਰ ਵਾਲੇ ਹੱਥ ਵਿਚ ਦਰਬਾਰ-ਸਾਹਿਬ ਦਾ ਕੜਾਹ-ਪ੍ਰਸ਼ਾਦ ਆ ਜਾਂਦਾ ਹੈ ਤੇ ਦੂਜੇ ਹੱਥ ਵਿਚ ਰਾਜੀਵ ਗਾਂਧੀ ਵਲੋਂ ਲਿਖਿਆ ਲਿਖਾਇਆ ਵਜ਼ੀਰੀ ਦਾ ਇਕ ਇਕ ਦਿਨ ਦਾ ਵਧਿਆ ਸਮਾਂ ।"

ਜਦੋਂ ਰੂਸੀ ਸੱਜਣ ਪੁੱਛਣ ਲੱਗਾ ਕਿ ਸਾਰੀ ਕਰਾਮਾਤ ਕੌਣ ਵੇਖ ਸਕਦਾ ਹੈ?' ਤਦ ਪੋਲੈਂਡ ਦੇ ਜੱਟ ਨੇ ਕਿਹਾ,"ਉਹ ਭੇਡ ਦੀਆਂ ਅੱਖਾਂ ਵਾਲੀ ਮਾਈ ਜੋ ਮਾਸਕੋ ਤੋਂ ਲੈ ਕੇ ਚੰਡੀਗੜ੍ਹ ਅਤੇ ਦਿੱਲੀ ਤਕ ਸਭ ਕੁਝ ਵੇਖ ਸਕਦੀ ਹੈ । ਓਸੇ ਮਾਈ ਨੇ ਤਾਂ ਸਾਨੂੰ ਇਹ ਗੱਲ ਦੱਸੀ ਹੈ ।"

## ਜਦੋਂ ਗੈਸ ਲੱਭਦੀ ਹੈ ......

ਹਰ ਹਫਤੇ ਭਾਰਤ ਦੇ ਕਿਸੇ ਨਾ ਕਿਸੇ ਕੋਨੇ ਵਿਚੋਂ ਗੈਸ ਦਾ ਨਵਾਂ ਭੰਡਾਰ ਮਿਲਦਾ ਹੈ । ਜਿਸ ਨਾਲ ਲੱਖਾਂ ਸਿਲੰਡਰ ਭਰੇ ਜਾ ਸਕਦੇ ਹਨ । ਬੜੀ ਖੁਸ਼ੀ ਹੁੰਦੀ ਹੈ ਕਿ ਹੁਣ ਗੈਸ ਸਸਤੀ ਹੋ ਜਾਵੇਗੀ ਪਰ ਮਾਇਆ ਦੀ ਲੋਭੀ ਸਰਕਾਰ ਪਹਿਲੇ ਨਾਲੋਂ ਵੀ ਗੈਸ ਦੇ ਸਿਲੰਡਰ ਦਾ ਭਾਅ ਵਧਾ ਦਿੰਦੀ ਹੈ । ਤੇਰਾਂ ਰੁਪਏ ਤੋਂ ਚਲਦਾ ਚਲਦਾ ਗੈਸ ਦਾ ਸਿਲੰਡਰ ਹੁਣ 65 ਰੁਪਏ ਦਾ ਹੋ ਗਿਆ ਹੈ । ਏਨੇ ਦਮੜੇ ਦੇ ਕੇ ਵੀ ਕਈ ਵਾਰ ਹਮਾਤੜ ਗਾਹਕਾਂ ਨੂੰ ਅੱਧਾ ਭਰਿਆ ਤੇ ਅੱਧਾ ਖਾਲੀ ਸਿਲੰਡਰ ਮਿਲਦਾ ਹੈ ।

ਕਈ ਸ਼ਹਿਰਾਂ ਵਿਚ ਪੁਲੀਸ ਨੇ ਅਧੂਰੇ ਸਿਲੰਡਰਾਂ ਦੇ ਭਰੇ ਭਰਾਏ ਟਰੱਕ ਫੜੇ ਪਰ ਮਗਰੋਂ ਪਤਾ ਨਹੀਂ ਲੱਗ ਸਕਿਆ ਕਿ ਕੀ ਕਾਨੂੰਨੀ ਕਾਰਵਾਈ ਹੋਈ ? ਜਾਪਦਾ ਹੈ ਕਿ ਅਧੂਰੇ ਸਿਲੰਡਰਾਂ ਦੀ ਫੜੋ ਫੜੀ ਪਿੱਛੋਂ ਬੜੀ ਮੁਸ਼ਕਲ ਨਾਲ ਪੁਲੀਸ ਕਰਮਚਾਰੀਆਂ ਦਾ ਪਾਸਿੰਗ ਪੂਰਾ ਹੁੰਦਾ ਹੈ ।

## ਭਾਰੀ ਹਿੰਦੀ ਵਾਲਾ ਹੱਥ

ਸਿੱਖਾਂ ਦੇ ਦੋ ਗਿਆਨੀਆਂ ਨੇ ਬਗੈਰ ਬਹੁਤੀ ਹਿੰਦੀ ਜਾਣਨ ਦੇ ਹਿੰਦੀ ਭਾਸ਼ਾ ਦੀ ਜੋ ਸੇਵਾ ਕੀਤੀ ਉਸ 'ਤੇ ਹਿੰਦੀ ਪ੍ਰੇਮੀ ਜਿੰਨਾਂ ਗੌਰਵ ਕਰਨ ਥੋੜ੍ਹਾ ਹੈ ।

ਪੰਡਿਤ ਜਵਾਹਰ ਲਾਲ ਨਹਿਰੂ ਵੇਲੇ ਪਾਰਲੀਮੈਂਟ ਵਿਚ ਇਹ ਸਵਾਲ ਪੈਦਾ ਹੋਇਆ ਕਿ ਭਾਰਤ ਦੀ ਰਾਜ ਭਾਸ਼ਾ ਹਿੰਦੁਸਤਾਨੀ ਹੋਵੇ ਕਿ ਹਿੰਦੀ । ਸਾਰਾ ਦੇਸ਼ ਦੋ ਗਰੁੱਪਾਂ ਵਿਚ ਇਕੋ ਜਿਹਾ ਵੰਡਿਆ ਗਿਆ । ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀ ਹਿੰਦੀ ਭਾਸ਼ਾ ਦੇ ਹੱਕ ਵਿਚ ਪਾਈ ਗਈ ਵੋਟ ਨੇ ਹਿੰਦੀ ਨੂੰ ਭਾਰਤ ਦੀ ਰਾਜ ਭਾਸ਼ਾ ਬਣਾ ਦਿੱਤਾ ।

ਹੁਣ ਗਿਆਨੀ ਜ਼ੈਲ ਸਿੰਘ ਜੀ ਨੇ ਵੀ ਹਿੰਦੀ ਭਾਸ਼ਾ ਦਾ ਬੀੜਾ ਚੁੱਕਿਆ ਹੈ । ਉਨ੍ਹਾਂ ਨੇ ਹਿੰਦੀ ਪ੍ਰੇਮੀਆਂ ਦੇ ਇਕ ਸੰਮੇਲਨ ਵਿਚ ਸ੍ਰੀ ਰਾਜੀਵ ਗਾਂਧੀ ਨੂੰ ਵੀ ਕੋਸਿਆ ਕਿ ਜਦੋਂ ਰੂਸੀ ਨੇਤਾ ਗੋਰਬਾਚੋਵ,ਜਿਸ ਨੂੰ ਰਾਜੀਵ ਗਾਂਧੀ ਸ਼ਾਇਦ"ਗੁਰਬਚਾਵੇਂ"ਕਹਿੰਦੇ ਰਹੇ ਨੇ,ਰੂਸੀ ਭਾਸ਼ਾ ਵਿਚ ਭਾਸ਼ਨ ਦਿੱਤਾ ਤਾਂ ਰਾਜੀਵ ਗਾਂਧੀ ਜੀ ਨੂੰ ਅੰਗਰੇਜ਼ੀ ਬੋਲਣ ਦੀ ਕੀ ਲੋੜ ਸੀ । ਉਨ੍ਹਾਂ ਨੂੰ ਚਾਹੀਦਾ ਸੀ ਕਿ ਹਿੰਦੀ ਵਿਚ ਬੋਲਦੇ ।

ਗਿਆਨੀ ਜ਼ੈਲ ਸਿੰਘ ਦੇ ਭਾਸ਼ਨ ਦੀ ਹਿੰਦੀ ਪ੍ਰੇਮੀਆਂ ਵਲੋਂ ਬੜੀ ਸ਼ਲਾਘਾ ਹੋਈ ਪਰ ਕੁਝ ਕੁ ਸਨਕੀ ਸੱਜਣਾਂ ਨੇ ਗਿਆਨੀ ਜੀ ਦੇ ਉਚਾਰਨ ਤੇ ਕਿੰਤੂ ਕੀਤਾ । ਗਿਆਨੀ ਜੀ ਕਹਿ ਸਕਦੇ ਹਨ,"ਮੈਂ ਤਾਂ ਗਲਤ ਉਚਾਰਨ ਇਸ ਲਈ ਕੀਤਾ ਸੀ ਕਿ ਜਦੋਂ ਪ੍ਰਧਾਨ ਮੰਤਰੀ ਤੋਂ ਇਕ ਅੱਧ ਅਜਿਹੀ ਗਲਤੀ ਹੋ ਜਾਵੇ ਤਾਂ ਮੇਰਾ ਉਚਾਰਨ ਉਸ ਦੀ ਢਾਲ ਤੇ ਰਖਸ਼ਾ ਬਣ ਸਕੇ । ਰਾਸ਼ਟਰਪਤੀ ਹੋਣ ਦੇ ਨਾਤੇ ਪ੍ਰਧਾਨ ਮੰਤਰੀ ਦੇ ਸਿਰ ਉੱਤੇ ਹੱਥ ਰੱਖਣਾ ਮੇਰਾ ਫਰਜ਼ ਵੀ ਤਾਂ ਹੈ ।"

## ਰਾਜੀਵ ਤੇ ਨੇਤਾ ਜੀ

ਪੱਛਮੀ ਬੰਗਾਲ ਦੀਆਂ ਸਮੂਹ ਪਾਰਟੀਆਂ ਦੇ ਮੰਨੇ ਪ੍ਰਮੰਨੇ ਲੀਡਰਾਂ ਨੇ ਇਸ ਗੱਲ 'ਤੇ ਰੋਸ ਕੀਤਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਸ਼ਤਾਬਦੀ 'ਤੇ ਅਣਗਿਣਤ ਭਾਸ਼ਨ ਕੀਤੇ ਪਰ ਇਕ ਵਾਰ ਵੀ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਨਾਂ ਤਕ ਨਹੀਂ ਲਿਆ ।

ਬੰਗਾਲੀ ਲੀਡਰਾਂ ਨੇ ਸ੍ਰੀ ਰਾਜੀਵ ਗਾਂਧੀ ਦੀ ਇਤਿਹਾਸਕ ਸੂਝਬੂਝ ਤੇ ਵੀ ਅਫਸੋਸ ਪ੍ਰਗਟ ਗੀਤਾ ਹੈ ਕਿ ਉਹ ਵਾਰ ਵਾਰ ਇਹੋ ਕਹਿੰਦੇ ਰਹੇ ਕਿ ਸ੍ਰੀ ਮੋਤੀ ਲਾਲ ਨਹਿਰੂ ਨੇ,ਜਵਾਹਰ ਲਾਲ ਨਹਿਰੂ ਤੇ ਸ੍ਰੀਮਤੀ ਗਾਂਧੀ ਨੇ ਦੇਸ਼ ਦੀ ਆਜ਼ਾਦੀ ਲਈ ਲਾਸਾਨੀ ਕੁਰਬਾਨੀਆਂ ਕੀਤੀਆਂ । ਇਕ ਵਾਰ ਉਨ੍ਹਾਂ ਦੇ ਮੂੰਹੋਂ ਗਲਤੀ ਨਾਲ ਮਹਾਤਮਾ ਗਾਂਧੀ ਦਾ ਨਾਂ ਵੀ ਨਿਕਲ ਗਿਆ ਸੀ । ਪਰ ਮਗਰੋਂ ਉਨ੍ਹਾਂ ਨੂੰ ਕਿਸੇ ਨੇ ਸਮਝਾ ਦਿੱਤਾ ਕਿ ਮਹਾਤਮਾ ਗਾਂਧੀ ਤੁਹਾਡੇ ਪਿਤਾ ਸ੍ਰੀ ਫਿਰੋਜ਼ ਗਾਂਧੀ ਦੇ ਕੁਝ ਨਹੀਂ ਸਨ ਲਗਦੇ । ਤੁਹਾਡਾ ਇਤਿਹਾਸ ਤਾਂ ਸ੍ਰੀਮਤੀ ਗਾਂਧੀ ਤੋਂ ਸ਼ੁਰੂ ਹੁੰਦਾ ਹੈ ਤੇ ਤੁਹਾਡੇ ਪਿਤਾ ਰਾਹੁਲ ਗਾਂਧੀ ਤਕ ਚਲਦਾ ਹੈ । ਉਸ ਮਗਰੋਂ ਰੱਬ ਦੀਆਂ ਗੱਲਾਂ ਰੱਬ ਜਾਣੇ

ਜਾਪਦਾ ਹੈ ਕਿ ਹੁਣ ਰਾਜੀਵ ਅੱਗੋਂ ਲਈ ਇਤਿਹਾਸ ਬਾਰੇ ਕੋਈ ਭੁੱਲ ਨਹੀਂ ਕਰਨ ਲੱਗੇ ।

**ਗੁਰਨਾਮ ਸਿੰਘ ਤੀਰ**



## ਜ਼ਿੰਦਗੀ

**ਸੁਰਜੀਤ ਰਾਮਪੁਰੀ**

ਕੱਚੇ ਰਸਤੇ ਤੇ ਟੁਰੀ ਸੀ ਜ਼ਿੰਦਗੀ
ਵਹਿਮ ਦੇ ਬੰਧਨ ਵੀ ਸਨ
ਕੁਝ ਭਰਮਾਂ ਦੇ ਸਨ ਜਾਲ ਵੀ
ਹੌਸਲੇ ਵੀ ਪਸਤ ਸਨ
ਕਮਜ਼ੋਰੀਆਂ ਦੀ ਢਾਲ ਵੀ
ਕੁਝ ਦੁਸ਼ਮਣ ਵੀ ਛੁਪੇ ਸਨ
ਦੋਸਤਾਂ ਦੇ ਨਾਲ ਵੀ

... ... ... ...

ਫੇਰ ਵੀ ਟੁਰਦੀ ਰਹੀ ਸੀ ਜ਼ਿੰਦਗੀ

ਨਿੱਕਾ ਦੀਵਾ ਬਾਲਿਆ ਸੀ ਆਸ ਦਾ
ਇੱਕ ਸਹਿਮ ਸੁਲਘਦਾ ਸੀ ਪਿਆਸ ਦਾ

ਪੈਰਾਂ ਵਿਚ ਸਨ ਬੇੜੀਆਂ
ਪਿੰਜਰਾਂ ਵਿਚ ਗੂੰਜੀਆਂ ਸਨ ਝਾਂਜਰਾਂ

ਸੰਘ ਵਿਚ ਤਲਵਾਰ ਸੀ ਚੁਭਦੀ ਪਈ
ਫੇਰ ਵੀ ਆਵਾਜ਼ ਨਾ ਘਾਇਲ ਹੋਈ

ਹਰ ਗਲੀ 'ਚੋਂ ਕਾਫਲਾ ਬਣਦਾ ਗਿਆ
ਤੇ ਹਨੇਰੇ ਦਾ ਜਿਗਰ ਛਣਦਾ ਗਿਆ

ਫੇਰ ਵੀ ਟੁਰਦੀ ਰਹੀ ਸੀ ਜ਼ਿੰਦਗੀ

... ... ... ...

ਅੱਜ ਵੀ ਟੁਰਦੀ ਪਈ ਹੈ ਜ਼ਿੰਦਗੀ
ਤੇ ਜਹਾਲਤ ਦੇ ਹਨੇਰੇ ਤਾਰ ਤਾਰ...
ਸੋਚ ਨੂੰ ਖੰਭ ਲੱਗ ਗਏ ਹਨ
ਕਲਪਨਾ ਚੰਡੋਲ ਬਣਕੇ ਗਾ ਰਹੀ ਹੈ
ਸੁਲਘਦਾ ਸਹਿਮ ਸਮੁੰਦਰ ਬਣ ਗਿਆ ਹੈ
ਤੇ ਪਿਆਸੀ ਜ਼ਿੰਦਗੀ ਦੀ ਆਤਮਾ ਸਰਚਾ ਗਈ ਹੈ
ਸਦੀਆਂ ਤੋਂ ਟੁਰਦੀ ਪਈ ਸੀ ਜ਼ਿੰਦਗੀ
ਹੁਣ ਜਿਵੇਂ ਮੰਜ਼ਿਲ ਦੇ ਨੇੜੇ ਆ ਗਈ ਹੈ
ਫਾਸਲੇ ਘਟਦੇ ਪਏ ਹਨ ।
ਦੋਸਤੀ ਹੱਸਦੀ ਕਲਾਵੇ ਭਰ ਰਹੀ ਹੈ
ਦੁਸ਼ਮਣੀ ਦੀ ਜਿੰਦ ਥਰ ਥਰ ਕਰ ਰਹੀ ਹੈ ।

... ... ... ...

ਅੱਜ ਵੀ ਟੁਰਦੀ ਪਈ ਹੈ ਜ਼ਿੰਦਗੀ
ਕੱਲ੍ਹ ਵੀ ਟੁਰਦੀ ਰਹੇਗੀ ਜ਼ਿੰਦਗੀ
ਉੱਚੇ ਪਰਬਤ ਦੀ ਸਿਖਰ ਤੇ ਜੋ ਅਸੀਂ ਬਾਲੀ ਮਿਸ਼ਾਲ
ਖੂਬਸੂਰਤ ਵਾਦੀਆਂ ਵਿਚ ਰੋਸ਼ਨੀ ਭੁਰਦੀ ਰਹੇਗੀ
ਜੋ ਗੁਲਾਬੀ ਫੁੱਲ ਖਿੜਿਆ ਹੈ ਅਸਾਡੇ ਖੂਨ 'ਚੋਂ
ਮਹਿਕ ਉਸ ਦੀ ਯੁੱਗਾਂ ਨੂੰ ਭਰਦੀ ਰਹੇਗੀ ।
ਕੱਲ੍ਹ ਵੀ ਟੁਰਦੀ ਪਈ ਸੀ ਜ਼ਿੰਦਗੀ
ਅੱਜ ਵੀ ਟੁਰਦੀ ਪਈ ਹੈ ਜ਼ਿੰਦਗੀ
ਕੱਲ੍ਹ ਵੀ ਟੁਰਦੀ ਰਹੇਗੀ ਜ਼ਿੰਦਗੀ... ।




**ਵੈਨਕੂਵਰ ਸੱਥ**

ਵੱਲੋਂ

**ਨਾਟਕਾਂ ਦਾ ਪ੍ਰੋਗਰਾਮ**

8 ਮਾਰਚ, 1987, ਐਤਵਾਰ ਬਾਅਦ ਦੁਪਹਿਰ 3 ਵਜੇ ਸ਼ਾਮ,
ਵੈਨਕੂਵਰ ਟੈਕਨੀਕਲ ਸਕੂਲ

— 2600 ਈਸਟ ਬਰਾਡਵੇ (ਬਰਾਡਵੇ ਉਪਰ ਨਾਨਾਇਮੋਂ ਤੋਂ ਇਕ ਬਲਾਕ ਈਸਟ ਵੱਲ)

**ਨਾਟਕ :**

"ਹਵੇਲੀਆਂ ਤੇ ਪਾਰਕਾਂ", "ਕਿਹਦਾ ਵਿਆਹ"

- "ਮਿੰਨੀ ਨਾਟਕ" ਛੇ ਸਾਲ ਤੋਂ ਬਾਰਾਂ ਸਾਲ ਦੇ ਬੱਚਿਆਂ ਵੱਲੋਂ ਪੇਸ਼ ਕੀਤੇ ਜਾਣਗੇ
- ਗੀਤ ਸੰਗੀਤ ਤੇ ਭੰਗੜਾ

**ਟਿਕਟ :** ਤਿੰਨ ਡਾਲਰ, (ਬਜ਼ੁਰਗਾਂ ਲਈ ਦੋ ਡਾਲਰ) — ਦਸ ਸਾਲ ਤੋਂ ਘੱਟ ਬੱਚੇ ਮੁਫਤ

ਜਾਣਕਾਰੀ ਲਈ ਫੋਨ ਕਰੋ :

270-9467 ਜਾਂ 581-3221



# ਸਾਹਿਤ ਤੇ ਕਲਾ



## ਕਹਾਣੀ

# ਗਣੇਸੀ

**ਅਵਤਾਰ ਸਾਦਿਕ**
**ਲੈਸਟਰ-ਯੂ.ਕੇ**

ਕਣਕਾਂ ਦੀ ਹਰਿਆਈ ਦੂਰ ਦੂਰ ਤਕ ਨਜ਼ਰੀ ਪੈਂਦੀ ਸੀ। ਕਣਕਾਂ ਦੇ ਖੇਤਾਂ ਵਿਚ ਸਰੋਂ ਦੇ ਪੀਲੇ ਫੁੱਲਾਂ ਦੀਆਂ ਕਤਾਰਾਂ ਦੇ ਸਾਹਮਣੇ ਡੇਕਾਂ ਦੇ ਦਰਖਤਾਂ ਵਿਚੀਂ ਸਵੇਰ ਸਾਰ ਸੂਰਜ ਦਾ ਚੜ੍ਹਨ ਨਾਲ ਕੁਦਰਤੀ ਸੁੰਦਰਤਾ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਚਿੜੀਆਂ ਦਰਖਤਾਂ ਤੇ ਚਹਿ ਚੁਹਾਉਂਦੀਆਂ ਡਾਰਾਂ ਬੰਨ੍ਹ ਕੇ ਉਡਦੀਆਂ ਤੇ ਕਦੇ ਕਦੇ,ਆਕਾਸ਼ ਵਿਚ ਗੇੜਾ ਦੇ ਕੇ ਦਰਖਤਾਂ ਤੇ ਜਾ ਬੈਠਦੀਆਂ। ਉਹ ਆਪਣੇ ਟੀਊਬਵੈਲ ਦੇ ਚਲ੍ਹੇ ਤੇ ਖੜਾ ਦਾਤਣ ਕਰਦਾ ਕੁਦਰਤੀ ਨਜ਼ਾਰਾ ਮਾਣਦਾ ਰਿਹਾ ਸੀ।

ਪਿਛਲੇ ਵਰ੍ਹਿਆਂ ਵਿਚ ਵਲੈਤ ਰਹਿੰਦਿਆਂ ਕਾਲੇ ਘੁਪ ਬੱਦਲ,ਮਿਲਾਂ ਦਾ ਧੂੰਆਂ ਸੜਕਾਂ ਤੇ ਕਾਰਾਂ ਤੇ ਟਰੱਕਾਂ ਦੀਆਂ ਗੂੰਜਾਂ,ਮੀਂਹ ਤੇ ਬਰਫਾਂ ਤੋਂ ਬਿਨਾਂ,ਫੈਕਟਰੀ ਦੀਆਂ ਮਸ਼ੀਨਾਂ ਦਾ ਖੜ੍ਹਾਕ,ਉਸਦੇ ਕੰਨਾਂ ਵਿਚ ਰੁਜ਼ਗਾਰ ਦਾ ਹਿੱਸਾ ਰਿਹਾ ਸੀ। ਰਾਤਾਂ ਤੇ ਕੰਮ ਕਰਦਿਆਂ ਤੇ ਦਿਨਾਂ ਨੂੰ ਸੌਣ ਵੇਲੇ,ਉਸਦੇ ਨੈਣਾਂ ਵਿਚ,ਇਕੋ ਇਕ ਸੁਪਨਾ ਰੜਕਦਾ ਰਿਹਾ ਸੀ। ਬਾਪੂ ਨੂੰ ਪਿੰਡ ਦੇ ਸਰਦਾਰ ਅਜੀਤ ਸਿੰਘ ਦੀ ਜ਼ਮੀਨ ਵਾਹਣੋਂ ਤੇ ਨੀਮ ਗੁਲਾਮੀ ਭਰਪੂਰ,ਹਰ ਰੋਜ਼ ਦੀਆਂ ਬੁੱਤੀਆਂ ਤੋਂ ਆਜ਼ਾਦ ਕਰਵਾਉਣਾ। ਅਜੇਹਾ ਕਰਨ ਲਈ ਸੋਹਣ ਨੂੰ ਆਪਣਾ ਦੇਸ਼ ਤੱਲਣਾ ਪਿਆ ਸੀ। ਹਾਈ ਸਕੂਲ ਦੇ ਹੈਡਮਾਸਟਰ ਤੋਂ ਫੈਕਟਰੀ ਦਾ ਮਜ਼ਦੂਰ ਬਣਨਾ ਪਿਆ ਸੀ। ਸਿਰ ਦੀ ਪੱਗ ਲਾਹ,ਦਾਹੜੀ ਮੁੱਛਾਂ ਕਟਵਾ ਕੇ,ਸਿਰ ਵਿਚ ਚੀਰ ਕੱਢਣਾ ਪਿਆ ਸੀ। ਸਿਰ ਦੇ ਵਾਲਾਂ ਨੂੰ ਵਲੈਤ ਦੇ ਨਾਈ ਕੈਂਚੀ ਨਹੀਂ ਸੀ ਲਾਉਂਦੇ। ਉਹ ਵੀ ਆਪਣੇ ਹੱਥੀਂ ਕਤਲ ਕਰਨੇ ਪਏ ਸਨ। ਜਦੋਂ ਕਦੀ ਵੀ ਉਸ ਦਾਹੜੀ ਕੇਸ ਨਾ ਮਨਵਾਉਣ ਦੀ ਇੱਛਾ ਪ੍ਰਗਟ ਕੀਤੀ ਸੀ,ਉਸ ਨੂੰ ਘੜਿਆ ਘੜਾਇਆ ਜਵਾਬ ਮਿਲਦਾ ਰਿਹਾ ਸੀ, 'ਜੈਸਾ ਦੇਸ਼ ਤੈਸਾ ਭੇਸ'। ਰੁਜ਼ਗਾਰ ਲਈ ਪ੍ਰਦੇਸ਼ ਵਿਚ ਦੇਸ਼ ਦੀ ਵਿਦਿਆ ਦਾ ਕੋਈ ਮੁੱਲ ਨਾ ਪਿਆ। ਧਰਮ ਜਾਂ ਸਭਿਆਚਾਰ ਦਾ ਮੁੱਲ ਪੈਣਾ ਦੂਰ ਦੀ ਗੱਲ ਸੀ।

ਇਨ੍ਹਾਂ ਹੀ ਸੋਚਾਂ ਵਿਚ ਉਸ ਦੇ ਸਾਹਮਣਿਓਂ ਹਿਰਨੀਆਂ ਦੀ ਡਾਰ ਦੁੜੰਗੇ ਮਾਰਦੀ ਲੰਘ ਗਈ। ਹਿਰਨੀਆਂ ਦੀ ਡਾਰ ਵਿਚ ਕਾਲੇ ਰੰਗ ਦਾ ਹਿਰਨ ਬਹੁਤ ਸੋਹਣਾ ਲਗ ਰਿਹਾ ਸੀ। ਹਿਰਨੀਆਂ ਨੂੰ ਵੇਖਕੇ ਉਸ ਕੋਲ ਖਲੋਤਾ ਕੁੱਤਾ,ਹਿਰਨੀਆਂ ਨੂੰ ਫੜਨ ਲਈ ਹਿਰਨ ਹੋ ਗਿਆ ਸੀ। ਵੇਟ ਵਿਚ ਉਸ ਦੀ ਵਲੈਤੀ ਕਮਾਈ ਨਾਲ ਖਰੀਦੀ ਹੋਈ ਥੋੜੀ ਜੇਹੀ ਜ਼ਮੀਨ,ਖੇਤਾਂ ਵਿਚ ਕੱਚਾ ਘਰ,ਖੁੱਲ੍ਹਾ ਵਾਤਾਵਾਰਣ ਬਹੁਤ ਚੰਗਾ ਲੱਗਾ ਸੀ। ਇਨ੍ਹਾਂ ਸੋਚਾਂ ਵਿਚ,ਉਸ ਨੂੰ ਫੈਕਟਰੀ ਵਿਚ ਆਪਣਾ ਪਹਿਲਾ ਦਿਨ ਯਾਦ ਆਇਆ। ਗੰਦਾ ਕੋਟ,ਭਾਰੀ ਬਾਲਟੀ,ਜਿਸ ਨਾਲ ਰਬੜ ਬਣਦੀ ਹੁੰਦੀ ਸੀ। ਉਨ੍ਹੀਂ ਦਿਨੀਂ ਸੇਹਤ ਕਮਜ਼ੋਰ ਹੋਣ ਕਾਰਣ ਬਾਲਟੀ ਚੁੱਕੀ ਨਹੀਂ ਸੀ ਜਾਂਦੀ। ਬਾਲਟੀ ਦੇ ਭਾਰ ਨਾਲੋਂ ਸਭ ਤੋਂ ਵੱਡਾ ਬੰਬ ਉਸ ਦੇ ਜਿਹਨ ਤੇ ਉਸੇ ਦਿਨ ਡਿਗਿਆ ਸੀ,ਜਦੋਂ ਫੋਰਮੈਨ ਨੇ ਅੰਗਰੇਜ਼ੀ ਵਿਚ ਦੂਰੋਂ,ਉੱਚੀ ਦੇਣੀ ਅਵਾਜ਼ਾਂ ਕੱਸੀਆਂ ਸਨ,"ਸਿੰਘ-ਛੇਤੀ ਦੇਣੀ ਇਕ ਪਾਣੀ ਦੀ ਬਾਲਟੀ ਲਿਆ-"ਫੋਰਮੈਨ ਬੋਲੀ ਜਾ ਰਿਹਾ ਸੀ,ਪਰ ਉਸ ਨੂੰ 'ਸਿੰਘ'ਸ਼ਬਦ ਤੋਂ ਬਿਨਾਂ ਕੋਈ ਵੀ ਅੰਗਰੇਜ਼ੀ ਦਾ ਸ਼ਬਦ ਸਮਝ ਨਹੀਂ ਸੀ ਆਇਆ। ਫੋਰਮੈਨ ਦੇ ਲੋਹਾ ਲਾਖਾ ਹੋਣ ਤੇ ਉਸ ਦੇ ਲਾਗੇ ਵਾਲੀ ਮਸ਼ੀਨ ਵਾਲੇ ਅਨਪੜ੍ਹ ਕਰਮ ਸਿੰਹੁ ਨੇ ਦੁਭਾਸ਼ੀਏ ਦਾ ਕੰਮ ਦੇਂਦਿਆਂ ਕਿਹਾ ਸੀ,"ਮਾਸਟਰ,ਤੇਰੀਆਂ ਸਤਾਰਾਂ ਜਮਾਤਾਂ ਨੂੰ ਝੋਟਾ ਖਾ ਗਿਆ-ਜਾਹ ਪਾਣੀ ਦੀ ਬਾਲਟੀ ਲਿਆ-ਛੇਤੀ ਦੇਣੀ ਆਪਣੇ ਪਤੰਦਰ ਲਈ-ਆ ਗਏ ਆ ਮਾਂ ਕੋਲੋਂ ਵਲੈਤ ਕੰਮ ਕਰਨ-"ਉਹ ਹੱਸਦਾ ਰਿਹਾ ਤੇ ਬੋਲਦਾ ਰਿਹਾ।

ਉਸ ਦਿਨ ਸੋਹਣ ਨੇ ਨਮੋਸ਼ੀ ਵਿਚ ਦਿਹਾੜੀ ਮਸਾਂ ਪੂਰੀ ਕੀਤੀ ਸੀ।



ਉਸਦਾ ਦਿਲ ਕੀਤਾ ਸੀ ਕਿ ਕਿਰਾਇਆ ਬਣਾਕੇ ਵਾਪਸ ਚਲਾ ਜਾਏਗਾ। ਆਪਣੇ ਲੋਕ ਪੱਬਾਂ ਵਿਚ ਸੋਹਣ ਵਰਗੇ ਪੜ੍ਹੇ ਲਿਖੇ ਮਜ਼ਦੂਰਾਂ ਨੂੰ ਟਿਚਰਾਂ ਕਰਨ ਲੱਗ ਪਏ ਸਨ। ਦੰਦਾਂ ਤੇ ਦਾਤਣ ਕਰਦਿਆਂ ਉਸ ਨੂੰ ਕਿੱਕਰ ਦੀ ਦਾਤਣ ਦੀ ਕੁੜਤਣ ਮਹਿਸੂਸ ਨਾ ਹੋਈ। ਵਲੈਤ ਵਿਚ ਹੰਡਾਇਆ ਕੁੜਤਣ,ਖੇਤਾਂ ਦੇ ਰੂਪ ਵਿਚ ਵਿਛਿਆ ਹੋਇਆ ਸੀ।

ਉਨ੍ਹੀਂ ਦਿਨੀਂ ਖਬਰ ਫੈਲ ਗਈ ਸੀ। ਡੇਕਾਂ ਵਾਲੇ ਹਰੀ ਸਿੰਹੁ ਦਾ ਮੁੰਡਾ ਵਲੈਤੋਂ ਆਇਐ। ਪਿੰਡ ਤੋਂ ਤੇ ਲਾਗਲੇ ਖੇਤਾਂ ਵਿਚ ਵਸੇ ਲੋਕ ਮਿਲਣ ਆਉਂਦੇ। ਵਲੈਤ ਦੀਆਂ ਗੱਲਾਂ ਪੁੱਛਦੇ। ਅੰਗਰੇਜ਼ਾਂ ਦੇ ਸੁਭਾਅ ਬਾਰੇ,ਸ਼ਰਾਬ ਬਾਰੇ,ਅੰਗਰੇਜ਼ ਔਰਤਾਂ ਬਾਰੇ ਤੇ ਪੈਸਿਆਂ ਬਾਰੇ। ਸੋਹਣ ਦੱਸ ਦੇਂਦਾ ਰਿਹਾ। ਆਪਣੇ ਲੋਕਾਂ ਦੇ ਕੰਮ ਬਹੁਤ ਗੰਦੇ ਤੇ ਭਾਰੇ ਆ। ਗੋਰਿਆਂ ਦੇ ਮੁਕਾਬਲੇ ਵਿਚ ਕੰਮ ਘਟੀਆ ਮਿਲਦੇ ਆ। ਤਨਖਾਹ ਵੀ ਘੱਟ ਮਿਲਦੀ ਆ। ਜਦੋਂ ਕਦੀ ਸੋਹਣ ਨੂੰ ਉਸ ਦੇ ਕੰਮ ਬਾਰੇ ਪੁੱਛਦੇ, ਉਹ ਨਿਝਕ ਦੱਸ ਦੇਂਦਾ,"ਮੈਂ ਜੁੱਤੀਆਂ ਬਣਾਉਂਦਾ ਆਂ-ਮੈਨੂੰ ਵਲੈਤ ਦਾ ਮੋਚੀ ਸਮਝੋ"

ਸੋਹਣ ਦੇ ਬਾਪੂ ਨੇ ਇਕ ਦਿਨ ਉਸ ਨੂੰ ਪਿਆਰ ਨਾਲ ਕਿਹਾ,"ਪੁੱਤਰਾ ਜੇ ਤੂੰ ਮੋਚੀ ਵਾਲੀ ਗੱਲ ਨਾ ਵੀ ਦੱਸਿਆ ਕਰੇਂ ਤਾਂ ਤੇਰਾ ਕੀ ਵਿਗੜਦੇ-ਲੋਕ ਵਲੈਤੋਂ ਆਉਂਦੇ ਆ-ਕਿਹੜਾ ਸੱਚ ਬੋਲਦੇ ਆ..."

ਸੋਹਣ ਆਪਦੇ ਬਾਪੂ ਨੂੰ ਸਮਝਾਉਂਦਾ ਰਿਹਾ,"ਬਾਪੂ ਆਪਾਂ ਲੋਕਾਂ ਦੀ ਜ਼ਮੀਨ ਵਾਹੁੰਦੇ ਹੁੰਦੇ ਸੀ-ਤੇਰੇ ਨਾਲ ਮੈਂ ਕੰਮ ਤੇ ਪੂਰਾ ਹੱਥ ਵਟਾਉਂਦਾ ਹੁੰਦਾ ਸੀ-ਜਦੋਂ ਪੜ੍ਹਾਈ ਪੂਰੀ ਕਰਕੇ ਮੈਂ ਅਧਿਆਪਕ ਲੱਗਾ ਤਾਂ,ਮੈਂ ਬੜੇ ਰੋਹਬ ਨਾਲ ਹਾਕਮ ਮਿਜ਼ਾਜ਼ ਵਿਚ ਵਿਦਿਆਰਥੀਆਂ ਨੂੰ ਕਮਰੇ ਤੋਂ ਪੰਦਰਾਂ ਗਜ਼ ਦੀ ਦੂਰੀ ਤੋਂ ਪਾਣੀ ਦਾ ਗਲਾਸ ਲਿਆਉਣ ਲਈ ਕਹਿੰਦਾ ਹੁੰਦਾ ਸੀ-ਕੀ ਮੈਂ ਨਲਕੇ ਤਕ ਆਪ ਨਹੀਂ ਸੀ ਜਾ ਸਕਦਾ? ਹੁਣ ਇਹ ਗੱਲਾਂ ਸੋਚਕੇ ਮੈਨੂੰ ਸ਼ਰਮ ਆਉਂਦੀ ਹੈ ਤੇ ਸਮਝ ਵੀ ਆਈ ਆ ਕਿ ਹਾਕਮ ਸਭਿਆਚਾਰ ਦੇ ਪ੍ਰਭਾਵ ਥਲੇ ਮਨੁੱਖ ਕਿਦਾਂ ਬਦਲ ਜਾਂਦੈ?"ਬਾਪੂ ਗੱਲ ਸੁਣਕੇ ਚੁੱਪ ਕਰ ਗਿਆ।

ਇਕ ਦਿਨ ਲਾਗਲੇ ਪਿੰਡ ਦਾ ਲੰਬੜਦਾਰ ਆਪਣੇ ਨਾਲ ਦੋ ਬੰਦਿਆਂ ਸਮੇਤ ਉਸਦੇ ਘਰ ਪੁੱਜਾ। ਚਾਹ-ਪਾਣੀ ਪੀਣ ਬਾਦ ਉਸ ਦੇ ਬਾਪੂ ਨੂੰ ਪੁੱਛਣ ਲਗੇ,"ਬਈ ਵਲੈਤੀਆ ਕਿਧਰ ਆ?"ਉਸਦੇ ਬਾਪੂ ਨੇ ਖੁਸ਼ੀ ਵਿਚ ਸੋਹਣ ਨੂੰ ਸੱਦਿਆ। ਸੋਹਣ ਨੂੰ ਕੁੜਤੇ-ਪਜਾਮੇ ਵਿਚ ਵੇਖਕੇ,ਆਏ ਹੋਏ ਬੰਦੇ ਚੁੱਪ-ਚਾਪ ਇਕ ਦੂਜੇ ਵੱਲ ਵੇਖਣ ਲੱਗੇ। ਸੋਹਣ ਦੇ ਬਾਪੂ ਨੇ ਉਨ੍ਹਾਂ ਦਾ ਸ਼ੰਕਾ ਦੂਰ ਕਰਨ ਲਈ ਦੁਹਰਾਇਆ,"ਨੰਬਰਦਾਰ ਜੀ!ਏਹੋ ਈ ਆ ਮੇਰਾ ਵਲੈਤੀ ਪੁੱਤਰ
ਸੋਹਣ-"

ਸੋਹਣ ਮੰਜਿਆਂ ਤੇ ਬੈਠੇ ਬੰਦਿਆਂ ਦੀ ਪੈਂਦੀ ਬੈਠ ਗਿਆ। ਉਹ ਰਸਮੀਂ ਤੌਰ ਤੇ ਵਲੈਤ ਦੀਆਂ ਗੱਲਾਂ ਪੁੱਛਦੇ ਰਹੇ। ਸੋਹਣ ਦਸਦਾ ਰਿਹਾ। ਕੰਮ ਬਾਰੇ ਪੁੱਛਦਿਆਂ ਉਸ ਨੇ ਮੋਚੀ ਵਾਲੀ ਗੱਲ ਪੂਰੀ ਕਰ ਦਿੱਤੀ। ਇਸ ਗੱਲ ਬਾਦ ਸਭ ਚੁੱਪ ਕਰ ਗਏ। ਫਤਿਹ ਬੁਲਾ ਆਪਣੇ ਰਾਹ ਤੁਰ ਪਏ।

ਉਹ ਅਜੇ ਥੋੜੀ ਦੂਰ ਹੀ ਗਏ ਹੋਣਗੇ ਕਿ ਸੋਹਣ ਦਾ ਬਾਪੂ ਉੱਚੀ ਉੱਚੀ ਗੜਕਣ ਲੱਗਾ। ਬੋਲਦਿਆਂ ਅਕਾਸ਼ ਸਿਰ ਤੇ ਚੁੱਕ ਲਿਆ,"ਸਹੁਰਿਆ ਏਡੇ ਵੱਡੇ ਘਰਾਂ ਦੇ ਲੋਕ ਤੈਨੂੰ ਵੇਖਣ ਆਏ ਸੀ-ਤੈਨੂੰ ਕਿਸੇ ਨੇ ਆਪਣੀ ਕੁੜੀ ਨਹੀਂ ਦੇਣੀ-ਹੁਣ ਇਹ ਗੱਲ ਦੂਰ ਦੂਰ ਪਿੰਡਾਂ ਤਕ ਪਹੁੰਚ ਜਾਣੀ ਆ।

"ਸੱਚ ਦੇ ਫੈਲਣ ਵਿਚ ਕੀ ਹਰਜ਼ ਆ-ਨਾਲੇ ਕੁੜੀ ਜਿਸ ਵੀ ਦੇਣੀ ਆ-ਮੇਰੇ ਕਿੱਤੇ ਨੂੰ ਨਹੀਂ....ਬਾਪੂ,ਸਾਡੇ ਦੇਸ਼ ਦੇ ਮੋਚੀ ਕੀ ਅਣਵਿਆਹੇ ਫਿਰਦੇ ਆ?"ਸੋਹਣ ਬੜੇ ਧੀਰਜ ਨਾਲ ਬੋਲਿਆ ਸੀ।

ਖਿਝਦੇ-ਭੁੱਜਦੇ ਸੋਹਣ ਦੇ ਬਾਪੂ ਨੇ ਉਸ ਦਿਨ ਤ੍ਰਿਕਾਲਾਂ ਨੂੰ ਰੋਟੀ ਖਾਂਦਿਆਂ ਸੋਹਣ ਦੀ ਬੇਬੇ ਕੋਲ ਸ਼ਿਕਾਇਤ ਲਾਈ ਸੀ,"ਤੇਰਾ ਪੁੱਤ ਕਮਲਾ ਹੋ ਗਿਐ,ਨਿਹਾਲ ਕੁਰੇ।"

ਬਾਪੂ ਨੂੰ ਬੇਬੇ ਵਲੋਂ ਕੋਈ ਹੁੰਗਾਰਾ ਨਾ ਮਿਲਿਆ। ਪਾਣੀ ਦੇ ਘੁੱਟ ਭਰਕੇ ਗਲਾਸ ਹੱਥ ਵਿਚ ਫੜੀ ਬੁੜਕਿਆ,"ਪੁੱਤ ਨੂੰ ਤੂੰ ਵੀ ਕੁਝ ਨਹੀਂ ਕਹਿੰਦੀ-ਮੈਨੂੰ ਕੀ ਕਮਲਾ ਹੋਇਆ ਰਹੇ ਇਹਨੂੰ ਕਿਸੇ ਨੇ ਕੁੜੀ ਨਹੀਂ ਦੇਣੀ

ਉਸ ਰਾਤ ਸੋਹਣ ਦਾ ਬਾਪੂ,ਇਸ ਲਈ ਨਹੀਂ ਸੀ ਸੌਂ ਸਕਿਆ ਕਿ ਬੜੇ ਘਰ ਦਾ ਰਿਸ਼ਤੇ ਨਾਲ ਇਲਾਕੇ ਵਿਚ ਉਸਦੀ ਬੱਲੇਬੱਲੇ ਹੋ ਜਾਣੀ ਸੀ

ਸੋਹਣ ਸਾਰੀ ਰਾਤ ਸੋਚਦਾ ਰਿਹਾ ਕਿ ਵਲੈਤ ਦੀ ਕਮਾਈ ਨੇ ਬਾਪੂ ਦੀ ਸੋਚ ਬਦਲ ਦਿੱਤੀ ਸੀ। ਉਹ ਗੁਜ਼ਾਰੇ ਜੋਗੇ ਸਿਆੜਾਂ ਵਿਚੋਂ ਜਗੀਰਦਾਰਾਂ ਵਰਗੇ ਸੁਪਨੇ ਲੈ ਰਿਹਾ ਸੀ। ਪੁੱਤਰ,ਮੇਹਨਤੀ ਲੋਕਾਂ ਦੇ ਸੱਚ,ਕਿਰਤ ਦੀ ਮਹਾਨਤਾ ਦੀ ਰੌਸ਼ਨੀ ਨਾਲ ਨੂਰੋ ਨੂਰ ਹੋਇਆ ਸਾਬਤ ਕਦਮੀਂ ਖੜੋਤਾ,ਆਪਣੇ ਘਰ ਵਿਚ ਵਿਚਾਰਧਾਰਾ ਜੰਗ ਛੇੜ ਚੁੱਕਾ ਸੀ। ਉਹ ਸਾਰੀ ਰਾਤ ਪ੍ਰਵਾਰਕ ਜ਼ੁੰਮੇਵਾਰੀ ਤੇ ਪ੍ਰਵਾਰਕ ਵਿਰੋਧਾਂ ਦੇ ਕਾਰਣਾਂ ਦੀਆਂ ਜੜ੍ਹਾਂ ਫੜਦਾ ਸੌਂ ਨਹੀਂ ਸਕਿਆ ਸੀ।

ਦਿਨ ਚੜ੍ਹੇ ਸੋਹਣ ਉਠਿਆ। ਸਵੇਰ ਦਾ ਖਾਣਾ ਖਾਕੇ ਪਿੰਡ ਵੱਲ ਹੋ ਤੁਰਿਆ। ਪਿੰਡ ਪਹੁੰਚਕੇ ਵੇਖਿਆ,ਗਲੀਆਂ ਦਾ ਚਿਕੜ ਉਸੇ ਤਰ੍ਹਾਂ ਸੀ। ਸੱਜੇ ਪਾਸੇ ਪਿੰਡ ਦੇ ਗੁਰਦੁਆਰੇ ਦਾ ਗੁੰਬਦ ਉਚਾ ਹੋ ਗਿਆ ਸੀ। ਗੁੰਬਦ ਦੇ ਚੌਹੀਂ ਪਾਸੀਂ ਸਪੀਕਰ ਲੱਗੇ ਹੋਏ ਸਨ। ਨਿਸ਼ਾਨ ਸਾਹਿਬ ਨੂੰ ਧੌਣ ਪਿੱਛੇ ਸੁੱਟਕੇ ਹੀ ਵੇਖਿਆ ਜਾ ਸਕਦਾ ਸੀ। ਗੁਰਦੁਆਰੇ ਨਾਲ ਸਰਦਾਰਾਂ,ਜਿਨ੍ਹਾਂ ਦੀ ਉਹ ਜ਼ਮੀਨ ਵਾਹੁੰਦੇ ਹੁੰਦੇ ਸੀ। ਕੋਠੀ ਉਦਾਲੇ ਬਹੁਤ ਵੱਡੀਆਂ ਕੰਧਾਂ ਉਸਾਰਕੇ ਦੋ ਚੁਬਾਰੇ ਬਣਾ ਲਏ ਸਨ। ਪਹਿਲਾਂ ਉਨ੍ਹਾਂ ਕੋਲ ਟਰੈਕਟਰ ਹੁੰਦਾ ਸੀ। ਹੁਣ ਸਰਦਾਰ ਦੇ ਦੋਨਾਂ ਮੁੰਡਿਆਂ ਕੋਲ ਮੋਟਰ ਸਾਈਕਲ ਸਨ ਤੇ ਸਰਦਾਰ ਕੋਲ ਜੀਪ। ਉਹ ਸਰਦਾਰਾਂ ਦੇ ਅਹਾਤੇ ਵਿਚ ਬੱਝੀਆਂ ਮੱਝਾਂ ਵਲ ਵੇਖ ਹੀ ਰਿਹਾ ਸੀ ਕਿ ਸਾਹਮਣਿਓਂ ਆਉਂਦੇ ਪੁਰਸ਼ ਨੂੰ ਪਛਾਣਕੇ ਉਸ ਦੌੜਕੇ ਜੱਫੀ ਪਾਈ।

"ਬਈ ਪਛਾਣਿਆ ਨਹੀਂ ਜੁਆਨਾ"
"ਤਾਇਆ,ਮੈਂ ਸੋਹਣਾ ਆਂ-ਤੇਰਾ ਸੋਹਣਾ"
"ਲੈ ਬਈ ਪਛਾਣਿਆ ਈ ਨਹੀਂ ਜਾਂਦੈ-ਨਾਲੇ ਨਿਗ੍ਹਾ ਵੀ ਥੋੜੀ ਕਮਜ਼ੋਰ ਹੋ ਗਈ ਆ ਪੁੱਤਰਾ"

ਤਾਏ ਬਿਸ਼ਨੇ ਨੇ ਸੋਹਣ ਨੂੰ ਪਿਆਰ ਨਾਲ ਮੁੜ ਜੱਫੀ ਪਾਈ। ਘਰ ਪਹੁੰਚਕੇ ਸੋਹਣ ਨੇ ਤਾਈ ਦੇ ਪੈਰੀਂ ਹੱਥ ਲਾਇਆ। ਤਾਈ ਚਾਅ ਵਿੱਚ ਧਦੂਨੇ ਵਿਚੋਂ ਦੁੱਧ ਦਾ ਗਲਾਸ ਲੈ ਆਈ। ਚਾਅ ਵਿਚ ਤਾਈ ਦਾ ਗੋਰਾ ਨਸ਼ੋਹ ਰੰਗ ਹੋਰ ਵੀ ਗੂਹੜਾ ਹੋ ਗਿਆ ਸੀ। ਤਾਈ ਦੇ ਪੰਜੋਂ ਪੁੱਤ ਕਮਾਊ ਹੋ ਗਏ ਸਨ। ਦੋ ਮਕਾਨ ਢਾਹਕੇ ਪੱਕੇ ਕਰ ਲਏ ਸਨ।

ਦੁੱਧ ਪੀਕੇ ਤਾਏ ਬਿਸ਼ਨੇ ਨੇ ਵਲੈਤ ਦੀਆਂ ਗੱਲਾਂ ਛੇੜ ਲਈਆਂ। ਸੋਹਣ ਨੂੰ ਯਾਦ ਆਇਆ ਕਿ ਤਾਏ ਦਾ ਇਕ ਵਾਰ ਪਨਾਮਾ ਜਾਂ ਕੈਨੇਡਾ ਜਾਣ ਦਾ ਪਾਸਪੋਰਟ ਬਣਿਆ ਸੀ। ਤਾਇਆ ਕੈਨੇਡੇ ਨਾ ਗਿਆ। ਤਾਏ ਨੂੰ ਜਦੋਂ ਨਾ ਜਾਣ ਦਾ ਕਾਰਣ ਪੁੱਛਿਆ ਤਾਂ ਖਿੜਖਿੜਾਕੇ ਹੱਸ ਪਿਆ ਤੇ

ਬਾਕੀ ਪੰਨਾ 22 'ਤੇ


# BHANDAL DRYWALL LTD.

**3397 Kingsway, Vancouver, B.C.**

## Ph. 430-5011



**Vice President**
**Karnail S. Bhandal**

**President**
**Jarnail S. Bhandal M.A.**

# ਹਰਭਜਨ ਹਲਵਾਰਵੀ ਨਾਲ ਇੱਕ ਗੁ.ਫਤਗੂ

—ਸੁਖਿੰਦਰ

(ਹਰਭਜਨ ਹਲਵਾਰਵੀ, ਪੰਜਾਬੀ ਸਾਹਿਤ ਵਿਚ, 1965-70 ਦੇ ਦਰਮਿਆਨ ਪੈਦਾ ਹੋਏ ਨਵ-ਪ੍ਰਗਤੀਵਾਦੀ ਰੁਝਾਨ ਦੇ ਮੋਢੀ ਚਿੰਤਕਾਂ ਵਿੱਚ ਗਿਣੇ ਜਾਂਦੇ ਹਨ। ਇਸ ਲਹਿਰ ਦੇ ਕੁਝ ਹੋਰ ਸ਼ਾਇਰ ਜਿੱਥੇ ਆਪਣੀਆਂ ਰਚਨਾਵਾਂ ਵਿਚ ਵਿਸ਼ੇ ਨੂੰ ਹੀ ਸਭ ਕੁਝ ਸਮਝਣ ਉਤੇ ਜ਼ੋਰ ਦਿੰਦੇ ਸਨ ਉਥੇ ਹਲਵਾਰਵੀ ਨੇ ਆਪਣੀਆਂ ਰਚਨਾਵਾਂ ਵਿਚ ਵਿਸ਼ੇ ਅਤੇ ਰੂਪ ਨੂੰ ਇੱਕੋ ਜਿੰਨੀ ਪਹਿਲ ਦਿੱਤੀ। ਉਹ ਇਸ ਵਿਸ਼ਵਾਸ ਦੇ ਧਾਰਣੀ ਹਨ ਕਿ 'ਸਾਹਿਤ ਇਕ ਕਲਾ ਹੈ ਅਤੇ ਇਕ ਚੰਗੀ ਕਲਾ-ਕ੍ਰਿਤੀ ਦੀ ਰਚਨਾ ਲਈ ਜ਼ਰੂਰੀ ਹੈ ਕਿ ਵਿਸ਼ੇ-ਵਸਤੂ ਅਤੇ ਕਲਾ ਦੇ ਸੁਹਜ-ਪੱਖ ਨੂੰ ਇੱਕੋ ਜਿੰਨੀ ਪਹਿਲ ਦਿੱਤੀ ਜਾਵੇ।' ਇਸ ਮੁਲਾਕਾਤ ਵਿਚ ਉਹ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ 'ਜੋ ਲੋਕ ਸਿਰਫ ਸੁਹਜ ਦੀ ਹੀ ਗੱਲ ਕਰਦੇ ਹਨ ਜਾਂ ਸਾਹਿਤ ਦੇ ਸਮਾਜਿਕ ਵਸਤੂ ਤੋਂ, ਸਮਾਜਿਕ ਰੋਲ ਤੋਂ ਮੁਨਕਰ ਹੁੰਦੇ ਹਨ ਉਹ ਵੀ ਓਨੇ ਹੀ ਗਲਤ ਹਨ ਜਿੰਨੇ ਕਿ ਇਹ ਸਾਡੇ ਕਥਿਤ ਪ੍ਰਗਤੀਵਾਦੀ ਲੇਖਕ ਜਿਹੜੇ ਸੁਹਜ ਦੀਆਂ ਲੋੜਾਂ ਤੋਂ ਮੁਨਕਰ ਹੁੰਦੇ ਹਨ।' ਹਰਭਜਨ ਹਲਵਾਰਵੀ ਹੁਣ ਤੱਕ 'ਪੌਣ ਉਦਾਸ ਹੈ' ਅਤੇ 'ਪਿਘਲੇ ਹੋਏ ਪਲ' ਨਾਮ ਦੇ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰ ਚੁੱਕੇ ਹਨ। 'ਚੀਨ ਵਿਚ ਬਿਤਾਏ ਕੁਝ ਦਿਨ' ਨਾਮ ਹੇਠ ਉਹਨਾਂ ਆਪਣਾ ਚੀਨ ਦੇਸ਼ ਦਾ ਸਫਰਨਾਮਾ ਵੀ ਪ੍ਰਕਾਸ਼ਤ ਕੀਤਾ ਹੈ। ਅੱਜ ਕੱਲ੍ਹ ਉਹ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਵਿਚ ਸਹਾਇਕ ਸੰਪਾਦਕ ਦੇ ਤੌਰ ਉਤੇ ਕੰਮ ਕਰ ਰਹੇ ਹਨ। — ਸੁਖਿੰਦਰ)

**ਸੁਖਿੰਦਰ :** ਹਲਵਾਰਵੀ ਸਾਹਿਬ, ਮੌਜੂਦਾ ਸਥਿਤੀ ਵਿਚ ਤੁਸੀਂ ਸਾਹਿਤ ਅਤੇ ਰਾਜਨੀਤੀ ਦਾ ਕਿਹੋ ਜਿਹਾ ਸਬੰਧ ਸਵੀਕਾਰ ਕਰਦੇ ਹੋ ?

**ਹਲਵਾਰਵੀ :** ਸਾਹਿਤ ਅਤੇ ਰਾਜਨੀਤੀ ਦੇ ਸੰਬੰਧ ਬਾਰੇ ਚਰਚਾ ਬੜੀ ਪੁਰਾਣੀ ਹੈ ਪਰ ਜਿਨ੍ਹਾਂ ਹਾਲਤਾਂ ਵਿਚੋਂ ਸਾਡਾ ਪੰਜਾਬ ਅਤੇ ਸਮੁੱਚਾ ਭਾਰਤ ਦੇਸ਼ ਅੱਜ ਲੰਘ ਰਿਹਾ ਹੈ ਮੈਂ ਸਮਝਦਾ ਹਾਂ ਕਿ ਉਨ੍ਹਾਂ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹ ਚਰਚਾ ਹੋਰ ਵੀ ਸਾਰਥਕ ਹੋ ਗਈ ਹੈ। ਜਿਹੜੇ ਸਾਹਿਤਕਾਰ ਅੱਜ ਤੱਕ ਸਾਹਿਤ ਨੂੰ ਰਾਜਨੀਤੀ ਤੋਂ ਮੁਕਤ ਰੱਖਣ ਦੀ ਵਕਾਲਤ ਕਰਦੇ ਰਹੇ ਹਨ, ਇਨ੍ਹਾਂ ਨਵੀਆਂ ਪੈਦਾ ਹੋਈਆਂ ਹਾਲਤਾਂ ਨੇ ਉਨ੍ਹਾਂ ਸਾਹਿਤਕਾਰਾਂ ਨੂੰ ਵੀ ਮਜ਼ਬੂਰ ਕਰ ਦਿੱਤਾ ਹੈ ਕਿ ਅੱਜ ਨਾ ਸਿਰਫ ਸਾਹਿਤ ਵਿਚ ਰਾਜਨੀਤੀ ਦਾ ਜ਼ਿਕਰ ਹੀ ਕੀਤਾ ਜਾਵੇ ਸਗੋਂ ਕੋਈ ਧਿਰ ਬਣਕੇ ਵੀ ਖੜ੍ਹਿਆ ਜਾਵੇ। ਸੋ ਮੈਂ ਸਮਝਦਾ ਹਾਂ ਕਿ ਸਾਹਿਤ ਨੂੰ ਅੰਤਿਮ ਅਰਥਾਂ ਵਿਚ ਰਾਜਨੀਤੀ ਨਾਲੋਂ ਬਿਲਕੁਲ ਵੱਖ ਨਹੀਂ ਕੀਤਾ ਜਾ ਸਕਦਾ ਬਲਕਿ ਇਹ ਕਹਿਣਾ ਹੋਰ ਵੀ ਵਧੇਰੇ ਯੋਗ ਹੋਵੇਗਾ ਕਿ ਕੋਈ ਵੀ ਸਾਹਿਤ, ਉਤਮ - ਸਾਹਿਤ, ਪ੍ਰਮਾਣਿਕ ਸਾਹਿਤ, ਆਪਣੇ ਵੇਲੇ ਦੀ ਰਾਜਨੀਤੀ ਦੇ ਉਘੜਵੇਂ ਨਕਸ਼ਾਂ ਨੂੰ ਜ਼ਰੂਰ ਆਪਣੇ ਵਿਚ ਸਮੋ ਕੇ ਪੇਸ਼ ਕਰਦਾ ਹੈ। ਔਰ ਇਸ ਗੱਲ ਦਾ ਸਬੂਤ ਸਾਡੇ ਸਾਹਮਣੇ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਪੰਜਾਬ ਵਿਚ ਹੋਈ ਰਾਜਸੀ ਉਥਲ ਪੁਥਲ ਨੂੰ ਸਾਰੇ ਜਾਣੇ ਪਹਿਚਾਣੇ, ਪ੍ਰਸਿੱਧ ਅਤੇ ਨਵਯੁਵਕ ਲੇਖਕਾਂ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਕੀ ਕਵਿਤਾ, ਕੀ ਕਹਾਣੀ, ਕੀ ਨਾਟਕ, ਸਾਰਿਆਂ ਵਿਚ ਇਨ੍ਹਾਂ ਰਾਜਨੀਤਕ ਹਾਲਤਾਂ ਦੇ ਨਕਸ਼ ਬੜੇ ਉਘੜਵੇਂ ਰੂਪ ਵਿਚ ਦੇਖੇ ਜਾ ਸਕਦੇ ਹਨ। ਸਗੋਂ ਪੰਜਾਬੀ ਲੇਖਕਾਂ ਨੇ ਤਾਂ ਇਸ ਰਾਜਨੀਤਕ ਸਥਿਤੀ ਨੂੰ ਆਪਣਾ ਹੁੰਗਾਰਾ ਦੇ ਕੇ ਆਪਣੀ ਰਚਨਾ ਸਮਰੱਥਾ ਦਾ ਭਰਵਾਂ ਸਬੂਤ ਦਿੱਤਾ ਹੈ। ਸੋ, ਮੈਂ ਇਕ ਵੇਰ ਫਿਰ ਇੱਥੇ ਦੁਹਰਾਉਣਾ ਚਾਹੁੰਦਾ ਹਾਂ ਕਿ ਸਾਹਿਤ ਅਤੇ ਰਾਜਨੀਤੀ ਦੇ ਅਨਿੱਖੜ ਸੰਬੰਧ ਤੋਂ ਕੋਈ ਵੀ ਸੁਹਿਰਦ ਲੇਖਕ ਮੁਨਕਰ ਨਹੀਂ ਹੋ ਸਕਦਾ।

**ਸੁਖਿੰਦਰ :** ਹਲਵਾਰਵੀ ਸਾਹਿਬ, ਤੁਸੀਂ ਕਿਹਾ ਹੈ ਕਿ ਇਸ ਸੰਕਟ ਦੀ ਸਥਿਤੀ ਵਿਚ ਬਹੁਤ ਸਾਰੇ ਨਵੇਂ ਅਤੇ ਪੁਰਾਣੇ ਲੇਖਕਾਂ ਨੇ ਇਸ ਵਿਸ਼ੇ ਬਾਰੇ ਲਿਖਿਆ ਹੈ। ਪਰ ਜਿਵੇਂ ਕਿ ਮੈਂ ਹਿੰਦੁਸਤਾਨ ਵਿਚ ਆ ਕੇ ਦੇਖਿਆ ਹੈ ਅਤੇ ਲੇਖਕਾਂ/ਆਲੋਚਕਾਂ ਨਾਲ ਇਸ ਵਿਸ਼ੇ ਬਾਰੇ ਗੱਲਬਾਤ ਕੀਤੀ ਹੈ। ਕੁਝ ਲੋਕ ਸਮਝਦੇ ਹਨ ਕਿ ਇਸ ਮੌਜੂਦਾ ਸਾਹਿਤਕ, ਸਮਾਜਿਕ, ਅਤੇ ਰਾਜਨੀਤਕ ਸੰਕਟ-ਗ੍ਰਸਤ ਸਥਿਤੀ ਵਿਚ ਲੇਖਕ ਦਾ ਕੋਈ ਵਿਸ਼ੇਸ਼ ਰੋਲ ਰਹਿ ਹੀ ਨਹੀਂ ਗਿਆ। ਤੁਸੀਂ ਇਸ ਬਾਰੇ ਕਿਵੇਂ ਸੋਚਦੇ ਹੋ ? 'ਕੀ ਲੇਖਕ ਦਾ ਅਜਿਹੀ ਸਥਿਤੀ ਵਿਚ ਵਾਕਿਆ ਹੀ ਕੋਈ ਰੋਲ ਹੈ ਵੀ ? ਜਾਂ ਕਿ ਕੀ ਲੇਖਕ ਅਜਿਹੀ ਸਥਿਤੀ ਵਿਚ ਆਪਣਾ ਠੀਕ ਰੋਲ ਨਿਭਾ ਰਹੇ ਹਨ ?

**ਹਲਵਾਰਵੀ :** ਸੁਖਿੰਦਰ ਜੀ, ਇਨ੍ਹਾਂ ਸੰਕਟ-ਗ੍ਰਸਤ ਹਾਲਤਾਂ ਵਿਚ ਦੋ ਤਰ੍ਹਾਂ ਦਾ ਲੇਖਕਾਂ ਦਾ ਰੋਲ ਦੇਖਣ ਵਿਚ ਆਇਆ ਹੈ। ਇਕ ਕਿਸਮ ਦੇ ਲੇਖਕ ਉਹ ਹਨ, ਜਿਨ੍ਹਾਂ ਨੇ ਕੋਈ ਫਿਰਕੂ ਦ੍ਰਿਸ਼ਟੀਕੋਣ ਅਪਣਾਇਆ ਹੈ। ਨਿਰੋਲ ਸਿੱਖ ਜਾਂ ਨਿਰੋਲ ਹਿੰਦੂ ਦ੍ਰਿਸ਼ਟੀ ਤੋਂ ਗੱਲ ਕੀਤੀ ਹੈ। ਔਰ ਕਾਫੀ ਸਾਰੀ ਭਾਵੁਕ ਗੱਲ ਕੀਤੀ ਹੈ। ਏਸ ਤੋਂ ਇਲਾਵਾ ਅਜਿਹੇ ਲੇਖਕਾਂ ਦਾ ਏਸ ਸੰਕਟ ਵਿਚ ਹੋਰ ਕੋਈ ਯੋਗਦਾਨ ਨਹੀਂ ਹੈ। ਲੇਕਿਨ ਬਹੁਗਿਣਤੀ ਲੇਖਕਾਂ ਨੇ ਏਸ ਸਾਰੇ ਸੰਕਟ ਪਿਛਲੀ ਸਿਆਸੀ ਚਾਲ ਨੂੰ ਸਮਝਦੇ ਹੋਏ, ਏਸ ਚਾਲ ਨੂੰ ਨੰਗਾ ਕਰਨ ਹਿਤ, ਨਜ਼ਮਾਂ, ਕਹਾਣੀਆਂ, ਨਾਟਕ ਆਦਿ ਲਿਖੇ ਹਨ। ਲੇਖ ਲਿਖੇ ਹਨ। ਰਿਸਾਲਿਆਂ ਵਿਚ ਅਖਬਾਰਾਂ ਵਿਚ, ਔਰ ਏਸ ਬਾਰੇ ਮਨੁੱਖਵਾਦੀ ਅਤੇ ਧਰਮ ਨਿਰਪੱਖ ਨਜ਼ਰੀਏ ਨੂੰ ਅਪਣਾਇਆ ਹੈ। ਸਿਰਫ ਏਨਾਂ ਹੀ ਨਹੀਂ। ਜਿਹੜੇ ਲੇਖਕ ਆਪਣੇ ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਮਹਿਸੂਸ ਕਰਦੇ ਰਹੇ ਹਨ ਉਨ੍ਹਾਂ ਨੇ ਸਾਹਿਤ ਰਚਨਾ ਤੋਂ ਪਰ੍ਹਾਂ ਜਾ ਕੇ ਫਿਰਕੂ-ਜਨੂੰਨ ਦੇ ਵਿਰੁੱਧ ਧਰਨੇ ਵੀ ਮਾਰੇ ਹਨ। ਜ਼ਿਲਾ ਪੱਧਰਾਂ ਉਤੇ, ਤਹਿਸੀਲ ਪੱਧਰਾਂ ਉਤੇ ਮੁਜ਼ਾਹਰੇ ਵੀ ਕੀਤੇ ਹਨ। ਫਿਰਕੂ ਏਕਤਾ ਦਾ ਝੰਡਾ ਬੁਲੰਦ ਕੀਤਾ ਹੈ। ਪਿੰਡਾਂ ਵਿਚ ਅਤੇ ਹੋਰ ਥਾਵਾਂ ਉਤੇ ਫਿਰਕੂ ਸ਼ਾਂਤੀ ਲਈ ਕਵੀ ਦਰਬਾਰ ਕੀਤੇ ਹਨ, ਨਾਟਕ ਕੀਤੇ ਹਨ ਅਤੇ ਇਸ ਸਿਆਸੀ ਚਾਲ ਨੂੰ ਨੰਗਾ ਕਰਨ ਦਾ ਵੱਧ ਤੋਂ ਵੱਧ ਯਤਨ ਕੀਤਾ ਹੈ।

**ਸੁਖਿੰਦਰ :** ਹਲਵਾਰਵੀ ਸਾਹਿਬ, ਅਸਲ ਵਿਚ ਜਿਹੜੀਆਂ ਗੱਲਾਂ ਮੈਂ ਤੁਹਾਡੇ ਨਾਲ ਕਰਨੀਆਂ ਚਾਹੁੰਦਾ ਸੀ ਤੁਸੀਂ ਆਪ ਹੀ ਛੇੜ ਦਿੱਤੀਐਂ। ਇਨ੍ਹਾਂ ਵਿਚੋਂ ਇੱਕ ਗੱਲ ਜਿਹੜੀ ਮੈਂ ਤੁਹਾਡੇ ਨਾਲ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਪੰਜਾਬ ਦੀ ਅਜੋਕੀ ਸਥਿਤੀ ਨੂੰ ਲੈ ਕੇ ਸਾਡੇ ਪੰਜਾਬੀ ਲੇਖਕਾਂ ਵੱਲੋਂ ਵਧੇਰੇ ਕਰਕੇ, ਅਜੇ ਤੱਕ, ਭਾਵੁਕਤਾ ਨਾਲ ਭਰੀਆਂ ਰਚਨਾਵਾਂ ਦੀ ਹੀ ਰਚਨਾ ਕੀਤੀ ਗਈ ਹੈ। ਇਹ ਕੀ ਕਾਰਨ ਹੈ ਕਿ ਸਾਡੇ ਮੰਨੇ ਪ੍ਰਮੰਨੇ ਲੇਖਕਾਂ ਵੱਲੋਂ ਵੀ ਅਜੇ ਤੱਕ ਕੋਈ ਹਾਲਾਤ ਦਾ ਸਹੀ ਨਿਰੀਖਣ ਕਰਨ ਵਾਲੀ ਰਚਨਾ ਸਾਹਮਣੇ ਨਹੀਂ ਆਈ ?

**ਹਲਵਾਰਵੀ :** ਇਸ ਦਾ ਇੱਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਪਿਛਲੇ ਕੁਝ ਅਰਸੇ ਵਿਚ ਪੰਜਾਬੀ ਲੇਖਕ ਆਪਣੀ ਸਮਾਜਿਕ ਸਥਿਤੀ ਪ੍ਰਤੀ ਉਦਾਸਹੀਨ ਵੀ ਰਹੇ ਹਨ। ਪੰਜਾਬ ਸੰਕਟ ਨੇ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਧੂਹ ਕੇ ਮੈਦਾਨ ਵਿਚ ਲੈ ਆਂਦਾ ਹੈ। ਭਾਵੇਂ ਕਿ ਕਈਆਂ ਦੇ ਮਨਾਂ ਵਿਚ ਅਜੇ ਵੀ ਦੁਬਿਧਾ ਹੈ ਕਿ ਕਿਹੜਾ ਸਟੈਂਡ ਲਿਆ ਜਾਵੇ। ਪ੍ਰਮਾਣਿਕ ਰਚਨਾ ਅਸਲ ਵਿਚ ਸਥਿਤੀ ਦੇ ਬਹੁਤੇ ਪੱਖਾਂ ਨੂੰ ਸਮਝਣ ਤੋਂ ਬਾਹਦ ਹੀ ਰਚੀ ਜਾ ਸਕਦੀ ਹੈ। ਤੁਰਤ ਪ੍ਰਤੀਕਰਮ ਤਾਂ ਭਾਵੁਕ ਰੂਪ ਵਿਚ ਹੀ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਸ਼ਾਇਰੀ ਸਾਹਿਤ ਦਾ ਉਹ ਰੂਪ ਹੈ ਜਿਸਦਾ ਭਾਵਨਾ ਜਾਂ ਭਾਵੁਕਤਾ ਨਾਲ ਵਧੇਰੇ ਸੰਬੰਧ ਹੈ। ਅਤੇ ਇਸ ਤਰ੍ਹਾਂ ਕਾਵਿਕ ਰੂਪ ਦੀ ਹੀ ਇਸ ਸਮੇਂ ਵਿੱਚ ਜ਼ਿਆਦਾ ਰਚਨਾ ਹੋਈ ਹੈ। ਇਸ ਲਈ ਲੱਗਦਾ ਇਸ ਤਰ੍ਹਾਂ ਹੈ ਜਿਵੇਂ ਬਹੁਤੇ ਭਾਵੁਕ ਪ੍ਰਤੀਕਰਮ ਹੀ ਹੋਣ। ਪਰ ਮੈਂ ਸਮਝਦੈਂ, ਕੁਝ ਕਵੀਆਂ ਵੱਲੋਂ, ਕੁਝ ਕਵਿਤਾਵਾਂ ਜ਼ਰੂਰ ਅਜਿਹੀਆਂ ਲਿਖੀਆਂ ਗਈਆਂ ਹਨ ਜਿਹੜੀਆਂ ਭਾਵੁਕਤਾ ਦੇ ਨਾਲ ਨਾਲ, ਪਰ੍ਹੇ ਹਟ ਕੇ ਤਾਂ ਮੈਂ ਨਹੀਂ ਕਹਾਂਗਾ, ਨਾਲ ਨਾਲ ਹੀ ਮਨੁੱਖੀ ਦਵੰਧ ਨੂੰ, ਮਨੁੱਖੀ ਸੰਕਟ-ਗ੍ਰਸਤ ਸਥਿਤੀ ਨੂੰ, ਮਨੁੱਖੀ ਵੇਦਨਾ ਨੂੰ ਵੀ, ਅਜਿਹੇ ਕਵੀਆਂ ਨੇ, ਆਪਣੀ ਰਚਨਾ ਦਾ ਅੰਗ ਬਣਾਇਆ ਹੈ। ਜਿਸ ਤਰ੍ਹਾਂ ਸਾਡੇ ਜਿੰਨੇ ਵੀ ਪ੍ਰਮੁੱਖ ਸ਼ਾਇਰ ਹਨ — ਜਿਵੇਂ ਜਗਤਾਰ, ਪ੍ਰਮਿੰਦਰਜੀਤ, ਮੋਹਨਜੀਤ, ਸੁਰਜੀਤ ਪਾਤਰ, ਸਵਰਾਜਬੀਰ — ਔਰ ਇਨ੍ਹਾਂ ਵਿਚ ਮੈਂ ਆਪਣਾ ਨਾਮ ਵੀ ਸ਼ਾਮਿਲ ਕਰ ਸਕਦਾ ਹਾਂ। ਇਸ ਤੋਂ ਇਲਾਵਾ ਹੋਰ ਵੀ ਸ਼ਾਇਰ ਹਨ — ਜਿਵੇਂ ਮਨਜੀਤ ਟਿਵਾਣਾ ਹੈ। ਸਾਡਾ ਸਾਰਿਆਂ ਦਾ ਇਹ ਜ਼ੋਰ ਰਿਹਾ ਹੈ ਕਿ ਇਸਦੇ ਮਨੁੱਖੀ ਪੱਖ ਵੱਲ ਵਧੇਰੇ ਜ਼ੋਰ ਦੇਈਏ। ਮਨੁੱਖੀ ਪੱਖ ਵਿਚ ਇਸਦਾ ਰਾਜਸੀ ਪੱਖ ਵੀ ਆ ਜਾਂਦਾ ਹੈ। ਇਹ ਠੀਕ ਹੈ ਕਿ ਓਨੀ ਜ਼ਿਆਦਾ ਵਾਰਤਕ ਵਿਚ ਪ੍ਰਮਾਣਿਕ ਰਚਨਾ ਨਹੀਂ ਹੋਈ। ਮੈਂ ਸਮਝਦਾ ਹਾਂ ਕਿ ਵਾਰਤਕ, ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜਿਹੜਾ ਕਿ ਸਥਿਤੀ ਨੂੰ ਕਾਫੀ ਸਮਝਣ ਅਤੇ ਰਚਾਉਣ ਤੋਂ ਬਾਹਦ ਹੀ ਹੋ ਸਕਦਾ ਹੈ। ਇਕ ਕਹਾਣੀ ਸਿਰਜਣਾ ਵਿਚ ਛਪੀ ਹੈ — ਵਰਿਆਮ ਸਿੰਘ ਸੰਧੂ ਦੀ ਭੱਜੀਆਂ ਬਾਹੀਂ। ਸੰਧੂ ਨੇ ਇਸ ਲੰਬੀ ਕਹਾਣੀ ਵਿਚ ਬਹੁਤ ਵੇਰਵੇ ਸਾਹਿਤ, ਪੰਜਾਬ ਦੇ ਸੰਕਟ ਨੂੰ, ਇਕ ਪੂਰੇ ਪ੍ਰਵਾਰ ਨੂੰ ਲੈ ਕੇ, ਪੂਰੇ ਪੰਜਾਬ ਨੂੰ ਲੈ ਕੇ, ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸ ਤਰ੍ਹਾਂ ਰਾਜਨੀਤਕ ਅਤੇ ਆਰਥਿਕ ਸ਼ਕਤੀਆਂ ਇਸ ਸੰਕਟ ਦੀ ਬੁਨਿਆਦ ਵਿਚ ਹਨ। ਉਸ ਨੇ ਇਸ ਤਰ੍ਹਾਂ, ਇਸ ਸੰਕਟ ਨੂੰ ਬੜੇ ਸੁਹਣੇ ਗਲਪ ਰੂਪ ਵਿਚ ਪੇਸ਼ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਮੇਂ ਨਾਲ ਹੋਰ ਰਚਨਾਵਾਂ ਵੀ ਆਉਣਗੀਆਂ। ਜਿਵੇਂ ਅਜਮੇਰ ਔਲਖ ਅਤੇ ਆਤਮਜੀਤ ਨੇ ਕੁਝ ਡਰਾਮੇ ਲਿਖੇ ਹਨ। ਅਸਲ ਵਿਚ ਤੁਸੀਂ ਜੇਕਰ ਇੱਥੇ ਕਾਫੀ ਦੇਰ ਤੱਕ ਰਹਿੰਦੇ ਤਾਂ ਤੁਹਾਨੂੰ ਇਨ੍ਹਾਂ

ਬਾਕੀ ਪੰਨਾ 23 'ਤੇ

ਪੰਨਾ 21 ਦੀ ਬਾਕੀ

ਹੱਸਦਾ ਹੱਸਦਾ ਗੱਲ ਟਾਲੇ ਪਾਉਣ ਲੱਗ ਪਿਆ।

ਸੋਹਣ ਦੇ ਜ਼ਿਦ ਕਰਨ ਤੇ ਵੀ ਤਾਇਆ ਦੱਸਣ ਵਿਚ ਨਾ ਆਵੇ ਤਾਂ ਤਾਈ ਬੋਲ ਪਈ, "ਮੈਂ ਸੁਣਾਉਂਦੀ ਆਂ ਤੇਰੇ ਤਾਏ ਦਾ ਕਨੇਡੇ ਜਾਣਾ-ਇਹਨੂੰ ਸ਼ਰਮ ਆਉਂਦੀ ਆ-ਤੇਰੇ ਤਾਏ ਦਾ ਪਾਸ ਬਣਿਆ ਤਾਂ ਪਿੰਡਾਂ ਵਿਚ ਖਬਰਾਂ ਫੈਲ ਗਈਆਂ-ਮੇਰੇ ਬਾਪੂ ਨੇ ਤੇਰ ਤਾਏ ਦੇ ਬਾਪੂ ਨਾਲ ਗੱਲਬਾਤ ਕਰਕੇ ਸਾਡਾ ਵਿਆਹ ਕਰ ਦਿੱਤਾ-ਮੁਕਲਾਵੇ ਦੇ ਮਹੀਨਾ ਕੁ ਬਾਦ ਤੇਰੇ ਤਾਏ ਦੀ ਸੀਟ ਪੱਕੀ ਹੋ ਗਈ ਸੀ-ਲੋਹੜੀ ਦੇ ਦੋ ਦਿਨਾਂ ਬਾਦ,ਅਸੀਂ ਤੇਰੇ ਤਾਏ ਨੂੰ ਨਕੋਦਰ ਗੱਡੀ ਚੜ੍ਹਾਉਣ ਗਏ ਸੀ। ਪੁੱਤਰਾ ਤੇਰਾ ਬਾਪੂ ਤੇ ਤੇਰੇ ਤਾਏ ਦਾ ਬਾਪੂ,ਨਕੋਦਰ ਗੱਡੀ ਵਿਚ ਬੈਠ ਗਏ। ਘਰਾਂ ਦੇ ਸਾਰੇ ਜੀਅ ਬੜੇ ਉਦਾਸ ਸਨ। ਹਨ੍ਹੇਰਾ ਹੋ ਚੁੱਕਾ ਸੀ। ਤੇਰੇ ਤਾਏ ਨੇ ਮੈਨੂੰ ਆਣ ਜਗਾਇਆ ਤੇ ਕਹਿਣ ਲੱਗਾ, "ਗਣੇਸ਼ੀਏ ਤੈਨੂੰ ਛਡਕੇ ਮੈਂ ਪ੍ਰਦੇਸ਼ ਨੀ ਜਾ ਸਕਦਾ-"

ਤਾਈ ਦੀ ਗੱਲ ਸੁਣਕੇ ਤਾਏ ਦੇ ਮੂੰਹ ਤੇ ਲਾਲੀ ਆ ਗਈ ਸੀ। ਸੋਹਣ ਹੱਸਣ ਲੱਗ ਪਿਆ। ਹਸਦੇ ਹੱਸਦੇ ਸੋਹਣ ਨੇ ਪੁੱਛਿਆ, "ਤਾਇਆ ਗੱਡੀਓਂ ਕਿਦਾਂ ਉਤਰ ਆਇਆ ਸੀ ਤਾਈ"

"ਤਾਇਆ ਨਕੋਦਰ ਸਟੇਸ਼ਨ ਇਕ ਪਾਸਿਓਂ ਗੱਡੀ ਚੜ੍ਹਿਆ ਤੇ ਦੂਜੇ ਪਾਸੇ ਉਤਰ ਗਿਆ-ਤਾਏ ਨੂੰ ਦਿੱਲੀ ਚੜ੍ਹਾਉਣ ਆਲੇ ਗੱਡੀ ਵਿਚੋਂ ਗੁਆਚਾ ਤਾਇਆ ਲਭਦੇ,ਦੂਜੇ ਦਿਨ ਨਿਮੋਝੂਣ,ਉਦਾਸ ਹੋਏ ਘਰ ਮੁੜੇ-ਤਾਇਆ ਮੇਰੀ ਮੰਜੀ ਤੇ ਬੈਠਾ ਹੁੱਕਾ ਪੀ ਰਿਹਾ ਸੀ-ਇਹਦੇ ਬਾਪੂ ਨੇ ਮੋਰਾਂ ਤੇ ਖੂੰਡਾ ਛੱਡਦਿਆਂ ਕਿਹਾ ਸੀ, "ਚੁੱਕ ਆਪਣੀ ਟਿੰਡ ਫੌਹੜੀ-ਹੁਣ ਬੈਠਾ ਰਹੀਂ ਗਣੇਸ਼ੀ ਦੇ ਗੋਡੀਂ ਲਗਕੇ" ਤਾਈ ਕੁਝ ਰੁਕਕੇ ਬੋਲੀ ਸੀ।

"ਪੁੱਤਰਾ,ਸਾਨੂੰ ਉਸੇ ਦਿਨ ਜੁਦੇ ਕਰ ਦਿੱਤਾ ਸੀ। ਇਕ ਕੋਠੜੀ ਤੇ ਦੋ ਮੰਜੇ ਦਿੱਤੇ ਸੀ-ਲੈ ਸਾਡੀ ਵੀ ਡੰਗ ਟਪਾਈ ਹੋਗੀ ਆ-ਸੋਹਣੀ ਲੰਘੀ ਆ ਪੁੱਤਰਾ"

ਸੋਹਣ ਨੇ ਤਾਈ ਦੀ ਗੱਲ ਟੋਕਕੇ ਕਿਹਾ, "ਤਾਈ ਬਾਪੂ ਕਹਿੰਦਾ ਆ,ਤੇਰੇ ਤਾਏ ਨੂੰ ਕੈਨੇਡੇ ਜਾਣ ਕਰਕੇ ਗਣੇਸ਼ੀ ਮਿਲ ਗਈ ਸੀ-ਤੈਨੂੰ ਉਹ ਵੀ ਨਹੀਂ ਮਿਲਣੀ-"ਮਾਣ ਨਾਲ ਸੋਹਣ ਨੂੰ ਕਲਾਵੇ ਵਿਚ ਲੈ ਕੇ ਕਿਹਾ, "ਪੁੱਤਰ ! ਇਕ ਵਾਰੀ ਵਿਆਹ ਲਈ ਹਾਂ ਤਾਂ ਕਰ-ਤੈਨੂੰ ਤੇਰੀ ਤਾਈ ਨਾਲੋਂ ਵੀ ਸੋਹਣੀ ਗਣੇਸ਼ੀ ਲਿਆ ਕੇ ਦਊਂ"

"ਤੁਹਾਨੂੰ ਬੁੱਢੇ ਬਾਰੇ ਸ਼ਰਮ ਨਹੀਂ ਆਉਂਦੀ। ਏਦਾਂ ਦੀਆਂ ਗੱਲਾਂ ਕਰਦਿਆਂ," ਕਹਿੰਦੀ ਤਾਈ ਬਾਲਟੀ ਚੁੱਕਕੇ ਮੱਝ ਦੀ ਧਾਰ ਕੱਢਣ ਚਲੀ ਗਈ।


I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



Hardial Sidhu (Dale)
Tel: Bus. 682-5431

Investors SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

ਹਰਦਿਆਲ ਸਿੱਧੂ (ਡੇਲ)
Res: 591-2697

ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ

'ਕੈਨੇਡਾ ਦਰਪਣ' ਫੋਨ (604) 581-4473

ਪੰਨਾ 22 ਦੀ ਬਾਕੀ

ਸਰਗਰਮੀਆਂ ਬਾਰੇ ਵਧੇਰੇ ਪਤਾ ਹੁੰਦਾ। ਇਨ੍ਹਾਂ ਸਰਗਰਮੀਆਂ ਦੀ ਬਾਹਰ ਬਹੁਤ ਘੱਟ ਰਿਪੋਰਟਿੰਗ ਹੋਈ ਹੈ। ਸ਼ਾਇਦ ਵੇਲੇ ਦੀਆਂ ਸ਼ਕਤੀਆਂ ਨਹੀਂ ਚਾਹੁੰਦੀਆਂ ਕਿ ਇਸ ਕਿਸਮ ਦੀ ਜਿਹੜੀ ਆਵਾਜ਼ ਹੈ ਉਸ ਦੀ ਰਿਪੋਰਟਿੰਗ ਨੂੰ ਵਧੇਰੇ ਥਾਂ ਦਿੱਤੀ ਜਾਵੇ।

**ਸੁਖਿੰਦਰ :** ਤੁਸੀਂ ਜਿਵੇਂ ਹੁਣੇ ਜ਼ਿਕਰ ਕੀਤਾ ਸੀ ਕਿ ਕੁਝ ਲੇਖਕ ਆਪਣੀਆਂ ਲਿਖਤਾਂ ਵਿੱਚ ਕਿਸੇ ਇਕ ਜਾਂ ਦੂਜੇ ਫਿਰਕੇ ਵੱਲ ਉਲਾਰ ਹੋ ਗਏ। ਮੈਂ ਵੀ ਇਹ ਗੱਲ ਤੁਹਾਡੇ ਨਾਲ ਛੇੜਣੀ ਚਾਹੁੰਦਾ ਸੀ ਕਿ ਸਾਡੇ ਕੁਝ ਸ਼ਾਇਰ ਪਿਛਲੇ ਕੁਝ ਸਮੇਂ ਤੋਂ ਆਪਣੀ ਕਵਿਤਾ ਵਿਚ ਸਿਖ ਧਰਮ ਨਾਲ ਸੰਬੰਧਿਤ ਵੇਰਵਿਆਂ ਨੂੰ ਕੁਝ ਵਧੇਰੇ ਹੀ ਥਾਂ ਦੇਣ ਲੱਗ ਪਏ ਹਨ। ਇਨ੍ਹਾਂ ਸ਼ਾਇਰਾਂ ਦੇ ਅਜਿਹੇ ਵਤੀਰੇ ਬਾਰੇ ਤੁਸੀਂ ਕਿਵੇਂ ਸੋਚਦੇ ਹੋ?

**ਹਲਵਾਰਵੀ :** ਅਸਲ ਵਿਚ ਇਹ ਜਿਹੜੇ ਦੋ ਚਾਰ ਨਾਮ ਤੁਸੀਂ ਦਿਮਾਗ਼ ਵਿਚ ਰੱਖ ਕੇ ਗੱਲ ਛੇੜੀ ਹੈ ਮੈਂ ਸਮਝਦਾ ਹਾਂ ਕਿ ਹੋ ਸਕਦੈ ਇਨ੍ਹਾਂ ਲੇਖਕਾਂ ਦੇ ਮਨਾਂ ਵਿਚ ਕਿਤੇ ਡੂੰਘੀ ਫਿਰਕੂ ਪਹਿਚਾਣ ਲੁਕੀ ਹੋਵੇ ਜਿਹੜੀ ਕਿ ਇਸ ਸੰਕਟ ਨੇ ਉਭਾਰ ਕੇ ਸਾਹਮਣੇ ਲਿਆਂਦੀ ਹੈ। ਇਸਦਾ ਦੂਸਰਾ ਕਾਰਨ ਇਹ ਵੀ ਹੈ ਕਿ ਕਈ ਵੇਰੀ ਅਜਿਹਾ ਵੀ ਹੁੰਦਾ ਹੈ ਜਿਵੇਂ ਕਿ ਸਾਡੇ ਕਈ ਚੰਗੇ ਭਲੇ ਲੇਖਕਾਂ ਨੂੰ ਸਸਤੀ ਸ਼ੁਹਰਤ ਹਾਸਿਲ ਕਰਨ ਦੀ ਬਿਮਾਰੀ ਵੀ ਹੈ ਕਿ ਜਿਸ ਕਿਸੇ ਪਾਸੇ ਦਾ ਰੌਂ ਵਗਦਾ ਹੈ ਓਸ ਕਿਸਮ ਦੀ ਰਚਨਾ ਕਰੋ ਤਾਂ ਕਿ ਓਸ ਵੇਲੇ ਦੀ ਵਾਹਵਾ ਖੱਟੀ ਜਾਵੇ। ਜੇਕਰ ਕੱਲ੍ਹ ਨੂੰ ਹਾਲਾਤ ਬਦਲੇ ਤਾਂ ਓਸ ਕਿਸਮ ਦੀਆਂ ਰਚਨਾਵਾਂ ਵੀ ਰਚ ਦਿੱਤੀਆਂ ਜਾਣ। ਮੈਂ ਨਾਮ ਲੈਣ ਵਿਚ ਵੀ ਗੁਰੇਜ਼ ਨਹੀਂ ਕਰਦਾ ਜਿਵੇਂ ਕਿ ਡਾਕਟਰ ਹਰਿਭਜਨ ਸਿੰਘ ਹਨ। ਜਦੋਂ ਬੰਗਲਾ ਦੇਸ਼ ਦੀ ਲੜਾਈ ਹੋਈ ਤਾਂ ਉਨ੍ਹਾਂ ਨੇ ਪਦਮਾਂ ਨਦੀ ਨੂੰ ਬੇਨਤੀ ਕੀਤੀ ਕਿ 'ਪਦਮਾ ਨਦੀ ਜ਼ਰਾ ਕੁ ਨੀਂਵੀਂ ਹੋ ਜਾ।' ਅਤੇ ਜਦੋਂ ਦਰਬਾਰ ਸਾਹਿਬ ਉਤੇ ਨੀਲਾ ਤਾਰਾ ਕਾਰਵਾਈ ਹੋਈ ਤਾਂ ਉਹਨਾਂ ਨੇ ਨਜ਼ਮ ਲਿਖੀ ਕਿ ਫੌਜਾਂ 'ਕੌਣ ਦੇਸ਼ ਤੋਂ ਆਈਆਂ।' ਹਾਲਾਂ ਕਿ ਇਹ ਓਹੀ ਫੌਜ ਹੈ ਜਿਹੜੀ ਬੰਗਲਾ ਦੇਸ਼ ਵਿਚ ਗਈ ਸੀ ਅਤੇ ਇਹ ਓਹੀ ਫੌਜ ਹੈ ਜਿਸਨੇ ਦਰਬਾਰ ਸਾਹਿਬ ਉਤੇ ਨੀਲਾ ਤਾਰਾ ਕਾਰਵਾਈ ਕੀਤੀ। ਹੁਣ ਮੈਂ ਸਮਝਦਾ ਹਾਂ ਕਿ ਇਹ ਸੰਕਟ ਅਸਲ ਵਿਚ ਡਾ. ਹਰਿਭਜਨ ਸਿੰਘ ਦਾ ਵਿਅਕਤੀਤਵ ਸੰਕਟ ਹੈ। ਡਾ. ਹਰਿਭਜਨ ਸਿੰਘ ਨੇ ਕਿਸੇ ਸਮੇਂ ਇਕ ਆਵਾਜ਼ ਇਹ ਵੀ ਬੁਲੰਦ ਕੀਤੀ ਸੀ ਕਿ 'ਸਾਹਿਤ ਸਿਰਫ ਸੁਹਜ ਲਈ ਹੁੰਦਾ ਹੈ ਰਾਜਨੀਤੀ ਲਈ ਨਹੀਂ ਹੁੰਦਾ।' ਲੇਕਿਨ ਦੋਹਾਂ ਹੀ ਹਾਲਤਾਂ ਵਿਚ ਉਸਨੇ ਰਾਜਨੀਤਕ ਨਜ਼ਮਾਂ ਲਿਖੀਆਂ। ਇੱਕ ਵੇਲੇ, ਵੇਲੇ ਦੀ ਸਰਕਾਰ ਨੂੰ ਖੁਸ਼ ਕਰਨ ਲਈ ਅਤੇ ਦੂਜੇ ਸਮੇਂ ਸਿੱਖ ਜਨ-ਸਮੂਹ ਨੂੰ ਖੁਸ਼ ਕਰਨ ਲਈ ਮੈਂ ਸਮਝਦਾ ਹਾਂ ਕਿ ਜਿਹੜਾ ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਹੈ ਬੜਾ ਸੀਮਤ ਦ੍ਰਿਸ਼ਟੀਕੋਣ ਹੈ। ਅਜਿਹਾ ਦ੍ਰਿਸ਼ਟੀਕੋਣ ਕੁਝ ਕੁ ਵਿਅਕਤੀਆਂ ਤੱਕ ਸੰਬੰਧਿਤ ਹੁੰਦਾ ਹੈ। ਬਹੁਤਿਆਂ ਤੱਕ ਨਹੀਂ। ਉਸ ਤੋਂ ਬਾਹਦ ਤੁਸੀਂ ਦੇਖੋ ਕਿ ਡਾ. ਹਰਿਭਜਨ ਸਿੰਘ ਨੇ ਉਹ ਸਭ ਕੁਝ ਭੁਲ ਭੁਲਾ ਕੇ ਹੁਣ ਮੁੜ ਓਸੇ ਕਿਸਮ ਦੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਹਨ। ਜਿਹੋ ਜਿਹੇ ਗੀਤ ਉਹ ਪਹਿਲਾਂ ਲਿਖਦਾ ਹੁੰਦਾ ਸੀ।

**ਸੁਖਿੰਦਰ :** ਏਸੇ ਤਰ੍ਹਾਂ ਦੀ ਇੱਕ ਹੋਰ ਗੱਲ ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਮੌਜੂਦਾ ਸੰਕਟ ਨੇ ਲੇਖਕਾਂ ਸਾਹਮਣੇ ਇੱਕ ਬਿਲਕੁਲ ਨਵੀਂ ਕਿਸਮ ਦੀ ਸੱਮਸਿਆ ਸਾਹਮਣੇ ਲਿਆਂਦੀ ਹੈ। ਕੁਝ ਲੇਖਕ ਆਪਣੀ ਨਿਤਾ-ਪ੍ਰਤੀ ਜ਼ਿੰਦਗੀ ਵਿਚ ਜਿਸ ਕਿਸਮ ਦੀ ਸਿਆਸਤ ਦੇ ਧਾਰਣੀ ਹੁੰਦੇ ਹਨ ਉਹ ਉਹਨਾਂ ਦੀਆਂ ਲਿਖਤਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਦੇ ਬਿਲਕੁਲ ਵਿਪਰੀਤ ਹੁੰਦੀ ਹੈ। ਕੀ ਅਜਿਹੇ ਦਵੰਦ-ਗ੍ਰਸਤ ਲੇਖਕਾਂ ਦੀਆਂ ਲਿਖਤਾਂ ਨੂੰ ਅਜਿਹੇ ਲੇਖਕਾਂ ਦੇ ਸਮਾਜਿਕ ਕਿਰਦਾਰ ਤੋਂ ਵੱਖ ਕਰਕੇ ਸਮਝਿਆ ਜਾ ਸਕਦਾ ਹੈ?

**ਹਲਵਾਰਵੀ :** ਇਹ ਬੜਾ ਹੀ ਮਹੱਤਵਪੂਰਨ ਸੁਆਲ ਤੁਸੀਂ ਛੇੜਿਐ। ਮੈਂ ਸਮਝਦੈਂ ਕਿ ਇਹ ਸੁਆਲ ਸਿਰਫ ਮੌਜੂਦਾ ਸੰਕਟ ਲਈ ਹੀ ਨਹੀਂ ਇਹ ਸਦੀਵੀ ਸਮਿਆਂ ਲਈ ਹੈ। ਇਹ ਸੁਆਲ ਹਰ ਸਮੇਂ, ਹਰ ਲੇਖਕ ਦੇ ਸਾਹਮਣੇ ਖੜ੍ਹਾ ਹੁੰਦਾ ਹੈ। ਇਹ ਅਸਲ ਵਿਚ ਨੈਤਿਕਤਾ ਦਾ ਸੁਆਲ ਹੈ। ਸਾਡੀਆਂ ਕਦਰਾਂ ਕੀਮਤਾਂ ਵਿਚ ਜਿਹੜਾ ਦੂਹਰਾਪਣ ਸਮਾਇਆ ਹੋਇਆ ਹੈ ਉਹ ਇਸੇ ਦਾ ਨਤੀਜਾ ਹੈ। ਕੁਝ ਲੇਖਕ ਕਿਰਦਾਰ ਪੱਖੋਂ ਹੋਰ ਪਾਸੇ ਖੜ੍ਹਦੇ ਨੇ, ਰਚਨਾ ਪੱਖੋਂ ਹੋਰ ਪਾਸੇ। ਮੈਂ ਸਮਝਦੈਂ ਕਿ ਇਹ ਵੀ ਸੰਕਟ ਦਾ ਇਕ ਹਿਸਾ ਹੀ ਹੈ। ਜਿਸਦਾ ਉਹ ਦੂਹਰੀਆਂ ਕੀਮਤਾਂ ਵਾਲੇ ਲੇਖਕ ਖੁਦ ਸ਼ਿਕਾਰ ਨੇ। ਇਹ ਜਿਹੜੇ ਦੂਹਰੀਆਂ ਕਦਰਾਂ ਕੀਮਤਾਂ ਵਾਲੇ ਹਨ, ਉਹ ਦੇਸ਼ ਦੇ ਅੰਦਰ ਵੀ ਹਨ ਅਤੇ ਦੇਸ਼ ਤੋਂ ਬਾਹਰ ਵੀ। ਦੂਹਰੀਆਂ ਕਦਰਾਂ ਕੀਮਤਾਂ ਵਾਲੇ ਪੰਜਾਬ ਦੇ ਅੰਦਰ ਵੀ ਹਨ ਅਤੇ ਪੰਜਾਬ ਤੋਂ ਬਾਹਰ 'ਸਮੁੰਦਰੋਂ ਪਾਰ' ਵੀ ਬੈਠੇ ਹਨ। ਦਰਅਸਲ ਮੈਂ ਸਮਝਦੈਂ ਕਿ ਸੰਕਟ ਦੀ ਸਥਿਤੀ ਦਾ ਕਮਾਲ ਹੀ ਇਹੀ ਹੁੰਦੈ ਕਿ ਉਹ ਕਿਸੇ ਲੇਖਕ ਦਾ ਜਿਹੜਾ ਦੂਹਰਾਪਣ ਹੁੰਦੈ ਉਸਨੂੰ ਨੰਗਾ ਕਰਕੇ ਸਾਹਮਣੇ ਲੈ ਆਉਂਦੀ ਹੈ। ਇਹ, ਮੈਂ ਸਮਝਦੈਂ ਕਿ ਨਿੱਜੀ ਤੌਰ ਉਤੇ ਨੈਤਿਕ ਸੁਆਲ ਵੀ ਹੈ, ਸਮਾਜਿਕ ਤੌਰ ਉਤੇ ਵੀ ਹੈ। ਪਾਠਕ ਸਾਰੇ ਜਾਣ ਲੈਂਦੇ ਨੇ ਕਿ ਕਿਹੜਾ ਲੇਖਕ ਆਪਣੇ ਕਿਰਦਾਰ ਦੇ ਉਲਟ ਬੋਲ ਰਿਹੈ ਜਾਂ ਉਸਦੇ ਮੁਤਾਬਿਕ ਰਚ ਰਿਹੈ। ਕਿਸੀ ਰਚਨਾ ਦੇ ਸਮੁੱਚੇ ਮੁਲੰਕਨ ਵੇਲੇ ਅਸੀਂ ਇਸ ਗੱਲ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ।

**ਸੁਖਿੰਦਰ :** ਇਹ ਸੁਆਲ ਮੈਂ ਤੁਹਾਡੇ ਸਾਹਮਣੇ ਵਿਸ਼ੇਸ਼ ਕਰਕੇ ਇਸ ਲਈ ਛੇੜਿਆ ਸੀ ਕਿਉਂਕਿ ਪਿਛੇ ਜਿਹੇ ਦਿੱਲੀ ਯੂਨੀਵਰਸਿਟੀ ਵਿਚ ਕੈਨੇਡਾ ਦੀ ਪੰਜਾਬੀ ਕਵਿਤਾ ਬਾਰੇ ਇਕ ਸੈਮੀਨਾਰ ਹੋਇਆ ਸੀ। ਜਿਸ ਵਿਚ ਮੈਂ ਵੀ ਕੈਨੇਡਾ ਦੀ ਪੰਜਾਬੀ ਕਵਿਤਾ ਬਾਰੇ ਇਕ ਪੇਪਰ ਪੜ੍ਹਿਆ ਸੀ। ਉਸ ਵਿਚ ਦਿੱਲੀ ਯੂਨੀਵਰਸਿਟੀ ਦੇ ਡਾ. ਮੋਹਨਜੀਤ ਅਤੇ ਡਾ. ਗੁਰਚਰਨ ਸਿੰਘ ਹੋਰਾਂ ਨੇ ਵੀ ਕੈਨੇਡਾ ਦੀ ਪੰਜਾਬੀ ਕਵਿਤਾ ਬਾਰੇ ਪੇਪਰ ਪੜ੍ਹੇ ਸਨ। ਉਸ ਤੋਂ ਬਾਹਦ ਡਾ. ਸਤਿੰਦਰ ਨੂਰ, ਐਸ. ਬਲਵੰਤ, ਡਾ. ਬ. ਸ. ਰਤਨ, ਡਾ. ਜਗਬੀਰ ਸਿੰਘ, ਡਾ. ਤਰਲੋਕ ਸਿੰਘ ਕੰਵਰ ਅਤੇ ਸਵਰਨ ਚੰਦਨ (ਇੰਗਲੈਂਡ) ਹੋਰਾਂ ਨਾਲ ਇਸ ਵਿਸ਼ੇ ਬਾਰੇ ਮੇਰੀ ਕਾਫੀ ਦੇਰ ਤੱਕ ਬਹਿਸ ਵੀ ਹੁੰਦੀ ਰਹੀ। ਮੈਂ ਇਨ੍ਹਾਂ ਲੇਖਕਾਂ/ਅਲੋਚਕਾਂ ਨੂੰ ਕਿਹਾ ਕਿ ਇੱਕ ਲੇਖਕ ਹੁੰਦੈ ਜਿਸਨੂੰ ਕਿ ਤੁਸੀਂ ਬੜੀ ਚੰਗੀ ਤਰ੍ਹਾਂ ਜਾਣਦੇ ਹੋ, ਉਸਦੇ ਸਮਾਜਿਕ ਕਿਰਦਾਰ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹੋ — ਜਿਵੇਂ ਕਿ ਮੈਂ ਉਨ੍ਹਾਂ ਇੱਕ ਉਦਾਹਰਣ ਦਿੱਤੀ ਕਿ ਸਾਡੇ ਕੈਨੇਡਾ ਵਿਚ ਇਕਬਾਲ ਰਾਮੂਵਾਲੀਆ ਹੈ। ਉਸ ਦੀ ਨਿਤਾ-ਪ੍ਰਤੀ ਜ਼ਿੰਦਗੀ ਦੀ ਜਿਹੜੀ ਰਾਜਨੀਤੀ ਹੈ ਉਹ ਅਕਾਲੀਆਂ ਦੀ ਧਾਰਮਿਕ-ਜਨੂੰਨੀ ਕਿਸਮ ਦੀ ਰਾਜਨੀਤੀ ਦੇ ਬਿਲਕੁਲ ਕਰੀਬ ਹੈ। ਪਰ ਹਿੰਦੁਸਤਾਨ ਵਿਚ ਉਹ ਇਕ ਪ੍ਰਗਤੀਵਾਦੀ/ਇਨਕਲਾਬੀ ਲੇਖਕ ਦੇ ਤੌਰ ਉਤੇ ਜਾਣਿਆ ਜਾਂਦਾ ਹੈ। ਉਸ ਦੀ ਕਿਤਾਬ 'ਕੁਝ ਵੀ ਨਹੀਂ' ਦੀ ਭੂਮਿਕਾ ਵੀ ਪਾਸ਼ ਨੇ ਲਿਖੀ। ਜਿਸ ਵਿਚ ਪਾਸ਼ ਨੇ ਉਸ ਦੇ ਪ੍ਰਗਤੀਵਾਦੀ/ਇਨਕਲਾਬੀ ਲੇਖਕ ਹੋਣ ਦੀ ਪ੍ਰੋੜ੍ਹਤਾ ਕੀਤੀ ਸੀ। ਜਦੋਂ ਮੈਂ ਦਿੱਲੀ ਦੇ ਇਨ੍ਹਾਂ ਅਲੋਚਕਾਂ ਨੂੰ ਪੁਛਿਆ ਕਿ ਜਦੋਂ ਅਸੀਂ ਕੈਨੇਡਾ ਵਿਚ ਇਕਬਾਲ ਦੇ ਸਮਕਾਲੀ ਲੇਖਕ ਜਾਣਦੇ ਹਾਂ ਕਿ ਇਕਬਾਲ ਦਾ ਸਮਾਜਿਕ/ਸਭਿਆਚਾਰਕ ਕਿਰਦਾਰ ਹੋਰ ਹੈ ਅਤੇ ਉਸ ਦੀ ਰਚਨਾ ਵਿਚਲਾ ਉਸਦਾ ਕਿਰਦਾਰ ਹੋਰ ਹੈ ਤਾਂ ਤੁਸੀਂ ਆਪਣੀ ਆਲੋਚਨਾ ਵਿਚ ਇਸ ਦਵੰਦ-ਗ੍ਰਸਤ ਸਥਿਤੀ ਦਾ ਕਿਵੇਂ ਨਿਖੇੜਾ ਕਰੋਗੇ? ਤਾਂ ਡਾ. ਨੂਰ ਕਹਿਣ ਲੱਗੇ : "ਅਸੀਂ ਤਾਂ ਲੇਖਕ ਦੀ ਰਚਨਾ ਨੂੰ ਹੀ ਸਾਹਮਣੇ ਰੱਖਦੇ ਹਾਂ ਅਤੇ ਉਸ ਦਾ Analysis ਕਰਦੇ ਹਾਂ। ਸਾਡਾ ਲੇਖਕ ਦੇ ਬਾਹਰਲੇ ਜੀਵਨ ਨਾਲ ਕੋਈ ਸਬੰਧ ਨਹੀਂ। ਰਚਨਾ ਦੇ ਵਿਚੋਂ ਹੀ ਸਾਨੂੰ ਪਤਾ ਲੱਗਣਾ ਚਾਹੀਦੈ ਕਿ ਸਮੁੱਚੇ ਰੂਪ ਵਿਚ ਕੋਈ ਲੇਖਕ ਕੀ ਸੋਚ ਰਿਹਾ ਹੈ ਅਤੇ ਕੀ ਲਿਖ ਰਿਹਾ ਹੈ।" ਪਰ ਕੀ ਅਜਿਹਾ ਸੰਭਵ ਹੈ?

**ਹਲਵਾਰਵੀ :** ਜਿੱਥੋਂ ਤੱਕ ਰਚਨਾ ਦਾ ਸੁਆਲ ਹੈ — ਜਿਵੇਂ ਕਿ ਡਾ. ਨੂਰ ਹੋਰਾਂ ਨੇ ਕਿਹੈ, ਮੈਂ ਸਮਝਦੈਂ ਕਿ ਸ਼ਾਇਦ ਮੌਜੂਦਾ ਆਲੋਚਨਾ ਦੀ ਇਹ ਇਕ ਸੀਮਾ ਹੀ ਹੋਵੇ, ਇਹ ਆਧਾਰ ਹੀ ਹੋਵੇ ਕਿ ਉਹ ਸਿਰਫ ਰਚਨਾ ਦੀ ਹੀ ਪੁਣਛਾਣ, ਵਿਸ਼ਲੇਸ਼ਣ ਕਰਦੀ ਹੈ। ਪਰ ਮੈਂ ਸਮਝਦੈਂ ਕਿ ਜਿੱਥੋਂ ਤੱਕ ਚੁਰੇੜੇ ਸਮਾਜਿਕ — ਸਭਿਆਚਾਰਕ ਪਰਿਪੇਖ ਦੀ ਗੱਲ ਹੈ ਓਥੇ ਲੇਖਕ ਦਾ ਕਿਰਦਾਰ ਪਰ੍ਹੇ ਨਹੀਂ ਰੱਖਿਆ ਜਾ ਸਕਦਾ। ਮੈਂ ਸਮਝਦੈਂ ਕਿ ਅਸਲ ਵਿਚ ਇਹ ਤਾਂ ਸਾਡੀ ਨੈਤਿਕ ਦਲੇਰੀ ਦੀ ਹੀ ਘਾਟ ਹੈ ਜਿਹੜੀ ਕਿ ਸਾਡੇ ਕੁਝ ਲੇਖਕਾਂ ਕੋਲੋਂ ਇਹ ਦੂਹਰਾ ਰਵੱਈਆ ਕਰਵਾਉਂਦੀ ਹੈ। ਰਚਨਾ ਵਿਚ ਹੋਰ ਅਤੇ ਵਿਅਕਤੀਤਵ ਕਿਰਦਾਰ ਵਿਚ ਹੋਰ। ਲੇਕਿਨ ਜਿਉਂ ਜਿਉਂ ਕਿਸੇ ਲੇਖਕ ਵਿਚ ਨੈਤਿਕ ਦਲੇਰੀ ਆਉਂਦੀ ਜਾਵੇਗੀ ਉਹ ਆਪਣੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਆਪਣੀ ਰਚਨਾ ਨਾਲ ਇਕ ਸੁਰ ਕਰਦਾ ਜਾਵੇਗਾ। ਮੈਂ ਸਮਝਦੈਂ ਕਿ ਬਦਲਦੇ ਸਮਿਆਂ ਵਿਚ ਆਲੋਚਕ ਵੀ ਕਿਸੇ ਰਚਨਾ ਦਾ ਮੁਲਅੰਕਨ ਕਰਨ ਵੇਲੇ ਇਨ੍ਹਾਂ ਗੱਲਾਂ ਨੂੰ ਜ਼ਰੂਰ ਧਿਆਨ ਵਿਚ ਰੱਖਣਗੇ ਕਿ ਕਿਸੇ ਲੇਖਕ ਦੀ ਰਚਨਾ ਦੀ ਪਰਖ ਕਰਨ ਵੇਲੇ ਉਸ ਲੇਖਕ ਦੇ ਸਮਾਜਿਕ/ਸਭਿਆਚਾਰਕ ਕਿਰਦਾਰ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਇਹ ਠੀਕ ਹੈ ਕਿ ਸਾਡੀ ਆਲੋਚਨਾ ਦੇ ਮਿਆਰ ਵੀ ਅਜੇ ਰਚਨਾ ਦੇ ਨਾਲ ਹੀ ਨਾਲ ਬਣ ਹੀ ਰਹੇ ਹਨ। ਪਿਛਲੇ ਪੰਦਰਾਂ ਕੁ ਸਾਲਾਂ ਵਿਚ ਪੰਜਾਬੀ ਸਾਹਿਤ ਵਿਚ, ਕੀ ਦੇਸ਼ ਦੇ ਅੰਦਰ ਅਤੇ ਕੀ ਦੇਸ਼ ਦੇ ਬਾਹਰ, ਇੱਕ ਚੇਤੰਨ ਰੂਪ ਵਿਚ ਜਿਹੜੀ ਸਾਹਿਤਕ ਸੁਹਿਰਦਤਾ ਦੀ ਧਾਰਾ ਚੱਲੀ ਹੈ ਉਹ dominate ਕਰਦੀ ਹੈ। ਉਹ ਜ਼ਿਆਦਾ ਉਘੜਵੀਂ ਹੈ — ਇਸਦੇ ਮੁਕਾਬਲੇ ਉਤੇ ਉਨ੍ਹਾਂ ਲੇਖਕਾਂ ਦੀ ਰਚਨਾ ਦੇ ਜਿਹੜੇ ਦੂਹਰੀ ਕਿਸਮ ਦੇ ਮਿਆਰਾਂ ਉਤੇ ਚਲਦੇ ਹਨ।

**ਸੁਖਿੰਦਰ :** ਹਲਵਾਰਵੀ ਸਾਹਿਬ, ਕੁਝ ਲੋਕ ਕਵਿਤਾ ਵਿਚ ਰੂਪਕ ਪੱਖ ਵੱਲੋਂ ਬੜੇ ਬੇਪਰਵਾਹ ਹੁੰਦੇ ਹਨ। ਉਹ ਵਿਸ਼ੇ ਨੂੰ ਹੀ ਕਵਿਤਾ ਸਮਝ ਲੈਂਦੇ ਹਨ। ਅਜਿਹੇ ਭੁਲੇਖੇ ਬਹੁਤ ਸਾਰੇ ਦੇਸੀ ਅਤੇ ਬਦੇਸ਼ੀ ਪ੍ਰਗਤੀਵਾਦੀ ਲੇਖਕਾਂ ਦੇ ਮਨਾਂ ਵਿਚ ਵੀ ਘਰ ਕਰ ਚੁੱਕੇ ਹਨ। ਕੀ ਕਵਿਤਾ ਦੀਆਂ ਸੁਹਜ-ਸ਼ਾਸ਼ਤਰੀ ਲੋੜਾਂ ਤੋਂ ਚੇਤੰਨ ਹੋਏ ਬਿਨਾਂ ਵੀ ਚੰਗੀ ਕਵਿਤਾ ਲਿਖੀ ਜਾ ਸਕਦੀ ਹੈ?

**ਹਲਵਾਰਵੀ :** ਮੈਂ ਸਮਝਦੈਂ ਕਿ ਸੁਹਜ-ਸ਼ਾਸ਼ਤਰੀ ਲੋੜਾਂ ਤੋਂ ਬਗੈਰ ਨਾ ਕਦੀ ਚੰਗੀ ਰਚਨਾ ਹੋਈ ਹੈ ਅਤੇ ਨਾ ਕਦੀ ਹੋ ਸਕਦੀ ਹੈ। ਸਭ ਤੋਂ ਪਹਿਲੀ ਅਤੇ ਵੱਡੀ ਕਰਾਂਤੀ ਰੂਸ ਵਿਚ ਹੋਈ। ਫਿਰ ਚੀਨ ਵਿਚ ਹੋਈ। ਵੀਅਤਨਾਮ ਵਿਚ ਹੋਈ। ਮੈਂ ਇਨ੍ਹਾਂ ਸਾਰੇ ਮੁਲਕਾਂ ਦੇ ਸਾਹਿਤ ਦਾ ਕਾਫੀ ਸਾਰਾ ਡੂੰਘਾ, ਵਿਸਤਰਿਤ ਅਧਿਐਨ ਕੀਤੈ। ਓਹੀ ਸਾਹਿਤ ਸੋਵੀਅਤ ਹਕੂਮਤ ਵਲੋਂ ਪ੍ਰਵਾਨਿਆ ਗਿਐ ਜਿਹੜਾ ਸਾਹਿਤਕ ਮਿਆਰਾਂ ਦੀ ਪੂਰਤੀ ਵੀ ਕਰਦੈ। ਜਿਹੜੇ ਸਾਡੇ ਪ੍ਰਗਤੀਵਾਦੀ ਲੇਖਕ ਇਹ ਕਹਿੰਦੇ ਹਨ ਕਿ ਵਿਸ਼ਾ ਹੀ ਸਭ ਕੁਝ ਹੁੰਦਾ ਹੈ, ਕਾਵਿ-ਰੂਪ ਲੋੜਾਂ ਵੱਲ ਧਿਆਨ ਦੇਣ ਦੀ ਲੋੜ ਨਹੀਂ ਜਾਂ ਕਾਵਿ ਦੇ ਸੁਹਜ ਪੱਖ ਵੱਲੋਂ ਚੇਤੰਨ ਹੋਣ ਦੀ ਲੋੜ ਨਹੀਂ। ਮੈਂ ਸਮਝਦੈਂ ਕਿ ਉਹ ਆਪਣੀ ਕਲਾ ਦੀ ਕਮਜ਼ੋਰੀ ਨੂੰ ਆਪਣੇ ਨਾਹਰੇ ਦੀ ਆੜ ਹੇਠ ਲੁਕਾਉਣਾ ਚਾਹੁੰਦੇ ਹਨ। ਕਿਉਂਕਿ ਜਿਹੜਾ ਕਲਿਆਣਕਾਰੀ ਸਾਹਿਤ ਹੈ ਉਸ ਵਿਚੋਂ ਸੁਹਜ ਨੂੰ ਖਾਰਿਜ ਨਹੀਂ ਕੀਤਾ ਜਾ ਸਕਦਾ। ਤੁਸੀਂ ਲੋਕ-ਸਾਹਿਤ ਹੀ ਦੇਖੋ। ਕਿੰਨਾ ਜ਼ੋਰ ਹੈ ਸੁਹਜ ਉਤੇ। ਇਕ ਫੁਲਕਾਰੀ ਦੀ ਕਢਾਈ ਹੀ ਦੇਖੋ। ਫੁਲਕਾਰੀ ਦੀ ਸਾਰੀ ਖੂਬਸੂਰਤੀ ਉਸਦੇ ਸੁਹਜ ਵਿਚ ਹੈ। ਉਹ ਉਘੜ ਦੁੱਘੜ ਟਾਂਕਿਆਂ ਵਿਚ ਨਹੀਂ ਹੈ। ਇਸੇ ਤਰ੍ਹਾਂ ਜਿਹੜੇ ਕੰਧਾਂ ਉਤੇ ਮਿੱਟੀ ਨਾਲ ਚਿੱਤਰ ਬਣਾਏ ਜਾਂਦੇ ਸਨ ਉਨ੍ਹਾਂ ਵਿਚ ਤੁਸੀਂ ਸੁਹਜ ਵੇਖੋ। ਲੋਕ ਕਲਾ ਦੀ ਜਾਂ ਕਲਾ ਦੀ ਜਦੋਂ ਅਸੀਂ ਗੱਲ ਕਰਦੇ ਹਾਂ—ਸਾਹਿਤ ਵੀ ਇੱਕ ਕਲਾ ਹੀ ਹੈ —ਤਾਂ ਸੁਹਜ ਨੂੰ ਇੱਕ ਪਾਸੇ ਨਹੀਂ ਰੱਖਿਆ ਜਾ ਸਕਦਾ। ਲੇਕਿਨ ਇਸਦੇ ਉਲਟ ਜਿਹੜੇ ਲੋਕ ਸਿਰਫ ਸੁਹਜ ਦੀ ਹੀ ਗੱਲ ਕਰਦੇ ਹਨ ਜਾਂ ਸਾਹਿਤ ਦੇ ਸਮਾਜਿਕ ਵਸਤੂ ਤੋਂ, ਸਮਾਜਿਕ ਰੋਲ ਤੋਂ ਮੁਨਕਰ ਹੁੰਦੇ ਹਨ ਉਹ ਵੀ ਉਨੇ ਹੀ ਗਲਤ ਹਨ ਜਿੰਨੇ ਕਿ ਇਹ ਸਾਡੇ ਕਥਿਤ ਪ੍ਰਗਤੀ ਵਾਦੀ ਲੇਖਕ ਜਿਹੜੇ ਸੁਹਜ ਦੀਆਂ ਲੋੜਾਂ ਤੋਂ ਮੁਨਕਰ ਹੁੰਦੇ ਹਨ। ਮੈਂ ਸਮਝਦੈਂ ਕਿ ਇਨ੍ਹਾਂ ਦੋਹਾਂ ਦੇ ਸੁਮੇਲ 'ਚੋਂ

ਬਾਕੀ ਪੰਨਾ 24 'ਤੇ

**—ਉਲਫ਼ਤ ਬਾਜਵਾ**

ਜਦੋਂ ਨਾਹੱਕ ਮਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।
ਸਿਤਮ ਜਦ ਵੀ ਕਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਮਿਲੇ ਜਦ ਮਾਣ ਕਾਤਿਲ ਨੂੰ ਮਿਲੇ ਨਿਰਦੋਸ਼ ਨੂੰ ਫਾਂਸੀ,
ਕਰੇ ਕੋਈ, ਭਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਸੁਣਾਂ ਜਦ ਵੈਣ ਮਾਵਾਂ ਦੇ ਸੁਣਾਂ ਜਦ ਰੋਣ ਬੱਚਿਆਂ ਦਾ,
ਜਦੋਂ ਹੌਕੇ ਭਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਜਦੋਂ ਹਥ ਜੋੜ ਕੇ ਕਾਤਿਲ ਤੋਂ ਮੰਗੇ ਖੈਰ ਜੀਵਨ ਦੀ,
ਜਦੋਂ ਤਰਲੇ ਕਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਉਡੀਕਣ ਮਰ ਗਏ ਡੋਲੀ ਨੂੰ, ਵੇਖਣ ਚਾਨ ਜਦ ਰਸਤਾ,
ਨਾ ਪਹੁੰਚੇ ਜਦ ਘਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਕਰਾ ਕੇ ਟਹਿਲ ਜਦ ਮਹਿਮਾਨ ਮਾਰੇ ਮੇਜ਼ਬਾਨ ਆਪਣਾ,
ਦਗ਼ਾ ਜਦ ਵੀ ਕਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਮਰੇ ਜ਼ਾਲਿਮ ਜਦੋਂ ਕੋਈ ਤਾਂ ਦਿਲ ਨੂੰ ਚੈਨ ਆਉਂਦਾ ਏ,
ਜਦੋਂ ਮਾੜਾ ਮਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਰਹੇ ਜਦ ਕੋਲ ਤਾਂ ਦਿਲ ਨੂੰ ਬੜਾ ਆਰਾਮ ਰਹਿੰਦਾ ਏ,
ਰਹੇ ਜਦ ਵੀ ਪਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਗਲੇ ਲਾਏ ਨਾ ਜਦ ਕੋਈ ਪਰਾਇਆ ਜਾਣ ਕੇ ਮੈਨੂੰ,
ਤਅੱਜੁਬ ਜਦ ਕਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਮਰੇ ਜਦ ਵੀ ਕੋਈ 'ਉਲਫ਼ਤ' ਮਰੇ ਆਰਾਮ ਦੀ ਮੌਤੇ,
ਤੜਪ-ਕੇ ਜਦ ਮਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।




■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S.
Medallion Club For 83-84 85-86

ਪੰਨਾ 23 ਦੀ ਬਾਕੀ

ਹੀ,ਸਦੀਵੀ ਮੁੱਲ ਵਾਲੀ ਚੰਗੀ ਰਚਨਾ ਰਚੀ ਜਾ ਸਕਦੀ ਹੈ।

ਸੁਖਿੰਦਰ:ਇਕ ਹੋਰ ਸੁਆਲ ਹੈ ਮੇਰਾ। ਕੁਝ ਲੇਖਕ ਨਜ਼ਮ ਵਲੋਂ ਗਜ਼ਲ ਵੱਲ ਮੁੜ ਰਹੇ ਹਨ। ਮੈਂ ਸਮਝਦੈਂ ਕਿ ਗਜ਼ਲ ਜੋ ਕਿ ਪਹਿਲਾਂ ਹੀ ਸੀਮਾਵਾਂ ਵਿਚ ਬੱਝੀ ਹੋਈ ਕਵਿਤਾ ਹੁੰਦੀ ਹੈ। ਨਵੀਆਂ ਹਾਲਤਾਂ ਵਿਚ ਜਦੋਂ ਕਿ ਕਵਿਤਾ ਸਾਹਮਣੇ ਨਵੀਆਂ ਚੁਣੌਤੀਆਂ ਹਨ,ਸਾਡੇ ਸ਼ਾਇਰਾਂ ਦਾ ਅਜਿਹੀ ਸੀਮਾਵਾਂ ਵਿਚ ਬੱਝੀ ਹੋਈ ਕਵਿਤਾ ਵੱਲ ਮੁੜਨਾ ਤੁਹਾਨੂੰ ਕਿਹੋ ਜਿਹਾ ਲੱਗਾ ਹੈ ?

ਹਲਵਾਰਵੀ:ਸੁਖਿੰਦਰ ਜੀ,ਤੁਸੀਂ ਇਹ ਬੜਾ ਦਿਲਚਸਪ ਸੁਆਲ ਕੀਤੈ। ਇਹ ਵੀ ਪਿਛਲੇ ਕੁਝ ਅਰਸੇ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹੈ। ਮੈਂ ਖੁਦ ਵੀ ਕਾਫੀ ਗਜ਼ਲਾਂ ਲਿਖੀਆਂ ਹਨ। ਪਰ ਮੈਂ ਤੁਹਾਨੂੰ ਵੀ ਜਾਣ ਬੁੱਝ ਕੇ ਅੱਜ ਕੋਈ ਗਜ਼ਲ ਨਹੀਂ ਸੁਣਾਈ। ਕਿਉਂਕਿ ਮੈਂ ਖੁਦ ਤੁਹਾਡੇ ਨਾਲ ਸਹਿਮਤ ਹੁੰਦਾ ਹੋਇਆ ਇਹ ਮੰਨਦਾ ਹਾਂ ਕਿ ਆਪਣੇ ਵੇਲੇ ਦੀਆਂ ਹਕੀਕਤਾਂ ਨੂੰ ਬਿਆਨ ਕਰਨ ਲਈ ਗਜ਼ਲ ਦਾ ਪਾਬੰਧ ਰੂਪ ਏਨਾ ਜ਼ਿਆਦਾ ਸਮਰੱਥ ਨਹੀਂ। ਲੇਕਿਨ ਫਿਰ ਵੀ ਕੁਝ ਅੱਛੇ ਸ਼ਾਇਰਾਂ ਨੇ ਗਜ਼ਲਾਂ ਵੀ ਲਿਖੀਆਂ ਹਨ। ਜਿਵੇਂ ਸੁਰਜੀਤ ਪਾਤਰ ਨੇ। ਪਾਤਰ ਮੂਲ ਤੌਰ ਉੱਤੇ ਆਪਣੀਆਂ ਨਜ਼ਮਾਂ ਨਾਲੋਂ ਆਪਣੀਆਂ ਗਜ਼ਲਾਂ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਗਜ਼ਲ ਜਿਹੜਾ ਕਿ ਸ਼ਾਇਰੀ ਦਾ ਲੈਅ ਬੱਧ ਰੂਪ ਹੈ ਉਹ ਇਕ ਤਰ੍ਹਾਂ ਨਾਲ ਦੁਬਾਰਾ Assestਕਰ ਰਿਹਾ ਹੈ। ਪ੍ਰਯੋਗਵਾਦੀਆਂ ਨੇ ਪੰਜਾਬੀ ਸ਼ਾਇਰੀ ਨੂੰ ਇਹ ਬੜਾ ਨੁਕਸਾਨ ਪਹੁੰਚਾਇਆ ਸੀ ਕਿ ਇਸਦੇ ਲੈਅ ਬੱਧ ਰੂਪ ਨੂੰ ਬਿਲਕੁਲ ਖਾਰਿਜ ਕਰਕੇ ਸ਼ਾਇਰੀ ਨੂੰ ਲੋਕਾਂ ਨਾਲੋਂ ਬਿਲਕੁਲ ਤੋੜ ਦਿੱਤਾ। ਹਾਲਾਂ ਕਿ ਸ਼ਾਇਰੀ ਨਾਟਕ ਤੋਂ ਬਾਹਦ ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜਿਹੜਾ ਕਿ ਲੋਕਾਂ ਦੇ ਬਹੁਤ ਨੇੜੇ ਹੈ। ਜਦੋਂ ਸ਼ਾਇਰ Stage ਉੱਤੇ ਨਜ਼ਮ ਪੜ੍ਹਦਾ ਹੈ ਤਾਂ ਇਕ ਤਰ੍ਹਾਂ ਨਾਲ Performanceਦੇ ਰਿਹਾ ਹੁੰਦਾ ਹੈ। ਅਤੇ ਸਾਡੀ ਜਿਹੜੀ ਸ਼ਾਇਰੀ ਦੀ ਪ੍ਰੰਪਰਾ ਹੈ ਉਹ ਇਕ ਤਰ੍ਹਾਂ ਨਾਲ Performanceਦੀ ਹੀ ਪ੍ਰੰਪਰਾ ਹੈ। ਇਸ ਨੂੰ ਪ੍ਰਯੋਗਵਾਦੀਆਂ ਨੇ ਰੋਲ ਕੇ ਰੱਖ ਦਿੱਤਾ ਸੀ। ਜਿਸਦਾ ਪ੍ਰਤੀਕਰਮ ਗਜ਼ਲ ਦੇ ਰੂਪ ਵਿਚ ਸਾਹਮਣੇ ਆਇਆ ਹੈ। ਪਰ ਫਿਰ ਵੀ ਮੈਂ ਸਮਝਦੈਂ ਕਿ ਇਹ Trendਹੁਣ ਫਿਰ ਜ਼ਰਾ ਕੁ ਘੱਟ ਗਿਆ ਹੈ। ਜ਼ਿਆਦਾ ਲੋਕ ਨਜ਼ਮ ਲਿਖਣ ਵਿਚ ਰੁਚਿਤ ਹੋ ਰਹੇ ਹਨ। ਅਤੇ ਮੈਂ ਸਮਝਦੈਂ ਕਿ ਹੌਲੀ ਹੌਲੀ ਪੰਜਾਬੀ ਵਿਚ ਨਜ਼ਮ ਦਾ ਰੂਪ ਹੀ ਪ੍ਰਮੁਖਤਾ ਹਾਸਿਲ ਕਰੇਗਾ।

ਸੁਖਿੰਦਰ:ਕੀ ਨਵੀਂ ਆਲੋਚਨਾ,ਨਵੀਂ ਕਵਿਤਾ ਨੂੰ ਸਹੀ ਤਰ੍ਹਾਂ ਸਮਝ ਰਹੀ ਹੈ ? ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ ?

ਹਲਵਾਰਵੀ:ਆਲੋਚਨਾ ਤੋਂ ਮੈਂ ਬਹੁਤਾ ਸੰਤੁਸ਼ਟ ਨਹੀਂ। ਇਹ ਸਾਹਿਤ ਰਚਨਾ ਦੇ ਬਰਾਬਰ ਕਦਮ ਮਿਲਾਕੇ ਨਹੀਂ ਚੱਲ ਰਹੀ। ਸਾਹਿਤ ਦੀ ਪਰਖ ਦੇ ਮਿਆਰ,ਘੱਟੋ ਘੱਟ ਪੰਜਾਬੀ ਸਾਹਿਤ ਦੀ ਪਰਖ ਦੇ ਸੁਤੰਤਰ ਆਧਾਰ ਅਜੇ ਪੂਰੀ ਤਰ੍ਹਾਂ ਨਿਰਧਾਰਤ ਨਹੀਂ ਹੋਏ। ਫਿਰ ਵੀ ਕੁਝ ਨਵੇਂ ਅਲੋਚਕਾਂ ਵਲੋਂ (ਜਿਨ੍ਹਾਂ ਵਿਚ ਮੈਂ ਪ੍ਰਮੁੱਖ ਡਾ.ਸੁਤਿੰਦਰ ਸਿਘ ਨੂਰ ਨੂੰ ਰੱਖਾਂਗਾ। ਕੁਝ ਹੋਰ ਦੋਸਤ ਵੀ ਹਨ ਤੇਜਵੰਤ ਸਿੰਘ ਗਿੱਲ ਹੈ,ਟੀ.ਆਰ.ਵਿਨੋਦ ਹੈ ਜਾਂ ਡਾ.ਜਗਬੀਰ ਸਿੰਘ ਹੈ। ਕੁਝ ਸੱਜਣ ਹੋਰ ਵੀ ਹਨ।) ਨਵੀਂ ਸਾਹਿਤ ਰਚਨਾ ਬਾਰੇ ਵਿਚਾਰ ਵਟਾਂਦਰੇ ਹੁੰਦੇ ਰਹਿੰਦੇ ਹਨ। ਲਿਖਤੀ ਰੂਪ ਵਿਚ ਵੀ ਪਰ ਮੈਂ ਸਮਝਦੈਂ ਕਿ ਸਮੁੱਚੇ ਰੂਪ ਵਿਚ ਸਾਡੀ ਆਲੋਚਨਾ,ਅਜੇ ਕਾਫੀ ਹੱਦ ਤੱਕ,ਸਾਹਿਤਕ ਰਚਨਾ ਦੀ ਪ੍ਰਕ੍ਰਿਆ ਨਾਲੋਂ ਕਾਫੀ ਪਛੜੀ ਹੋਈ ਹੈ। ਸਹੀ ਆਲੋਚਨਾ ਉਦੋਂ ਹੋਂਦ ਵਿਚ ਆਏਗੀ,ਜਦੋਂ ਇਹ ਨਾ ਸਿਰਫ ਰਚੀ ਹੋਈ ਰਚਨਾ ਦਾ ਹੀ ਮੁਲੰਕਨ ਕਰੇਗੀ। ਸਗੋਂ ਸਾਹਿਤ ਦੇ ਸੁਹਜ-ਸਾਸ਼ਤਰ ਦੇ ਨਿਯਮਾਂ ਨੂੰ ਵੀ ਨਿਰਧਾਰਤ ਕਰੇਗੀ। ਸਾਡੇ ਆਲੋਚਕ ਅਜੇ ਤਕ ਜਿਹੜੇ ਨਿਯਮ ਲੈਂਦੇ ਹਨ ਉਹ ਵਧੇਰੇ ਕਰਕੇ ਪੱਛਮੀ ਆਲੋਚਨਾ 'ਚੋਂ ਹੀ ਲੈਂਦੇ ਹਨ। ਮੇਰੇ ਵਿਚਾਰ ਵਿਚ,ਸਾਨੂੰ ਪੱਛਮੀ ਅਤੇ ਭਾਰਤੀ ਆਲੋਚਨਾ ਦੇ ਸੁਮੇਲ ਵਰਗੀ ਕੋਈ ਚੀਜ਼ ਪੰਜਾਬੀ ਸਾਹਿਤ ਦੇ ਮੁਲੰਕਣ ਵਾਸਤੇ ਲੱਭਣੀ ਚਾਹੀਦੀ ਹੈ। ਸੋ ਇਹ ਚੁਣੌਤੀ ਆਲੋਚਕਾਂ ਦੇ ਸਾਹਮਣੇ ਹੈ ਅਤੇ ਅਸੀਂ ਦੇਖਣਾ ਹੈ ਕਿ ਉਹ ਇਸ ਪਾਸੇ ਕਿੱਥੋਂ ਤਕ ਯਤਨ ਕਰਦੇ ਹਨ। ਸਾਨੂੰ ਆਸ ਹੀ ਕਰਨੀ ਚਾਹੀਦੀ ਹੈ। ਸਾਡੇ ਕੋਲ ਕੁਝ ਸਮਰੱਥ ਵਿਦਵਾਨ ਜ਼ਰੂਰ ਹਨ। ਜਿਹੜੇ ਆਲੋਚਨਾਂ ਦੇ ਖੇਤਰ ਵਿਚ ਅਜਿਹੀਆਂ ਲੀਹਾਂ ਪਾ ਸਕਦੇ ਹਨ।

ਸੁਖਿੰਦਰ:ਅਖੀਰ ਵਿਚ ਤੁਹਾਨੂੰ ਮੈਂ ਪੁੱਛਣਾ ਚਾਹਾਂਗਾ ਕਿ ਮੌਜੂਦਾ ਦੌਰ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਸ਼ਾਇਰੀ ਵੱਲ ਤੁਹਾਡਾ ਕਿਹੋ ਜਿਹਾ ਨਜ਼ਰੀਆ ਹੈ। ਇਸ ਸਮੇਂ ਮੈਂ ਹਿੰਦੁਸਤਾਨ,ਪਾਕਿਸਤਾਨ,ਬਰਤਾਨੀਆ, ਕੈਨੇਡਾ ਜਾਂ ਹੋਰਨਾਂ ਦੇਸ਼ਾਂ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਬਾਰੇ ਵੀ ਤੁਹਾਡੇ ਵਿਚਾਰ ਜਾਨਣੇ ਚਾਹਾਂਗਾ ?

ਹਲਵਾਰਵੀ:ਸਮੁੱਚੇ ਤੌਰ ਉੱਤੇ,ਇਨ੍ਹਾਂ ਸੰਕਟ ਭਰਿਆਂ ਸਮਿਆਂ ਵਿਚ,ਪੰਜਾਬੀ ਸ਼ਾਇਰੀ ਨੇ ਆਪਣਾ ਸਾਹਿਤਕ ਫਰਜ਼ ਨਿਭਾਇਆ,ਨਿਭਾ ਰਹੀ ਹੈ। ਵਿਸ਼ੇ ਵਸਤੂ ਪੱਖੋਂ ਵੀ,ਵਿਚਾਰ ਸਮਗਰੀ ਪੱਖੋਂ ਵੀ,ਦ੍ਰਿਸ਼ਟੀਕੋਣ ਪੱਖੋਂ ਵੀ ਅਤੇ ਕਲਾ ਪੱਖੋਂ ਵੀ। ਇਹ ਠੀਕ ਹੈ ਕਿ ਗਿਣਤੀ ਦੇ ਨਾਮ ਹੀ ਸਾਡੇ ਕੋਲ ਹਨ। ਜਿਵੇਂ ਹਿੰਦੁਸਤਾਨ ਦੇ ਕੁਝ ਪੰਜਾਬੀ ਸ਼ਾਇਰਾਂ ਦੇ ਨਾਮ ਮੈਂ ਪਹਿਲਾਂ ਹੀ ਲੈ ਚੁੱਕਾ ਹਾਂ,ਉਹ ਮੜ ਦੁਹਰਾਉਣ ਦੀ ਲੋੜ ਨਹੀਂ। ਉਸਤੋਂ ਇਲਾਵਾ,ਮੈਂ ਸਮਝਦੈਂ ਕਿ ਜਿੱਥੋਂ ਤਕ ਕੈਨੇਡਾ ਦੀ ਸ਼ਾਇਰੀ ਦਾ ਸਬੰਧ ਹੈ ਤੁਹਾਡੇ ਤਿੰਨ ਸ਼ਾਇਰਾਂ ਨੂੰ ਇੱਥੇ ਪੰਜਾਬ ਵਿਚ ਸਭ ਤੋਂ ਵੱਧ ਮਕਬੂਲੀਅਤ ਹਾਸਿਲ ਹੈ। ਜ਼ਿਆਦਾ ਧਿਆਨ ਅਤੇ ਪਿਆਰ ਨਾਲ ਪੜ੍ਹੇ ਜਾਂਦੇ ਹੋ—ਤੁਸੀਂ। ਇਕਬਾਲ ਦਾ ਤੁਸੀਂ ਜ਼ਿਕਰ ਕੀਤਾ ਹੈ। ਸੁਰਿੰਦਰ ਧੰਜਲ ਹੈ,ਤੁਸੀਂ ਆਪ ਹੋ। ਕਿਉਂਕਿ ਜਿਹੜੀ ਸਮਾਜਿਕ ਅਤੇ ਸਭਿਆਚਾਰਕ ਚੇਤਨਾ ਹੈ ਉਸਦੇ ਮੁਤਾਬਿਕ ਤੁਸੀਂ ਲਿਖਦੇ ਹੋ—ਉਹਦੇ ਨਾਲ ਤੁਸੀਂ ਜੁੜੇ ਹੋਏ ਹੋ। ਪੰਜਾਬ ਤੋਂ ਏਨੀ ਦੂਰ ਰਹਿੰਦੇ ਹੋਏ ਵੀ ਤੁਸੀਂ ਪੰਜਾਬ ਦੀ ਮੌਜੂਦਾ ਸਥਿਤੀ ਨਾਲ ਜੁੜੇ ਹੋਏ ਹੋ। ਕੁਝ ਹੱਦ ਤੀਕ ਰਵਿੰਦਰ ਰਵੀ ਨੇ ਯਤਨ ਕੀਤੇ,ਦਰਸ਼ਨ ਗਿੱਲ ਨੇ ਵੀ ਕੀਤੇ। ਪਰ ਮੈਂ ਸਮਝਦੈਂ ਕਿ ਤੁਸੀਂ ਤਿੰਨ ਹੀ ਹੁਣ ਇਥੇ ਸਿਰਕੱਢ ਗਿਣੇ ਜਾਂਦੇ ਹੋ। ਜਿੱਥੋਂ ਤਕ ਇੰਗਲੈਂਡ ਦਾ ਸਬੰਧ ਹੈ। ਉੱਥੇ ਅਵਤਾਰ ਜੰਡਿਆਲਵੀ ਹੈ,ਜਿਹੜਾ ਅੱਜ ਕੱਲ੍ਹ ਸਿਰਫ ਅਵਤਾਰ ਦੇ ਨਾਮ ਨਾਲ ਲਿਖਦਾ ਹੈ। ਜਿਸਨੇ ਕਾਫੀ ਦੇਰ ਬਾਹਦ ਮੁੜ ਸ਼ਾਇਰੀ ਸ਼ੁਰੂ ਕੀਤੀ ਹੈ। ਜਗਤਾਰ ਢਾਅ ਹੈ,ਬਲਦੇਵ ਬਾਵਾ ਹੈ। ਮੁਸ਼ਤਾਕ ਸਿੰਘ ਹੈ,ਅਵਤਾਰ ਸਾਦਿਕ ਹੈ ਇਹ ਨਾਂ ਹਨ ਕੁਝ ਹੱਦ ਤੀਕ। ਕੁਝ ਹੋਰ ਵੀ ਸ਼ਾਇਰ ਹਨ ਜਿਹੜੇ ਰਚਨਾ ਕਰ ਰਹੇ ਹਨ। ਇੱਕ ਗੱਲ ਜ਼ਰੂਰ ਹੈ ਕਿ ਸਾਡੇ ਪੰਜਾਬ ਵਿਚ ਹੁਣ ਇਹ ਗੱਲ ਮੰਨ ਲਈ ਗਈ ਹੈ ਕਿ ਜਿਹੜੇ ਸਾਡੇ ਸ਼ਾਇਰ ਬਾਹਰ ਬੈਠੇ ਹਨ,ਬਦੇਸ਼ਾਂ ਵਿਚ,ਇੰਗਲੈਂਡ ਵਿਚ,ਕੈਨੇਡਾ ਵਿਚ ਜਾਂ ਅਮਰੀਕਾ ਵਿਚ—ਉਨ੍ਹਾਂ ਵੱਲ ਵੀ ਪੂਰਾ ਰੁਝਾਣ ਹੈ ਕਿ ਉਹ ਕੀ ਸੋਚਦੇ ਹਨ—ਕੀ ਲਿਖਦੇ ਹਨ। ਸਾਨੂੰ ਕਈ ਵਾਰੀ ਹੈਰਾਨੀ ਹੁੰਦੀ ਹੈ ਕਿ ਤੁਸੀਂ ਏਨੀ ਦੂਰ ਬੈਠੇ ਹੋਏ ਵੀ ਬਿਲਕੁਲ ਉਸੇ ਤਰ੍ਹਾਂ ਲਿਖ ਰਹੇ ਹੁੰਦੇ ਹੋ,ਜਿਸ ਤਰ੍ਹਾਂ ਕਿ ਅਸੀਂ ਇੱਥੇ ਬੈਠੇ ਹੋਏ ਲਿਖਦੇ ਹਾਂ,ਜਾਂ ਮਹਿਸੂਸ ਕਰਦੇ ਹਾਂ। ਔਰ ਇਸੇ ਤਰ੍ਹਾਂ ਨਵਾਂ ਮੁਹਾਵਰਾ ਸਿਰਜਣ ਵਿਚ ਰੁਚਿਤ ਹੋ। ਮੈਂ ਸਮਝਦਾ ਹਾਂ ਕਿ ਇਹ ਸਾਡੀ ਪੰਜਾਬੀ ਭਾਸ਼ਾ ਦੀ,ਪੰਜਾਬੀ ਸ਼ਾਇਰੀ ਦੀ ਸਮਰੱਥਾ ਦਾ ਵਧਣ ਦਾ ਹੀ ਇੱਕ ਚਿੰਨ੍ਹ ਹੈ ਅਤੇ ਇਹ ਸੁਆਗਤ ਯੋਗ ਹੈ। ਮੈਂ ਆਸ ਕਰਦਾ ਹਾਂ ਕਿ ਅਸੀਂ ਇਸ ਕਿਸਮ ਦੀ ਸ਼ਾਇਰੀ ਰਚਦੇ ਰਹਾਂਗੇ ਅਤੇ ਸ਼ਾਇਰੀ ਨੂੰ ਹੋਰ ਵੀ ਅੱਗੇ ਲਿਜਾਂਵਾਂਗੇ। ਸਾਡੀਆਂ ਨਜ਼ਮਾਂ ਜੇਕਰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪਣ ਜਿਵੇ ਕਿ ਹਿੰਦੀ ਵਿਚ ਕੁਝ ਅਨੁਵਾਦ ਹੋ ਕੇ ਇੱਥੇ ਮਕਬੂਲ ਹੋਈਆਂ ਹਨ। ਤਾਂ ਮੈਂ ਸਮਝਦੈਂ ਕਿ ਸੰਸਾਰ ਪੱਧਰ ਦੀ ਸ਼ਾਇਰੀ ਦੇ ਮੇਚ ਦੀਆਂ ਘੱਟ ਤੋਂ ਘੱਟ 50 ਜਾਂ 100 ਨਜ਼ਮਾਂ ਅਜਿਹੀਆਂ ਜ਼ਰੂਰ ਲੱਭੀਆਂ ਜਾ ਸਕਦੀਆਂ ਹਨ। ਤੁਹਾਨੂੰ ਬਾਹਰ ਬੈਠਿਆਂ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਤੁਸੀਂ ਅੱਛੀ ਪੰਜਾਬੀ ਸ਼ਾਇਰੀ ਨੂੰ ਜੇਕਰ ਘੱਟੋ ਘੱਟ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਅੰਤਰ ਰਾਸ਼ਟਰੀ ਜਾਣ-ਪਹਿਚਾਣ ਵਿਚ ਉਦਮ ਕਰੋ ਤਾਂ ਹੋਰ ਵੀ ਸੁਆਗਤ ਯੋਗ ਹੋਵੇਗਾ।

**(ਇਹ ਮੁਲਾਕਾਤ ਮਈ 1986 ਵਿਚ ਚੰਡੀਗੜ੍ਹ ਵਿਚ ਰੀਕਾਰਡ ਕੀਤੀ ਗਈ)**

* * *

ਪਤਨੀ ਨੇ (ਆਪਣੇ ਫੁੱਟਵਾਲ ਦੇ ਖਿਡਾਰੀ ਪਤੀ ਨੂੰ),"ਸੁੱਤਿਆਂ ਸੁੱਤਿਆਂ ਇੰਨੀਆਂ ਲੱਤਾਂ ਚਲਾਉਂਦੇ ਹੋ ਕਿ ਬੱਸ ਮੇਰੀ ਕਮਰ ਟੁੱਟ ਜਾਂਦੀ ਹੈ

ਪਤੀ,"ਹਾਂ-ਹਾਂ,ਕਿਉਂ ਨਹੀਂ। ਜਦੋਂ ਵੀ ਮੈਂ ਚੰਗਾ ਖੇਡਦਾ ਹਾਂ ਤੂੰ ਇਜ ਹੀ ਕਹਿੰਦੀ ਹੈਂ।"

* * *

* * *

"ਕੀ ਕਿਹਾ ? ਪਤਨੀ ਨੇ ਤੁਹਾਨੂੰ ਚੁੱਕ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਤੁਸੀਂ ਕੁਝ ਨਾ ਕਰ ਸਕੇ

"ਕੀ ਕਰਦਾ ? ਉਹ ਕੁਸ਼ਤੀ ਚੈਂਪੀਅਨ ਹੈ ਅਤੇ ਮੈਂ ਅੱਜ ਤਕ ਅਖਾੜੇ ਵਿਚ ਪੈਰ ਨਹੀਂ ਰੱਖਿਆ।"

* * *


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars



Bhupinder(Bob) Sihota

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5






# ਗੁਰਸਿੱਖੀ ਤੇ ਰਹਿਤ ਮਰਿਯਾਦਾ

**ਮੇਹਰ ਸਿੰਘ ਸੰਧੂ ਵੈਨਕੋਵਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਅਮੋਲਕ ਰਤਨਾਂ ਦਾ ਖਜ਼ਾਨਾ ਹੈ। ਇਸ ਰਚਨਾ ਦਾ ਮੁੱਖ ਮੰਤਵ ਕੇਵਲ ਗੋਬਿੰਦ ਮਿਲਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਹਰਮੁਖੀ ਕਰਮਾਂ ਧਰਮਾਂ ਦਾ ਖੰਡਨ ਅਸੂਲ ਉੱਤੇ ਆਧਾਰਤ ਸੀ। ਹਿੰਦੂਆਂ,ਮੁਸਲਮਾਨਾਂ ਦੀਆਂ ਰਹੁਰੀਤੀਆਂ,ਸ਼ਰਾਸ਼ਰੀਅਤ ਦੀ ਥਾਂ ਆਪਣੀ ਨਵੀਂ ਤੇ ਵੱਖਰੀ ਰਹਿਤ ਮਰਿਯਾਦਾ ਦਾ ਗੋਬਿੰਦ ਮਿਲਣ ਲਈ ਕਾਇਮ ਕਰਨਾ,ਗੁਰੂ ਸਾਹਿਬ ਦਾ ਮੰਤਵ ਨਹੀਂ ਸੀ ਹੋ ਸਕਦਾ। ਅਜਿਹਾ ਕਹਿਣਾ ਗੁਰੂ ਸਾਹਬ ਦੀ ਵਡਿਆਈ ਨਹੀਂ। ਹਰ ਮਜ਼ਹਬ ਵਿਚ ਸਮਾਂ ਪਾ ਕੇ ਲੋਕ ਅੰਤ੍ਰੀਵ ਧਰਮ ਤੋਂ ਦੂਰ ਹੁੰਦੇ ਜਾਂਦੇ ਤੇ ਬਾਹਰਲੇ ਦਿਖਾਵਿਆਂ,ਲੋਕਾਚਾਰ ਆਦਿ ਨੂੰ ਹੀ ਪ੍ਰਾਪਤੀ ਦਾ ਸਾਧਨ ਮੰਨਣ ਲੱਗ ਪੈਂਦੇ ਹਨ। ਗੁਰੂ ਸਾਹਿਬ ਨੇ ਦੋ ਸੌ ਸਾਲ ਦੀ ਅੱਥਕ ਮਿਹਨਤ ਨਾਲ ਜਿਨ੍ਹਾਂ ਭਰਮ ਜਾਲਾਂ ਵਿਚੋਂ ਸਾਨੂੰ ਕੱਢਿਆ ਸੀ,ਅੱਜ ਅਸੀਂ ਉਨ੍ਹਾਂ ਵਿਚ ਹੀ ਪੈ ਕੇ ਆਪਣੀ ਹਾਲਤ ਉਸ ਸਮੇਂ ਦੇ ਹਿੰਦੂ ਮੁਸਲਮਾਨਾਂ ਵਰਗੀ ਬਣਾ ਰਹੇ ਹਾਂ।

ਨਾ ਹਮ ਹਿੰਦੂ ਨਾ ਮੁਸਲਮਾਨ (1136)
ਤੇ ਹਿੰਦੂ ਅਨਾ ਤੁਰਕੁ ਕਾਣਾ (875)

ਵਿਚ ਉਨ੍ਹਾਂ ਭਰਮ ਭੁਲੇਖਿਆਂ,ਵਹਿਮਾਂ ਵਲ ਇਸ਼ਾਰਾ ਹੈ,ਜਿਸ ਵਿਚ ਗਰੱਸੇ ਲੋਕੀਂ ਆਪਣੇ ਆਪ ਨੂੰ ਹਿੰਦੂ,ਮੁਸਲਮਾਨ ਸਮਝ ਰਹੇ ਸਨ। ਗੁਰਮਤਿ ਹਿੰਦੂ ਨੂੰ ਅਸਲ ਹਿੰਦੂਆਂ ਵਾਲੇ ਤੇ ਮੁਸਲਮਾਨ ਨੂੰ ਅਸਲ ਮੁਸਲਮਾਨਾਂ ਵਾਲੇ ਕਰਮ ਕਰਨ ਦੀ ਸਿਖਿਆ ਦਿੰਦੀ ਹੈ। ਜੇ ਪੇਟ ਵਿਚ ਦਰਦ ਹੋਵੇ ਤਾਂ ਜਵੈਣ ਖਾਣ ਨਾਲ ਆਰਾਮ ਹੁੰਦਾ ਹੈ। ਇਹ ਨਹੀਂ ਕਿ ਹਿੰਦੂ ਖਾਏ ਤਾਂ ਆਰਾਮ ਹੋਵੇਗਾ ਤੇ ਮੁਸਲਮਾਨ ਖਾਵੇ ਤਾਂ ਨਹੀਂ। ਦਵਾਈ ਦਾ ਅਸਰ ਉਹ ਹੀ ਹੈ,ਭਾਵੇਂ ਉਸ ਨੂੰ ਕਾਲੇ ਰੰਗ ਵਾਲਾ ਖਾਏ ਜਾਂ ਗੋਰੇ ਰੰਗ ਵਾਲਾ। ਨਾਮ ਦੀ ਕਮਾਈ ਦਾ ਫਲ ਉੱਚੀ ਜਾਤੀ ਵਾਲੇ ਲਈ ਵੀ ਉਹ ਹੀ ਅਤੇ ਨੀਵੀਂ ਜਾਤੀ ਵਾਲੇ ਲਈ ਵੀ ਉਹ ਹੀ।

ਗੁਰਸਿੱਖੀ,ਹਰੀ ਦੀ ਪ੍ਰੇਮਾ ਭਗਤੀ ਜਾਂ ਖੁਦਾ ਦੀ ਬੰਦਗੀ ਦਾ ਦੂਜਾ ਨਾਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਖੀ ਹੈ ਕਿ ਜੋ ਕੋਈ ਵੀ ਇਸ ਰਸਤੇ ਚਲੇਗਾ ਉਸਦਾ ਪਾਰ ਉਤਾਰਾ ਹੋਵੇਗਾ:

ਗਾਵਤ ਸੁਨਤ ਜਪਤ ਉਧਾਰੈ
ਬਰਨ ਅਬਰਨਾ ਸਭਹੂ (529)

ਅਲਹ ਦੀ ਇਬਾਦਤ,ਨਾਮ ਦੀ ਕਮਾਈ,ਹਰ ਮਨੁੱਖ ਦਾ ਜਮਾਂਦਰੂ ਹੱਕ ਹੈ। ਇਹ ਕਿਸੇ ਖਾਸ ਮਜ਼ਹਬ ਜਾਂ ਕੌਮ ਦੇ ਹਿੱਸੇ ਨਹੀਂ ਆਈ। ਹਰੇਕ ਆਦਮੀ ਇਸ ਮਾਰਗ ਨੂੰ ਅਪਣਾ ਕੇ ਧਰਮੀ ਸਿੱਖ ਅਖਵਾਣ ਦਾ ਅਧਿਕਾਰੀ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਅਨੁਸਾਰ ਲਾਜ਼ਮੀ ਸ਼ਰਤ ਨਾਮ ਹੈ। ਨਾਮ ਤੋਂ ਉਪਰੰਤ ਕਿਸੇ ਹੋਰ ਖਾਸ ਰਹਿਤ ਮਰਿਯਾਦਾ,ਰਹੁ ਰੀਤੀ ਜਾਂ ਸ਼ਰਾ ਸ਼ਰੀਅਤ ਦੀ ਪਾਬੰਦੀ ਜ਼ਰੂਰੀ ਨਹੀਂ ਦੱਸੀ ਗਈ। ਗੁਰੂ ਘਰ ਵਿਚ ਸਾਰੇ ਮਜ਼ਹਬ ਪ੍ਰਵਾਣ ਹਨ,ਜਿਸ ਵਿਚ ਕੋਈ ਹੈ ਉਸ ਲਈ ਉਹ ਹੀ ਠੀਕ ਹੈ।

ਜਿਹੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ। (853)

ਜੇ ਖਾਲੀ ਕਕਾਰ ਧਾਰਨ ਕਰਕੇ,ਜਾਂ ਬਾਕੀ ਰਹਿਤ ਮਰਿਯਾਦਾ ਦੇ ਪਾਲਣ ਕਰਨ ਨਾਲ ਸਿੱਖ ਬਣ ਸਕੀਦਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਇਹ ਫੁਰਮਾਨ ਨਾ ਹੁੰਦੇ ?

ਗੁਰਸਿੱਖ ਦਾ ਮਨੋਰਥ ਗੋਬਿੰਦ ਮਿਲਣ ਹੈ।

ਲੋੜ ਨਿਰੋਲ ਹਰੀ ਸਿਮਰਨ ਦੀ ਹੈ,ਕੋਈ ਬਾਹਰਲਾ ਵੇਸ ਪਹਿਰਾਵਾ ਚਿੰਨ੍ਹ ਆਦਿ ਦਰਕਾਰ ਨਹੀਂ,ਸਗੋਂ ਉਨ੍ਹਾਂ ਵਿਚ ਰਚਿਆਂ ਬੰਧਨ ਹੀ ਪੈਣਗੇ—

ਰੇ ਮਨ ਬਿਨ ਹਰਿ ਜਤ ਰਚਹ ਤਹ ਬੰਧਨ ਪਾਹਿ। (252)

ਨਾਮ ਤੋਂ ਬਿਨਾਂ ਸਾਰੇ ਵੇਸ ਪਹਿਰਾਵੇ ਮਿਰਤਕ ਨੂੰ ਸ਼ਿੰਗਾਰਣ ਦੇ ਤੁਲ ਦੱਸੇ ਹਨ। ਦੱਸਿਆ ਹੈ—

ਨਾਮ ਬਿਨਾ ਜੇਤਾ ਬਿਉਹਾਰ।
ਜਿਉ ਮਿਰਤਕ ਮਿਥਿਆ ਸੀਗਾਰ। (240)

ਲੱਖ ਧਾਰਮਿਕ ਪਹਿਰਾਵੇ,ਵੇਸ,ਚਿੰਨ੍ਹ ਆਦਿ ਕੀਤਿਆਂ ਵੀ ਕਾਰਜ ਸਿੱਧ ਨਹੀਂ ਹੁੰਦਾ—

ਲੱਖ ਸੀਗਾਰ ਬਣਾਇਆਂ ਕਾਰਜ ਨਾਹੀਂ ਕੇਤੁ। (134)

ਜਿਨ੍ਹਾਂ ਨੂੰ ਅਸੀਂ ਧਰਮ ਕਾਰਜ ਸਮਝੀ ਬੈਠੇ ਹਾਂ ਗੁਰੂ ਉਨ੍ਹਾਂ ਨੂੰ ਫੋਕਟ ਕਰਮ ਕਹਿੰਦਾ ਹੈ—

ਨਾਮ ਬਿਨਾਂ ਫੋਕਟ ਸਭ ਕਰਮਾਂ
ਜਿਉਂ ਬਾਜ਼ੀ ਭਰਮਿ ਭੁਲੇ। (1343)

ਜੇ ਅਸੀਂ ਸੋਚੀਏ ਕਿ ਧਰਮ ਦਾ ਨਾਂ ਲੈ ਕੇ ਪੈਸੇ ਖਰਚਣ,ਦਾਨ ਦੇਣ ਜਾਂ ਵੱਡੇ ਲੋਕਾਂ ਦੀ ਖੁਸ਼ੀ ਜਿੱਤਣ ਨਾਲ ਅਸੀਂ ਧਾਰਮਿਕ ਹੋ ਗਏ ਤਾਂ ਸਾਡੀ ਅਕਲ ਥੋਥੀ ਹੈ,ਅਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ।

ਲੱਖ ਰਹਿਤ ਮਰਿਯਾਦਾ,ਸ਼ਰਾ ਸ਼ਰੀਅਤ,ਦਾਨ,ਪੁੰਨ ਦਾ ਪਾਲਣ ਕਰ ਲਵੋ,ਪਰ—

ਹਰਿ ਬਿਨ ਮੁਕਤਿ ਨ ਕਾਹੂ ਜੀਉ। (678)

ਇਹ ਸਮਝਣਾ ਕਿ ਕੇਵਲ ਸ਼ਰਾ ਸ਼ਰੀਅਤ ਦੇ ਆਸਰੇ ਪਾਰ ਉਤਾਰਾ ਹੋ ਸਕਦਾ ਹੈ,ਭਰਮ ਭੁਲੇਖਾ ਹੈ—

ਵਿਣੁ ਨਾਵੈ ਵੇਕਾਰਿ ਭਰਮੇ ਪਚੀਐ। (142)

ਸਿਰਫ ਨਾਮ ਹੀ ਇਕ ਸਾਧਨ ਹੈ ਜਿਸ ਨਾਲ ਪ੍ਰਾਪਤੀ ਹੋ ਸਕਦੀ ਹੈ। ਸਾਰੇ ਕਰਮਾਂ ਦਾ ਤੱਤ ਨਾਮ ਵਿਚ ਆ ਜਾਂਦਾ ਹੈ—

ਕਰਮ ਧਰਮ ਤਤੁ ਨਾਮ ਅਰਾਧੁ। (260)
ਕਰਮ ਧਰਮ ਸਚੁ ਸਚਾ ਨਾਉ। (353)

ਗੋਬਿੰਦ ਮਿਲਣ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਧੂਪ ਧੁਖਾਇਆਂ ਹੋ ਸਕਦਾ ਹੈ,ਨਾ ਚੌਰ ਕੀਤਿਆਂ,ਨਾ ਮਖਮਲੀ ਚੋਦੋਏ ਟੰਗਿਆਂ,ਨਾ ਸੁੰਦਰ ਰੇਸ਼ਮੀ ਰੁਮਾਲਿਆਂ ਨਾਲ,ਨਾ ਕੜਾਹ ਪ੍ਰਸ਼ਾਦ ਵਿਚ ਕ੍ਰਿਪਾਨਾਂ ਫੇਰਿਆਂ,ਨਾ ਧੌਂਸੇ ਕੁਟਿਆਂ,ਨਾ ਰਾਗੀ ਜੱਥਿਆਂ ਨੂੰ ਕੀਰਤਨ ਭੇਟ ਡਾਲਰ ਦੇ ਕੇ ਸੰਗਤ ਵਿਚ ਨਾਮ ਸੁਣਾਇਆਂ,ਨਾ ਗ੍ਰੰਥੀਆਂ ਪਾਠੀਆਂ ਪਾਸੋਂ ਅਖੰਡ ਪਾਠ ਕਰਵਾਇਆਂ,ਨਾ ਤੀਰਥ ਯਾਤਰਾ ਦੀ ਭਾਵਨਾ ਨਾਲ ਹੇਮ ਕੁੰਡ ਦੀ ਯਾਤਰਾ ਕੀਤਿਆਂ।

ਮਹੱਲਾ ਪੰਜ ਦਾ ਫੁਰਮਾਨ ਹੈ—
ਨਾ ਤੂ ਆਵਹਿ ਵਸਿ ਬੇਦ ਪੜਾਵਣੇ
ਨਾ ਤੂ ਆਵਹਿ ਵਸਿ ਤੀਰਥ ਨਾਈਆਂ
ਨਾ ਤੂ ਆਵਹਿ ਵਸਿ ਕਿ ਤੈ ਸਿਆਣਪੇ
ਨਾ ਤੂ ਆਵਹਿ ਵਸਿ ਬਹੁਤਾ ਦਾਨ ਦੇ (962)

ਗੁਰੂ ਸਪਸ਼ਟ ਕਰਕੇ ਦੱਸ ਰਿਹਾ ਹੈ ਪਾਰ ਉਤਾਰਾ ਨਿਰੋਲ ਨਾਮ ਨਾਲ ਹੀ ਹੋਣਾ ਹੈ,ਹੋਰ ਅਜਿਹੀਆਂ ਸਿਆਣਪਾਂ ਛੱਡ—

ਅਵਰ ਸਿਆਣਪ ਛਾਡਿ ਦੇਹਿ
ਨਾਨਕ ਉਤਰਸਿ ਨਾਇ। (962)

ਜੇ ਕੋਈ ਮੁਸਲਮਾਨ ਜਿਸ ਨੇ ਸੁੰਨਤ ਕਰਵਾਈ ਹੋਵੇ ਤੇ ਬਾਕੀ ਸ਼ਰਾ-ਸ਼ਰੀਅਤ ਦਾ ਵੀ ਪੂਰਾ ਪੂਰਾ ਪਾਬੰਦ ਹੋਵੇ,ਜੇ ਕੋਈ ਹਿੰਦੂ ਜਿਸ ਦੇ ਗਲ ਜੰਞੂ ਤੇੜ ਧੋਤੀ ਤੇ ਮੱਥੇ ਉੱਤੇ ਟਿੱਕਾ ਹੋਵੇ,ਜੇ ਕੋਈ ਸਿੱਖ ਜੋ ਪੰਜ ਕਕਾਰਾਂ ਦਾ ਧਾਰਨੀ ਹੋਵੇ,ਜਿਸ ਦੇ ਗਲ ਵਿਚ ਪੱਲਾ,ਹੱਥ ਵਿਚ ਵੱਡੀ ਕ੍ਰਿਪਾਨ,ਦੂਹਰਾ ਦਸਤਾਰ ਤੇ ਖੁੱਲ੍ਹਾ ਦਾੜ੍ਹਾ ਹੋਵੇ,ਪਰ ਜੇ ਅਜਿਹੇ ਮਨੁੱਖ ਦੇ ਅੰਦਰ ਅਲਹ ਦੀ ਇਬਾਦਤ,ਹਰੀ ਭਜਨ,ਨਾਮ ਦੀ ਕਮਾਈ ਨਹੀਂ ਤਾਂ ਉਹ—

ਕੀੜੀ ਤੁਲ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ (5)
ਮੂਰਖਾ ਸਿਰਿ ਮੂਰਖ ਹੈ ਜੇ ਮੰਨੇ ਨਾਹੀ ਨਾਉ। (1015)

ਬਾਬੇ ਨਾਨਕ ਨੇ ਹਿੰਦੂਆਂ ਨੇ ਗੁਰੂ ਤੇ ਮੁਸਲਮਾਨਾਂ ਨੇ ਪੀਰ ਕਹਿ ਕੇ ਸਤਿਕਾਰਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੀ ਬਾਣੀ ਹਿੰਦੂਆਂ,ਮੁਸਲਮਾਨਾਂ ਦੇ ਪਰਥਾਇ ਉਚਾਰੀ ਹੋਈ ਹੈ। ਇਸਦਾ ਭਾਵ ਇਹ ਨਹੀਂ ਕਿ ਜੋ ਉਪਦੇਸ਼ ਮੁਸਲਮਾਨਾਂ ਪਰਥਾਇ ਹਨ,ਉਹ ਹਿੰਦੂਆਂ ਉੱਤੇ ਨਹੀਂ ਘਟਦੇ ਜਾਂ ਜੋ ਸਿਖਿਆ ਹਿੰਦੂਆਂ ਨੂੰ ਹੈ ਉਸ ਨਾਲ ਮੁਸਲਮਾਨਾਂ ਨੂੰ ਮਤਲਬ ਨਹੀਂ।

ਜਦੋਂ ਕਦੀ ਵੀ ਮਹਾਂ ਪੁਰਸ਼ ਕਿਸੇ ਖਾਸ ਮੌਕੇ ਜਾਂ ਕਿਸੇ ਮਨੁੱਖ ਪਰਥਾਏ ਉਪਦੇਸ਼ ਕਰਦੇ ਹਨ ਤਾਂ ਉਹ ਸਾਰੇ ਜਹਾਨ ਤੇ ਅਤੇ ਸਦਾ ਲਈ ਹੁੰਦੇ ਹਨ:

ਪਰਥਾਇ ਸਾਖੀ ਮਹਾਂ ਪੁਰਸ਼ ਬੋਲਦੇ
ਸਾਂਝੀ ਸਗਲ ਜਹਾਨੈ। (647)

ਨੋਟ:-ਗੁਰਬਾਣੀ ਦੀਆਂ ਤੁਕਾਂ ਦੇ ਅੰਤ ਉੱਤੇ ਬਰੈਕਟਾਂ ਵਿਚ ਜੋ ਅੰਕ ਦਿੱਤੇ ਹਨ ਉਹ ਗੁਰੂ ਗ੍ਰੰਥ ਦੀ ਬੀੜ ਦੇ ਪੰਨੇ ਹਨ।



Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



MALKIT PARMAR

ROYAL LePAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



Bus: (604) 590-1321 Res: 589-2650

8699 - 120th St., North Delta, B.C.

# ਕਿੱਥੇ ਗਿਆ ਤਿੰਨ ਭਾਸ਼ਾ ਫਾਰਮੂਲਾ ?

ਪਿਆਰਾ ਸਿੰਘ ਭੋਗਲ

ਹੁਣੇ ਹੁਣੇ ਤਾਮਿਲਨਾਡੂ ਵਿਚ ਹਿੰਦੀ-ਵਿਰੋਧੀ ਅੰਦੋਲਨ ਹੋਇਆ। ਉੱਤਰੀ ਭਾਰਤ ਦੇ ਹਿੰਦੀ-ਪ੍ਰੇਮੀਆਂ ਨੂੰ ਹਿੰਦੀ ਨੂੰ ਵਧਾਉਣ-ਫਲਾਉਣ ਦੀ ਚਿੰਤਾ ਹੋ ਰਹੀ ਹੈ।

## ਅਜੀਬ ਹਾਲਤ

ਉਂਜ ਅਜੀਬ ਹਾਲਤ ਇਹ ਹੈ ਕਿ ਜਿਹੜੇ ਨੇਤਾ ਤੇ ਪੱਤਰਕਾਰ ਕਿਸੇ ਭਾਸ਼ਾ ਦੇ ਹੱਕ ਜਾਂ ਵਿਰੋਧ ਵਿਚ ਬਹੁਤੀ ਦੁਹਾਈ ਦਿੰਦੇ ਹਨ, ਉਹ ਨਾ ਆਪਣੀ ਭਾਸ਼ਾ ਦਾ ਸਾਹਿਤ ਪੜ੍ਹਦੇ ਹਨ ਤੇ ਨਾ ਕਿਸੇ ਹੋਰ ਭਾਸ਼ਾ ਦਾ। ਜੇ ਸਾਹਿਤ ਪੜ੍ਹਦੇ ਹੋਣ, ਤਾਂ ਉਨ੍ਹਾਂ ਦਾ ਵਤੀਰਾ ਆਪਣੀ ਭਾਸ਼ਾ ਬਾਰੇ ਦੂਜਿਆਂ ਦੇ ਦਿਲ ਜਿੱਤਣ ਵਾਲਾ ਹੋਵੇ ਤੇ ਦੂਜੀ ਭਾਸ਼ਾ ਬਾਰੇ ਸ਼ਹਿਨਸ਼ੀਲਤਾ ਵਾਲਾ। ਪੰਜਾਬ ਵਿਚ ਕੁਝ ਵੱਡੇ ਸ਼ਹਿਰਾਂ ਵਿਚ ਧਰਮ ਦੇ ਆਧਾਰ ਉਤੇ, ਪੰਜਾਬੀ ਅਤੇ ਹਿੰਦੀ ਲਈ ਬਹੁਤਾ ਹੇਜ ਦਿਖਾਉਣ ਵਾਲੇ ਹਿੰਦੂ ਵੀ ਤੇ ਸਿੱਖ ਵੀ ਸਾਹਿਤ ਵਲੋਂ ਬਿਲਕੁਲ ਅਣਭਿੱਜ ਹਨ। ਜਦੋਂ ਪ੍ਰੋ.ਮੋਹਨ ਸਿੰਘ ਨੂੰ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲਿਆ ਸੀ ਤਾਂ ਉਹ ਕਈ ਸਾਲਾਂ ਤੋਂ ਜਲੰਧਰ ਵਿਚ ਰਹਿ ਰਹੇ ਸਨ। ਜਲੰਧਰ ਦੇ ਲੇਖਕਾਂ ਨੇ ਉਨ੍ਹਾਂ ਦੇ ਸਨਮਾਨ ਵਿਚ ਸਮਾਗਮ ਕੀਤਾ। ਰਾਜਨੀਤਕ ਪਾਰਟੀਆਂ ਦੇ ਨੇਤਾ ਅਤੇ ਪੱਤਰਕਾਰ ਵੀ ਬੁਲਾਏ ਗਏ ਤਾਂ ਕਿ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਨਾਲ ਪ੍ਰੀਚਿਤ ਲੋਕਾਂ ਦਾ ਘੇਰਾ ਵੱਡਾ ਕੀਤਾ ਜਾਏ। ਨਤੀਜਾ ਬੜਾ ਹਾਸੋਹੀਣਾ ਸੀ। ਜਲੰਧਰ ਦੇ ਇਕ ਬਜ਼ੁਰਗ ਪੱਤਰਕਾਰ, ਜੋ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਮੰਤਰੀ ਰਹਿ ਚੁੱਕੇ ਸਨ, ਤਕਰੀਰ ਕਰਦੇ ਹੋਏ ਬੋਲੇ,-"ਲਾਹੌਰ ਮੇਂ ਏਕ ਡਾਕਟਰ ਮੋਹਨ ਸਿੰਘ ਦੀਵਾਨਾ ਕਾ ਨਾਮ ਸੁਨਾ ਥਾ। ਆਜ ਯਹਾਂ ਆਕਰ ਪਤਾ ਲਗਾ, ਯੇਹ ਮੋਹਨ ਸਿੰਘ ਔਰ ਹੈ।" ਇਹ ਬਜ਼ੁਰਗ ਨੇਤਾ ਸਾਰੀ ਉਮਰ ਹਿੰਦੀ ਭਾਸ਼ਾ ਦੇ ਬਹੁਤ ਵੱਡੇ ਮੁਦਈ ਰਹੇ। ਸਾਨੂੰ ਪਤਾ ਹੈ, ਇਨ੍ਹਾਂ ਨੂੰ ਹਿੰਦੀ ਸਾਹਿਤ ਦਾ ਵੀ ਕੋਈ ਗਿਆਨ ਨਹੀਂ ਸੀ।

ਇਕ ਹੋਰ ਮਿਸਾਲ ਯਾਦ ਆ ਰਹੀ ਹੈ। ਜਦੋਂ 1977 ਵਿਚ ਕੇਂਦਰ ਵਿਚ ਜਨਤਾ ਪਾਰਟੀ ਅਤੇ ਪੰਜਾਬ ਵਿਚ ਅਕਾਲੀ ਪਾਰਟੀ ਚੋਣਾਂ ਜਿੱਤ ਗਈ ਤੇ ਸ.ਪ੍ਰਕਾਸ਼ ਸਿੰਘ ਬਾਦਲ ਅਕਾਲੀ ਮੁਖ ਮੰਤਰੀ ਬਣੇ ਤਾਂ ਉਨ੍ਹਾਂ ਸ੍ਰੀ ਕੁਲਦੀਪ ਨੱਯਰ ਦੀ ਸਲਾਹ ਉੱਤੇ ਕਹਾਣੀਕਾਰ ਸ.ਕੁਲਵੰਤ ਸਿੰਘ ਵਿਰਕ ਨੂੰ ਪ੍ਰੈਸ ਸਕੱਤਰ ਬਣਾਉਣ ਦਾ ਫੈਸਲਾ ਕੀਤਾ। ਪਰ ਸ.ਬਾਦਲ ਨੂੰ ਇਹ ਪਤਾ ਨਹੀਂ ਸੀ ਕਿ ਕੁਲਵੰਤ ਸਿੰਘ ਵਿਰਕ ਕੌਣ ਹੈ? ਜ਼ਿਲਾ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਰਾਹੀਂ ਸ.ਵਿਰਕ ਦੀ ਤਲਾਸ਼ ਕੀਤੀ ਗਈ। ਪਹਿਲਾਂ ਰਹਿ ਚੁੱਕੇ ਡਿਪਟੀ ਕਮਿਸ਼ਨਰ ਕ.ਸ.ਵਿਰਕ ਦੀ ਹੀ ਤਲਾਸ਼ ਹੁੰਦੀ ਰਹੀ। ਪਿਛੋਂ ਲੱਭਣ ਵਾਲਿਆਂ ਨੂੰ ਗਿਆਨ ਹੋਇਆ ਪਈ ਇਕ ਵਿਰਕ ਹੋਰ ਵੀ ਹੈ। ਇਹ ਕਹਿਣ ਦੀ ਕੋਈ ਲੋੜ ਨਹੀਂ ਕਿ ਸ.ਬਾਦਲ ਪੰਜਾਬੀ ਬੋਲੀ ਅਤੇ ਪੰਜਾਬੀ ਸੂਬੇ ਦੇ ਵੱਡੇ ਮੁਦਈਆਂ ਵਿਚੋਂ ਇਕ ਹਨ।

ਭਾਰਤ ਬਹੁ-ਭਾਸ਼ੀ ਦੇਸ਼ ਹੈ। ਇਹ ਭਾਸ਼ਾਵਾਂ ਮੁੱਖ ਤੌਰ 'ਤੇ ਦੋ ਭਾਸ਼ਾ-ਪਰਿਵਾਰਾਂ ਦੀਆਂ ਹਨ। ਉੱਤਰੀ ਭਾਰਤ ਦੀਆਂ ਭਾਸ਼ਾਵਾਂ ਕਸ਼ਮੀਰੀ, ਸਿੰਧੀ, ਪੰਜਾਬੀ, ਮਰਾਠੀ, ਗੁਜਰਾਤੀ, ਹਿੰਦੀ, ਬੰਗਲਾ, ਆਸਾਮੀ ਉੜੀਆ ਵੈਦਿਕ-ਆਰੀਆ ਭਾਸ਼ਾ ਪਰਿਵਾਰ ਦੀਆਂ ਬੋਲੀਆਂ ਹਨ। ਦੱਖਣ ਭਾਰਤ ਦੀਆਂ ਚਾਰੇ ਮੁਖੀ ਭਾਸ਼ਾਵਾਂ ਤਾਮਿਲ, ਤੇਲਗੂ, ਕੰਨੜ ਅਤੇ ਮਲਿਆਲਮ ਅਲੱਗ ਪਰਿਵਾਰ (ਦਰਾਵੜ ਭਾਸ਼ਾ ਪਰਿਵਾਰ) ਦੀਆਂ ਬੋਲੀਆਂ ਹਨ। ਮੱਧ ਕਾਲ ਵਿਚ ਉਤਰੀ ਭਾਰਤ ਦੀਆਂ ਭਾਸ਼ਾਵਾਂ ਦੀ ਸਹਿਹੋਂਦ ਕਿੰਨੀ ਜ਼ਿਆਦਾ ਸੀ, ਇਸ ਦਾ ਪਤਾ ਇਸ ਗੱਲ ਤੋਂ ਲਗਦਾ ਸੀ ਕਿ ਭਗਤੀ ਲਹਿਰ ਦੇ ਕਵੀ ਦੂਜੇ ਸੂਬਿਆਂ ਵਿਚ ਆਉਂਦੇ ਜਾਂਦੇ ਸਨ (ਮਹਾਂਰਾਸ਼ਟਰ ਦੇ ਭਗਤ ਨਾਮਦੇਵ ਦੇ ਪੰਜਾਬ ਆਉਣ ਅਤੇ ਮਰਾਠੀ ਤੋਂ ਬਿਨਾਂ ਸੰਤ ਭਾਸ਼ਾ ਵਿਜ ਸਾਹਿਤ ਲਿਖਣ ਦੀ ਪਰੰਪਰਾ ਬਹੁਤ ਪ੍ਰਚਲਤ ਹੈ।) ਭਾਸ਼ਾਵਾਂ ਦੀ ਸਹਿਹੋਂਦ ਦਾ ਹੀ ਹਿਕ ਹੋਰ ਬਹੁਤ ਉੱਤਮ ਪ੍ਰਮਾਣ ਗੁਰੂ ਨਾਨਕ ਦੇਵ ਦਾ ਸਾਰੇ ਭਾਰਤ ਦੀ ਪਹਿਲੀ ਉਦਾਸੀ ਕਰਦਿਆਂ ਹਿੰਦੀ ਵਿਚ ਲਿਖਣ ਵਾਲੇ ਕਵੀਆਂ ਭਗਤ ਕਬੀਰ ਤੇ ਭਗਤ ਰਵੀਦਾਸ (ਇਹ ਦੋਵੇਂ ਬਨਾਰਸ ਦੇ ਰਹਿਣ ਵਾਲੇ ਸਨ) ਦੀ ਬਾਣੀ ਲਿਖ ਕੇ ਲਿਆਉਣਾ ਤੇ ਪਿੱਛੋਂ ਗੁਰੂ ਅਰਜਨ ਦੇਵ ਦਾ ਇਹ ਬਾਣੀ "ਆਦਿ ਗ੍ਰੰਥ" ਵਿਚ ਸੰਕਲਪ ਕਰਨਾ ਹੈ। ਦੱਖਣ ਭਾਰਤ ਦੀਆਂ ਭਾਸ਼ਾਵਾਂ ਦਾ ਸਾਹਿਤ ਇਉਂ ਉੱਤਰੀ ਭਾਰਤ ਰਾਹੀਂ ਪਹੁੰਚਿਆ, ਕਿਉਂਕਿ ਉਨ੍ਹਾਂ ਭਾਸ਼ਾਵਾਂ ਦਾ ਅਲੱਗ ਪਰਿਵਾਰ ਹੋਣ ਕਰਕੇ ਉਨ੍ਹਾਂ ਦੇ ਸਾਹਿਤ ਉੱਤਰ ਭਾਰਤ ਦੇ ਪਾਠਕਾਂ ਨੂੰ ਆਸਾਨੀ ਨਾਲ ਸਮਝ ਨਹੀਂ ਆਉਂਦਾ। ਤਾਂ ਵੀ ਉਤਰ ਅਤੇ ਦੱਖਣ ਦਾ ਮੇਲਜੋਲ ਰਿਹਾ। ਗੁਰੂ ਨਾਨਕ ਸਿਰਫ ਉੱਤਰ ਵਿਚ ਨਹੀਂ ਗਏ, ਦੱਖਣੀ ਭਾਰਤ ਵਿਚ ਵੀ ਗਏ। ਗੁਰੂ ਨਾਨਕ ਤੋਂ ਪਹਿਲਾਂ ਭਾਰਤ ਦੇ ਮਹਾਨ ਫਿਲਾਸਫਰ ਸ਼ੰਕਰਾਚਾਰੀਆ ਕੇਰਲਾ ਵਿਚ ਜੰਮੇ ਪਲੇ ਪਰ ਰਹੇ ਆ ਕੇ ਬਨਾਰਸ ਵਿਚ। ਉਨ੍ਹਾਂ ਆਪਣਾ "ਅਦਵੈਤਵਾਦ" ਦਾ ਪ੍ਰਸਿੱਧ ਮੱਤ ਵੀ ਉਤਰ ਵਿਚ ਆ ਕੇ ਪੇਸ਼ ਕੀਤਾ। "ਬ੍ਰਹਮ ਇਕ ਹੈ" ਦਾ ਉਨ੍ਹਾਂ ਦਾ ਇਹ ਮੱਤ ਪਿਛੋਂ "ਭਗਤੀ ਲਹਿਰ" ਅਤੇ "ਗੁਰਮੱਤ ਲਹਿਰ" ਨੇ ਅਪਣਾਇਆ, ਭਾਵੇਂ ਗੁਰੂ ਸਾਹਿਬ ਨੇ ਇਸਨੂੰ ਸਮਕਾਲੀ ਸਮਾਜਕ ਯਥਾਰਥ ਨਾਲ ਜੋੜ ਕੇ ਮਨੁੱਖ-ਮਾਤਰ ਲਈ ਵਧੇਰੇ ਲਾਭਕਾਰੀ ਅਤੇ ਸ਼ਕਤੀਸ਼ਾਲੀ ਬਣਾ ਲਿਆ।



## ਭਾਸ਼ਾਵਾਂ ਦੀ ਸਹਿਹੋਂਦ

ਅੰਗਰੇਜ਼ੀ ਰਾਜ ਕਾਲ ਵਿਚ ਭਾਰਤੀਆਂ ਦਾ ਆਪਸੀ ਕਾਰੋਬਾਰੀ ਸੰਪਰਕ ਤਾਂ ਪਹਿਲਾਂ ਨਾਲੋਂ ਬਹੁਤ ਵਧਿਆ ਪਰ ਭਾਸ਼ਾਵਾਂ ਦੀ ਸਹਿਹੋਂਦ ਵਧਣ ਦੀ ਥਾਂ ਸੌਂਕਣ ਆਢੇ ਵਾਲੀ ਬਣ ਗਈ। 1850 ਤਕ ਪੰਜਾਬ ਵਿਚ ਹਿੰਦੀ (ਬ੍ਰਿਜ ਭਾਸ਼ਾ) ਅਤੇ ਪੰਜਾਬੀ ਦੀ ਕੋਈ ਟੱਕਰ ਨਹੀਂ ਸੀ। ਪੰਜਾਬ ਦੀ ਮੁੱਖ ਸਾਹਿਤਕ ਭਾਸ਼ਾ ਸ਼ੇਖ ਫਰੀਦ ਤੋਂ ਹਾਸ਼ਮ ਤਕ ਪੰਜਾਬੀ ਹੀ ਰਹੀ, ਤਾਂ ਵੀ ਹਿੰਦੀ ਤੇ ਫਾਰਸੀ ਵਿਚ ਵੀ ਸਾਹਿਤ ਰਚਨਾ ਹੁੰਦੀ ਰਹੀ। ਸਿੱਖ ਲੇਖਕ ਹਿੰਦੀ ਵਿਚ ਵੀ ਲਿਖਦੇ ਰਹੇ। ਹਿੰਦੂ ਅਤੇ ਮੁਸਲਮਾਨ ਲੇਖਕ ਪੰਜਾਬੀ ਵਿਚ ਵੀ ਤੇ ਨਾਲ ਨਾਲ ਹਿੰਦੀ ਅਤੇ ਫਾਰਸੀ ਵਿਚ ਵੀ। ਪਰ ਅੰਗਰੇਜ਼ੀ ਰਾਜ ਕਾਲ ਵਿਚ ਗੱਲ ਵਿਗੜ ਗਈ। ਪੰਜਾਬੀ ਸਿੱਖਾਂ ਨਾਲ, ਹਿੰਦੀ ਹਿੰਦੂਆਂ ਨਾਲ, ਅਤੇ ਉਰਦੂ (ਜੋ ਫਾਰਸੀ ਤੋਂ ਪ੍ਰਭਾਵਿਤ ਹਿੰਦੀ ਹੀ ਹੈ) ਮੁਸਲਮਾਨਾਂ ਨਾਲ।

ਤਾਂ ਵੀ, ਅੱਜ ਦੇ ਪੰਜਾਬ ਵਿਚ ਤਿੰਨ ਭਾਸ਼ਾ ਫਾਰਮੂਲਾ ਚੱਲ ਰਿਹਾ ਹੈ ਪੰਜਾਬ ਦੇ ਹਰ ਸਰਕਾਰੀ ਸਕੂਲ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹਾਈਆਂ ਜਾਂਦੀਆਂ ਹਨ। ਹਰ ਬੱਚੇ ਲਈ ਮੈਟਰਿਕ ਵਿਚ ਤਿੰਨੇ ਭਾਸ਼ਾਵਾਂ ਵਿਚ ਪਾਸ ਹੋਣਾ ਜ਼ਰੂਰੀ ਹੈ। ਆਰੀਆ ਸਮਾਜੀ ਸਕੂਲਾਂ ਵਿਚ ਇਹ ਗੱਲ ਜ਼ਰੂਰ ਗਲਤ ਹੋ ਰਹੀ ਹੈ ਕਿ ਪਹਿਲੀ ਭਾਸ਼ਾ ਅਤੇ ਵਿਦਿਆ ਦਾ ਮਾਧਿਅਮ ਹਿੰਦੀ ਹੈ, ਪੰਜਾਬੀ ਕੇਵਲ ਦੂਜੀ ਭਾਸ਼ਾ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ। ਇਉਂ ਹੀ ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਚਲਾਏ ਜਾਂਦੇ ਸੈਂਟਰਲ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਨਹੀਂ, ਕਈ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਵੀ ਪੰਜਾਬੀ ਨੂੰ ਯੋਗ ਮਹੱਤਵ ਨਹੀਂ ਦੇ ਰਹੇ। ਤਾਂ ਵੀ, ਤਿੰਨ-ਭਾਸ਼ਾਈ ਫਾਰਮੂਲੇ ਉੱਤੇ ਪੰਜਾਬ 'ਚ ਜਿੰਨਾ ਅਮਲ ਹੋ ਰਿਹਾ ਹੈ, ਉਨਾ ਹੋਰ ਬਹੁਤ ਘੱਟ ਸੂਬਿਆਂ ਵਿਚ ਹੋ ਰਿਹਾ ਹੈ।

ਇਸ ਫਾਰਮੂਲੇ ਉਤੇ ਸਭ ਤੋਂ ਘੱਟ ਅਮਲ ਹਿੰਦੀ ਬੋਲਦੇ ਸੂਬੇ ਕਰ ਰਹੇ ਹਨ। ਹਿੰਦੀ ਸੂਬਿਆਂ ਵਿਚ ਅਸਲ ਵਿਚ ਦੋ-ਭਾਸ਼ਾ ਫਾਰਮੂਲਾ ਚਲ ਰਿਹਾ ਹੈ। ਹਿੰਦੀ ਪਹਿਲੀ ਭਾਸ਼ਾ ਅਤੇ ਅੰਗਰੇਜ਼ੀ ਦੂਜੀ ਭਾਸ਼ਾ। ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਕਈ ਯੂਨੀਵਰਸਿਟੀਆਂ ਨੇ ਅੰਗਰੇਜ਼ੀ ਲਾਜ਼ਮੀ ਪਾਸ ਕਰਨ ਦੀ ਸ਼ਰਤ ਵੀ ਉਡਾ ਦਿੱਤੀ ਹੈ। ਨਤੀਜਾ ਇਹ ਹੈ ਕਿ ਇਕੱਲੀ ਹਿੰਦੀ ਭਾਸ਼ਾ ਹੀ ਰਹਿ ਗਈ ਹੈ।

ਪੰਜਾਬ ਦੇ ਗੁਆਂਢ ਦੋ ਸੂਬਿਆਂ ਹਿਮਾਚਲ ਅਤੇ ਹਰਿਆਣੇ ਵਿਚ ਕਾਗਜ਼ੀ ਤੌਰ ਉਤੇ ਹੀ ਤਿੰਨ ਭਾਸ਼ਾਈ ਫਾਰਮੂਲਾ ਚੱਲ ਰਿਹਾ ਹੈ।

ਹਿਮਾਚਲ ਵਿਚ ਤੀਜੀ ਭਾਸ਼ਾ ਉਰਦੂ ਅਤੇ ਹਰਿਆਣੇ ਵਿਚ ਤੀਜੀ ਭਾਸ਼ਾ ਤੇਲਗੂ ਰੱਖੀ ਗਈ ਹੈ। ਪਰ ਅਸਲੀਅਤ ਵਿਚ ਇਨ੍ਹਾਂ ਸੂਬਿਆਂ ਵਿਚ, ਖਾਸ ਤੌਰ 'ਤੇ ਹਰਿਆਣੇ ਵਿਚ ਸ਼ਾਇਦ ਹੀ ਕੋਈ ਸਕੂਲ ਹੋਵੇ, ਜਿਥੇ ਇਹ ਭਾਸ਼ਾਵਾਂ ਪੜ੍ਹਾਈਆਂ ਜਾ ਰਹੀਆਂ ਹੋਣ। ਉਰਦੂ ਅਤੇ ਤੇਲਗੂ ਭਾਸ਼ਾਵਾਂ ਰੱਖਣ ਪਿਛੇ ਭਾਵਨਾ ਪੰਜਾਬੀ ਨੂੰ ਤੀਜੀ ਭਾਸ਼ਾ ਬਣਾਉਣ ਦੀ ਲੋੜ ਤੋਂ ਬਚਣਾ ਹੈ। ਇਹ ਨੀਤੀ ਇਨ੍ਹਾਂ ਸੂਬਿਆਂ ਨੇ ਕੁਝ ਡਰ ਕਾਰਨ ਅਤੇ ਕੁਝ ਸੰਪਰਦਾਇਕਤਾ ਕਾਰਨ ਧਾਰਨ ਕੀਤੀ ਹੈ। ਡਰ ਇਹ ਹੈ ਕਿ ਜੇ ਪੰਜਾਬੀ ਪੜ੍ਹਾਈ, ਤਾਂ ਕੱਲ੍ਹ ਨੂੰ ਪੰਜਾਬ ਇਹ ਦਾਅਵਾ ਕਰੇਗਾ ਕਿ ਇਨ੍ਹਾਂ ਸੂਬਿਆਂ ਵਿਚ ਪੰਜਾਬੀ ਭਾਸ਼ੀ ਇਲਾਕੇ ਹਨ; ਇਹ ਪੰਜਾਬ ਨੂੰ ਦਿਉ। ਸੰਪਰਦਾਇਕ ਕਾਰਨ ਵਡੇਰਾ ਹੈ। ਪੰਜਾਬੀ ਕਿਉਂਕਿ ਸਿੱਖਾਂ ਨਾਲ ਜੁੜ ਚੁੱਕੀ ਹੈ ਤੇ ਪੰਜਾਬੀ ਬੋਲਦੇ ਲੋਕਾਂ ਵਿਚ ਸਿੱਖਾਂ ਦੀ ਗਿਣਤੀ ਇਨ੍ਹਾਂ ਸੂਬਿਆਂ ਵਿਚ ਥੋੜ੍ਹੀ ਹੈ, ਪੰਜਾਬੀ ਬੋਲਦੇ ਲੋਕ ਹਿੰਦੂ ਹਨ, ਇਸ ਕਰਕੇ ਇਨ੍ਹਾਂ ਸੂਬਿਆਂ ਵਿਚ ਪੰਜਾਬੀ ਭਾਸ਼ਾ ਦੇ ਦਾਅਵੇਦਾਰ ਕਮਜ਼ੋਰ ਹਨ।

ਜਦੋਂ ਤਕ ਹਿੰਦੀ ਬੋਲਦੇ ਸੂਬੇ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ ਤੇ ਬਿਹਾਰ ਆਦਿ ਸਿਦਕਦਿਲੀ ਨਾਲ ਤਿੰਨ ਭਾਸ਼ਾਈ ਫਾਰਮੂਲਾ ਨਹੀਂ ਅਪਨਾਉਂਦੇ, ਉਦੋਂ ਤਕ ਭਾਰਤ ਦਾ ਭਾਸ਼ਾ ਝਗੜਾ ਹੱਲ ਨਹੀਂ ਹੋਣਾ। ਮੱਧ ਪ੍ਰਦੇਸ਼ ਬਾਰੇ ਬਹੁਤ ਸਾਰੇ ਸਕੂਲਾਂ ਦੀ ਸਥਿਤੀ ਬਾਰੇ ਸਾਨੂੰ ਜ਼ਾਤੀ ਗਿਆਨ ਹੈ। ਜੱਬਲਪੁਰ, ਇੰਦੌਰ, ਭੁਪਾਲ ਆਦਿ ਸ਼ਹਿਰਾਂ ਵਿਚ ਬਹੁਤ ਸਾਰੇ ਪੰਜਾਬੀ ਵਸਦੇ ਹਨ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਜਾਂ ਹਾਇਰ ਸੈਕੰਡਰੀ ਸਕੂਲ ਚਲਾਏ ਹੋਏ ਹਨ। ਇਨ੍ਹਾਂ ਵਿਚ ਪੰਜਾਬੀ ਪਹਿਲੀ ਭਾਸ਼ਾ ਨਹੀਂ, ਹਿੰਦੀ ਪਹਿਲੀ ਭਾਸ਼ਾ ਹੈ। ਅੰਗਰੇਜ਼ੀ ਦੂਜੀ ਭਾਸ਼ਾ ਹੈ। ਤੀਜੀ ਭਾਸ਼ਾ ਪੰਜਾਬੀ ਕਾਫੀ ਯਤਨ ਨਾਲ ਮਨਵਾਈ ਗਈ ਹੈ। ਉਤਰ ਪ੍ਰਦੇਸ਼ ਵਿਚ ਜਿਥੇ ਜਿਥੇ ਮੁਸਲਮਾਨਾਂ ਦੀ ਕਾਫੀ ਗਿਣਤੀ ਹੈ, ਉਥੇ ਉਰਦੂ ਪ੍ਰਥਮ ਭਾਸ਼ਾ ਦੇ ਤੌਰ 'ਤੇ ਪੜ੍ਹਾਈ ਜਾ ਰਹੀ ਹੈ। ਪਰ ਜਿਨ੍ਹਾਂ ਸਥਾਨਾਂ ਉਤੇ ਸਿਰਫ ਸਥਾਨਕ ਹਿੰਦੂ ਆਬਾਦ ਹਨ ਉਥੇ ਸਿਰਫ ਹਿੰਦੀ ਜਾਂ ਹਿੰਦੀ ਦੇ ਨਾਲ ਅੰਗਰੇਜ਼ੀ ਪੜ੍ਹਾਈ ਜਾ ਰਹੀ ਹੈ। ਕਿਉਂ ਨਾ ਸਾਰੇ ਉਤਰ ਪ੍ਰਦੇਸ਼ ਵਿਚ, ਹਰ ਸਕੂਲ ਵਿਚ, ਤਿੰਨ ਭਾਸ਼ਾਈ ਫਾਰਮੂਲਾ ਲਾਗੂ ਹੋਵੇ ? ਪ੍ਰਧਾਨ ਮੰਤਰੀ ਇਸੇ ਸੂਬੇ ਵਿਚ ਆਉਂਦੇ ਰਹੇ ਹਨ। ਇਹ ਸੂਬਾ ਕੇਂਦਰੀ ਸਰਕਾਰ ਦੀਆਂ ਨੀਤੀਆਂ ਉਤੇ ਅਮਲ ਕਿਉਂ ਨਾ ਕਰੇ ? ਉਂਜ ਵੀ ਉਤਰ ਪ੍ਰਦੇਸ਼ ਹੀ ਆਪਣੇ ਆਪ ਨੂੰ ਹਿੰਦੀ ਦਾ ਅਸਲ ਰੱਖਿਅਕ ਸਮਝਦਾ ਹੈ। ਹੁਣੇ ਜਿਹੇ ਉਤਰ ਪ੍ਰਦੇਸ਼ ਵਿਚ ਹੀ ਹਿੰਦੀ ਬੁੱਧੀਜੀਵੀਆਂ ਵਲੋਂ ਕਾਨਫਰੰਸ ਕਰ ਕੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਉਣ ਦੀ ਗਤੀ ਤੇਜ਼ ਕਰਨ ਦੇ ਹੱਕ ਵਿਚ ਆਵਾਜ਼ ਉੱਚੀ ਕੀਤੀ ਗਈ। ਜੇ ਉਤਰ ਪ੍ਰਦੇਸ਼ ਨੇ ਕੋਈ ਹੋਰ ਭਾਸ਼ਾ ਨਹੀਂ ਪੜ੍ਹਾਉਣੀ ਤਾਂ ਹਿੰਦੀ ਦੇ ਨਾਲ ਨਾਲ ਉਰਦੂ ਹਰ ਬੱਚੇ ਨੂੰ ਪੜ੍ਹਾਈ ਜਾ ਸਕਦੀ ਹੈ। ਇਉਂ ਹਿੰਦੂ ਮੁਸਲਮਾਨਾਂ ਵਿਚਾਕਾਰ ਸਭਿਆਚਾਰਕ ਸਾਂਝ ਵਧੇਗੀ।

ਉਂਜ ਦੱਖਣ ਪੂਰਬ ਅਤੇ ਉੱਤਰ ਦੀਆਂ ਭਾਸ਼ਾਵਾਂ ਵਿਚੋਂ ਇਕ ਇਕ ਭਾਸ਼ਾ ਹਰ ਹਿੰਦੀ ਸੂਬੇ ਨੂੰ ਅਪਨਾਉਣੀ ਚਾਹੀਦੀ ਹੈ। ਹਿੰਦੀ ਗੈਰ-ਹਿੰਦੀ ਸੂਬੇ ਪੜ੍ਹਾਉਣ, ਤੇ ਹਿੰਦੀ ਸੂਬੇ ਕੋਈ ਨਾ ਕੋਈ ਗੈਰ-ਹਿੰਦੀ ਭਾਰਤੀ ਭਾਸ਼ਾ ਪੜ੍ਹਾਉਣ। ਹਰਿਆਣੇ ਅਤੇ ਹਿਮਾਚਲ ਦਾ ਤੇਲਗੂ ਜਾਂ ਉਰਦੂ ਪੜ੍ਹਾਉਣਾ ਐਵੇਂ ਕਾਗਜ਼ੀ ਕਾਰਵਾਈ ਹੈ। ਹਾਂ, ਜੇ ਇਹ ਸੱਚਮੁੱਚ ਇਸ ਬਾਰੇ ਤਿਆਰ ਹਨ ਤਾਂ ਹਰਿਆਣੇ ਦੇ ਕੁਝ ਚੋਣਵੇਂ ਸਕੂਲਾਂ ਵਿਚ ਤੇਲਗੂ ਤੇ ਹਿਮਾਚਲ ਦੇ ਕੁਝ ਚੋਣਵੇਂ ਸਕੂਲਾਂ ਵਿਚ ਉਰਦੂ ਪੜ੍ਹਾਉਣੀ ਸ਼ੁਰੂ ਕਰ ਸਕਦੇ ਹਨ। ਪਰ ਪੰਜਾਬ ਦੇ ਨਾਲ ਲਗਦੇ ਜ਼ਿਲਿਆਂ ਵਿਚ ਜਿਥੇ ਜਿਥੇ ਪੰਜਾਬੀ ਵਸਦੇ ਹਨ, ਪਹਿਲੀ ਭਾਸ਼ਾ ਦੇ ਤੌਰ 'ਤੇ ਨਾ ਹੀ, ਦੂਜੀ ਭਾਸ਼ਾ ਦੇ ਤੌਰ 'ਤੇ ਪੰਜਾਬੀ ਹੀ ਇਨ੍ਹਾਂ ਦੋਹਾਂ ਸੂਬਿਆਂ ਨੂੰ ਪੜ੍ਹਾਉਣੀ ਚਾਹੀਦੀ ਹੈ। ਜਿਹੜੇ ਸੂਬੇ ਦੱਖਣੀ ਸੂਬਿਆਂ ਦੇ ਨੇੜੇ ਹਨ, ਜਿਵੇਂ ਮੱਧ ਪ੍ਰਦੇਸ਼, ਉਨ੍ਹਾਂ ਵਿਚ ਦੱਖਣ ਦੀਆਂ ਭਾਸ਼ਾਵਾਂ ਚੋਣਵੇਂ ਸਕੂਲਾਂ ਵਿਚ ਤੀਜੀ ਭਾਸ਼ਾ ਦੇ ਤੌਰ 'ਤੇ ਜ਼ਰੂਰ ਪੜ੍ਹਾਈਆਂ ਜਾਣ। ਬਿਹਾਰ ਵਿਚ ਬੰਗਾਲੀ ਜਾਂ ਉੜੀਆ ਦੂਜੀ ਭਾਸ਼ਾ ਦੇ ਤੌਰ 'ਤੇ ਚੁਣੀ ਜਾ ਸਕਦੀ ਹੈ।

## ਪਰਦੇਸੀ ਭਾਸ਼ਾ

ਸਾਡਾ ਭਾਵ ਇਹ ਹੈ ਕਿ ਹਿੰਦੀ ਦੇ ਸਮਰਥਕ ਦੂਜਿਆਂ ਤੋਂ ਹੀ ਆਸ਼ਾ ਨਾ ਕਰਨ ਕਿ ਹਿੰਦੀ ਪੜ੍ਹਨ ਤੇ ਪੜ੍ਹਾਉਣ। ਆਪ ਵੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਪੜ੍ਹਨ। ਸੱਚੇ ਅਰਥਾਂ ਵਿਚ ਹਰ ਸੂਬਾ ਤਿੰਨ-ਭਾਸ਼ਾਈ ਫਾਰਮੂਲਾ ਮੰਨੇ। ਕਿਉਂਕਿ ਇਸ ਮਾਮਲੇ ਵਿਚ ਸਭ ਤੋਂ ਬਹੁਤੇ ਕਸੂਰਵਾਰ ਹਿੰਦੀ ਭਾਸ਼ੀ ਸੂਬੇ ਹਨ, ਇਸ ਕਰਕੇ ਉਹ ਜਦ ਤਕ ਦੂਜੀਆਂ ਭਾਰਤੀ ਭਾਸ਼ਾਵਾਂ ਨਹੀਂ ਪੜ੍ਹਦੇ, ਹਿੰਦੀ ਸਰਬ-ਭਾਰਤ ਭਾਸ਼ਾ ਨਹੀਂ ਬਣ ਸਕਣੀ। ਭਾਸ਼ਾਵਾਂ ਦਾ ਝਗੜਾ ਬਣਿਆ ਰਹਿਣਾ ਹੈ। ਉਸ ਹਾਲਤ ਵਿਚ ਲਾਭ ਪਰਦੇਸੀ ਭਾਸ਼ਾ ਅੰਗਰੇਜ਼ੀ ਨੂੰ ਮਿਲਦੇ ਰਹਿਣਾ ਹੈ, ਜਿਹੜੀ ਗੱਲ ਕਿ ਭਾਰਤ ਦੀ ਤਰੱਕੀ ਵਿਚ ਰੋਕ ਸਿੱਧ ਹੋਵੇਗੀ।

ਧਰਤੀ ਦੇ ਗੋਲੇ ਤੇ ਹਰ ਥਾਂ ਸਰਦਾਰੀ ਹੈ ਸ਼ੈਤਾਨਾਂ ਦੀ
ਹਾਲੇ ਵੀ ਥਾਂ ਥਾਂ ਭੀੜ ਜੁੜੀ ਦਿਸਦੀ ਨਕਲੀ ਭਗਵਾਨਾਂ ਦੀ

ਇਹ ਸ਼ਹਿਰ ਜਿਨ੍ਹਾਂ ਨੂੰ ਸ਼ਹਿਰ ਆਖ ਖੁਸ਼ ਹੁੰਦੇ ਭੋਲੇ ਲੋਕੀਂ ਨੇ
ਇਹ ਸ਼ਹਿਰ ਨਹੀਂ ਇਹ ਮੁਰਦਾ ਘਰ ਤਸਵੀਰ ਨੇ ਕਬਰਸਤਾਨਾਂ ਦੀ।

ਜ਼ਿੰਦਗੀ ਤਾਂ ਇਕ ਹੈ ਪਰ ਇਸ ਨੂੰ ਸੌ ਨਾਂ ਹਨ ਦਿੱਤੇ ਜਾ ਸਕਦੇ
ਜ਼ਿੰਦਗੀ ਦੇ ਇਸ ਅਫਸਾਨੇ 'ਤੇ ਹੈ ਭੀੜ ਜੁੜੀ ਅਨੁਵਾਨਾਂ ਦੀ

ਸ਼ੀਸ਼ੇ ਵਿਚ ਖੁਦ ਨੂੰ ਦੇਖਦਿਆਂ ਇਹ ਅੰਬਰ ਜਿੱਡਾ ਹੋ ਜਾਂਦਾ
ਇਹ ਭੋਲਾ ਕਿਉਂ ਭੁੱਲ ਜਾਂਦਾ ਹੈ ਇਹ ਮਿੱਟੀ ਹੈ ਸ਼ਮਸ਼ਾਨਾਂ ਦੀ

ਬੰਦਾ, ਬੰਦੇ ਨੂੰ ਕੋਂਹਦਾ ਹੈ, ਬੰਦਾ ਬੰਦੇ ਨੂੰ ਖਾਂਦਾ ਹੈ
ਦਿਸਦੀ ਹੈ ਇਸ ਦੇ ਜੁੱਸੇ ਦੇ ਵਿਚ ਆਤ ਵਧੀ ਹੈਵਾਨਾਂ ਦੀ

ਹਰ ਪਾਸੇ ਜਿਹੜਾ ਹੁੰਮ ਛਾਇਆ, ਹਰ ਪਾਸੇ ਜਿਹੜਾ ਹੁੰਮ ਛਾਇਆ
ਏਹੋ ਤਾਂ ਇਕ ਨਿਸ਼ਾਨੀ ਹੈ ਆਵਣ ਵਾਲੇ ਤੂਫਾਨਾਂ ਦੀ

ਜਿਸ ਦੀ ਮਿੱਟੀ ਵਿਚ ਕਵਿਤਾ ਹੈ ਜਿਸ ਦੇ ਬੋਲਾਂ ਵਿਚ ਜਾਦੂ ਹੈ
ਕੀ ਲੋੜ ਹੈ ਉਸ ਨੂੰ ਧਾਪੀ ਦੀ, ਕੀ ਲੋੜ ਉਨ੍ਹੂੰ ਸਨਮਾਨਾਂ ਦੀ

ਚੰਨ ਦੀ ਧਰਤੀ ਤੇ ਪੁੱਜ ਕੇ ਵੀ ਇਹ ਆਪਣੇ ਤਕ ਨਹੀਂ ਪੁੱਜ ਸਕਿਆ
ਉਂਜ ਤਾਂ ਹਰ ਥਾਂ ਹੀ ਚਰਚਾ ਹੈ ਬੰਦੇ ਦੀਆਂ ਤੇਜ਼ ਉਡਾਨਾਂ ਦੀ

ਹਾਲੇ ਵੀ ਇਸ ਥਾਂ ਆਏ ਦਿਨ ਈਸਾ ਸੂਲੀ 'ਤੇ ਚੜ੍ਹਦੇ ਨੇ
ਹਾਲੇ ਵੀ ਇਸ ਥਾਂ ਹਰ ਪਾਸੇ ਮਿੱਟੀ ਬਲਦੀ ਇਨਸਾਨਾਂ ਦੀ



# ਖੇਡਾਂ ਦੇਸ਼ ਦੀਆਂ



## 1986 ਦੀਆਂ ਖੇਡਾਂ

ਖੇਡ ਜਗਤ ਵਿਚ ਬੀਤਿਆ ਵਰ੍ਹਾ ਵਰੋਲੇ ਵਾਂਗੂ ਚੜ੍ਹਿਆ ਅਤੇ ਵਰੋਲਾ ਬਣ ਕੇ ਹੀ ਲੰਘ ਗਿਆ। ਇਸ ਵਰ੍ਹੇ ਜਿੰਨੇ ਆਲਮੀ ਟੂਰਨਾਮੈਂਟ ਪਹਿਲਾਂ ਕਦੇ ਨਹੀਂ ਹੋਏ ਹੋਣਗੇ। ਪੰਜ-ਸੱਤ ਮੁਲਕਾਂ ਦੇ ਖੇਡ ਮੇਲਿਆਂ ਤੋਂ ਵੱਖ ਰੌਣਕਾਂ ਲਾਉਣ ਵਾਲਿਆਂ ਵਿਚ ਵਾਲੀਵਾਲ ਵਿਸ਼ਵ ਕੱਪ,ਫੁੱਟਬਾਲ ਸੰਸਾਰ ਕੱਪ,ਰਾਸ਼ਟਰੀ ਮੰਡਲ ਖੇਡਾਂ,ਕੁੜੀਆਂ ਮੁੰਡਿਆਂ ਦੀ ਹਾਕੀ ਦਾ ਵਰਲਡ ਕੱਪ,ਕਰੋੜਾਂ ਅਰਬਾਂ ਦੀ ਆਬਾਦੀ ਵਾਲੇ ਮਹਾਂਦੀਪ ਦੀਆਂ ਏਸ਼ੀਆਈ ਖੇਡਾਂ,ਰੂਸ ਵਿਚ ਸਦਭਾਵਨਾ ਖੇਡਾਂ ਆਦਿ ਹਨ। ਚੜ੍ਹਦੇ ਸਾਲ ਤੋਂ ਹੀ ਸਾਡੇ ਖਿਡਾਰੀ ਵਿਦੇਸ਼ਾਂ ਵਿਚ ਧੁੰਮਾਂ ਪਾਉਣ ਲਈ ਧੂਫ ਬੱਤੀਆਂ ਧਖਾਉਣ ਲੱਗੇ ਪਰ ਵਰ੍ਹਾ ਬੀਤਣ ਦੇ ਐਨ ਮੌਕੇ 'ਤੇ ਮੁਲਕ ਦੇ ਪ੍ਰਧਾਨ ਮੰਤਰੀ ਨੇ ਬਾਹਰਲੇ ਮੁਲਕਾਂ ਵਿਚ ਖੇਡਣ 'ਤੇ ਪਾਬੰਦੀ ਲਾ ਦਿੱਤੀ।

1985 ਦੇ ਅਖੀਰਲੇ ਦਿਨਾਂ ਵਿਚ ਹੋਈ ਚੈਂਪੀਅਨ ਟਰਾਫੀ ਵਿਚ ਅਸੀਂ ਸਭ ਤੋਂ ਹੇਠਲੇ ਸਥਾਨ 'ਤੇ ਸਾਂ ਪਰ ਛਿਆਸੀਏ ਦੇ ਸ਼ੁਰੂ ਵਿਚ ਡੁਬਈ ਹੋਏ ਚਾਰ ਮੁਲਕਾਂ ਦੇ ਹਾਕੀ ਟੂਰਨਾਮੈਂਟ ਵਿਚ ਭਾਰਤ ਪਹਿਲੇ ਨੰਬਰ 'ਤੇ ਆਇਆ ਸੀ ਤਾ ਉਦੋਂ ਜ਼ਰਾ ਕੁ ਆਸ ਬੱਝੀ। ਫਰਵਰੀ ਮਹੀਨੇ ਹਿੰਦ-ਪਾਕਿ ਹਾਕੀ ਸੀਰੀਜ਼ ਹੋਈ। ਸੱਤ ਮੈਚਾਂ ਦੀ ਲੜੀ ਸਾਡੇ ਚੋਬਰਾਂ ਨੇ ਜਿੱਤੀ ਇਸ ਜਿੱਤ ਤੋਂ ਬਾਅਦ ਖੇਡ ਲੇਖਕਾਂ ਨੇ ਐਮ.ਪੀ.ਸਿੰਘ ਦੀ ਸੋਹਣੀ ਖੇਡ ਦੀ ਤਾਰੀਫ ਕੀਤੀ ਪਰ ਇਹ ਤਾਰੀਫ ਲੰਮੀਆਂ ਵਾਟਾਂ ਨਾ ਤੁਰ ਸਕੀ। ਅਪਰੈਲ ਮਹੀਨੇ ਹੋਈ ਪਾਕਿਸਤਾਨ ਵਿਚ ਚੈਂਪੀਅਨ ਟਰਾਫੀ ਵਿਚ ਅਸੀਂ ਪੰਜਵੇਂ ਸਥਾਨ 'ਤੇ ਰਹੇ। ਪਹਿਲਾ ਸਥਾਨ ਜਰਮਨੀ ਦਾ ਤੇ ਦੂਸਰਾ ਚਾਰਲਸਵਰਥ ਦੇ ਵਤਨ ਵੰਨੀ ਗਿਆ। ਇਸ ਤੋਂ ਮਗਰੋਂ ਕਾਮਰੇਡਾਂ ਦੀ ਨਗਰੀ ਲੈਨਿਨਗਰਾਦ(ਰੂਸ) ਵਿਚ ਅਸੀਂ ਮੇਜ਼ਬਾਨਾਂ ਤੋਂ 3-1 ਅਤੇ ਪਾਕਿਸਤਾਨ ਤੋਂ 2-0 ਨਾਲ ਲੁੜਕ ਗਏ। ਸੋਵੀਅਤ ਭੂਮੀ ਤੋਂ ਹਾਰ ਖਾਣ ਮਗਰੋਂ ਏਸ਼ੀਆਈ ਖੇਡਾਂ ਦੀ ਤਿਆਰੀ ਲਈ ਕੈਂਪ ਲੱਗ ਗਿਆ। ਟੀਮ ਦੀ ਸਿਲੈਕਸ਼ਨ ਬਾਅਦ ਭਾਰਤੀ ਕੋਚਾਂ ਨੇ ਬਿਆਨ ਦਿੱਤਾ,ਸਾਡੀ



ਈਦਨਾ ਰਾਓ

ਹਾਕੀ ਦਾ ਗੋਲਡ ਮੈਡਲ ਪੱਕਾ ਹੈ ਪਰ ਗੋਲਡ ਮੈਡਲ ਪੱਕਾ ਆਖਣ ਵਾਲਿਆਂ ਦੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦ ਬਗਾਨੇ ਪੁੱਤਾਂ ਨਾਲ ਵਾਹ ਪਿਆ। ਸਿਊਲ 'ਚ ਮੇਜ਼ਬਾਨ ਮੁਲਕ ਨੇ ਏਨੀ ਤਿਆਰੀ ਕੀਤੀ ਹੋਈ ਸੀ ਕਿ ਉਨ੍ਹਾਂ ਨੂੰ ਫਰਿਸ਼ਤਾ ਵੀ ਗੋਲ ਕਰਨ ਤੋਂ ਰੋਕ ਨਹੀਂ ਸੀ ਸਕਦਾ। ਇਸ ਲਈ ਸੋਨੇ ਦੇ ਮੈਡਲ ਦੀ ਆਸ ਲਈ ਬੈਠੀਆਂ ਹਿੰਦ ਦੀਆਂ ਦੋਵੇਂ ਹਾਕੀ ਦੀਆਂ ਟੀਮਾਂ ਤੀਸਰੇ ਨੰਬਰ ਉਤੇ ਨੁਕੀਆਂ। ਏਸ਼ੀਆ ਖੇਡਾਂ ਵਿਚ ਹੋਈ ਹਾਰ ਦੀ ਅਜੇ ਧਰਨ ਟਿਕਾਣੇ ਨਹੀਂ ਸੀ ਆਈ ਕਿ ਵਿਸ਼ਵ ਹਾਕੀ ਲੰਦਨ ਵਿਖੇ ਜਾ ਪੰਗਾ ਪਾਇਆ। ਉਥੇ ਬਾਹਰਲੇ ਮੁਲਕਾਂ ਦੇ ਖਿਡਾਰੀਆਂ ਨੇ ਸਾਡੇ ਖਿਡਾਰੀਆਂ ਨਾਲ ਉਹ ਬਣਾਈ,ਬੱਸ ਪੁੱਛੋ ਹੀ ਨਾ। ਉਥੇ ਬਾਰਾਂ ਬਾਰਾਂ ਵਰ੍ਹੇ ਲਗਾਤਾਰ ਜਿੱਤਣ ਵਾਲੇ ਬਾਰਵੇਂ ਸਥਾਨ 'ਤੇ ਰਹੇ। ਕੁੜੀਆਂ ਦੇ ਵਰਲਡ ਕੱਪ ਲਈ ਤਾਂ ਸੁੱਖ ਨਾਲ ਸਾਡੀਆਂ 'ਜਾਈਆਂ' ਕੁਆਲੀਫਾਈ ਹੀ ਨਾ ਕਰ ਸਕੀਆਂ।

ਹਿੰਦੁਸਤਾਨੀ ਫੁੱਟਬਾਲਰਾਂ ਨਾਲ ਜੇ ਅਸੀਂ ਗੱਲ ਕਰਦੇ ਤਾਂ ਉਹ ਆਂਹਦੇ ਅਸੀਂ ਤਾਂ ਗਿੱਲੇ ਗੋਹੇ 'ਤੇ ਪੈਰ ਨਹੀਂ ਧਰਦੇ ਪਰ ਉਹ ਸੁੱਕੀ ਧਰਤੀ 'ਤੇ ਪੈਰ ਰੱਖਣ ਵਾਲੇ ਬਿਨਾਂ ਕੋਈ ਗੋਲ ਕੀਤੇ ਸੁੱਕਮ-ਸੁੱਕੇ ਹੀ ਗਰਾਊਂਡ ਤੋਂ ਬਾਹਰ ਨਿੱਕਲ ਆਉਂਦੇ। ਲੋਹੜੀ ਵੇਲੇ ਖੇਡੇ ਗਏ ਨਹਿਰੂ ਕੱਪ ਵਿਚ ਰੂਸ ਪਹਿਲੇ ਨੰਬਰ 'ਤੇ ਰਿਹਾ ਅਤੇ ਚੀਨ ਦੂਸਰੇ 'ਤੇ। ਹਿੰਦੋਸਤਾਨੀ ਫੁੱਟਵਾਲ ਟੀਮ ਉਥੇ ਫਾਡੀ ਰਹੀ। ਵਿਸ਼ਵ ਕੱਪ ਫੁੱਟਵਾਲ ਲਈ ਭਾਰਤ ਕੁਆਲੀਫਾਈ ਚੱਕਰ ਦੇ ਦੂਸਰੇ ਗੇੜ ਵਿਚ ਵੀ ਨਹੀਂ ਸੀ ਅਪੜ ਸਕਿਆ ਮੈਕਸੀਕੋ ਵਿਖੇ ਹੋਏ ਵਰਲਡ ਫੁੱਟਵਾਲ ਮੇਲੇ ਵਿਚ ਮਾਰਾਦੋਨਾਂ ਦਾ ਮੁਲਕ ਅਰਜਨਟਾਈਨਾ ਸਾਰਿਆਂ ਦੀ ਭੂਈ ਭੰਨ ਗਿਆ। ਮਦਰੇਕਾ ਫੁੱਟਵਾਲ ਵਿਚ ਹਿੰਦੋਸਤਾਨ ਦੇ ਮੁੰਡੇ ਜ਼ਰਾ ਕੁ ਚੰਗੇ ਚਲੇ ਪਰ ਜਕਾਰਤਾ ਵਿਚ ਜੁੜੇ ਮਹਿਲਾ ਫੁੱਟਵਾਲ ਮੇਲਾ ਵਿਚ ਹਿੰਦੁਸਤਾਨ ਦੀਆਂ ਹੁੰਦੜਹੇਲਾਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਿਊਲ ਏਸ਼ੀਆ ਖੇਡਾਂ ਦੀ ਫੁੱਟਵਾਲ ਵਿਚ ਤਾਂ ਲੋਕੀਂ ਇਹ ਮਿਹਣੇ ਮਾਰਨ ਲੱਗ ਪਏ ਸਨ ਕਿ ਕੁੜੀਆਂ ਦੇ ਹੀ ਮੁੰਡਿਆਂ ਵਾਲੀਆਂ ਜਾਕਟਾਂ ਪੁਵਾ ਕੁ ਖਿਡਾ ਲਓ।

10ਵੀਂ ਏਸ਼ੀਆ ਖੇਡਾਂ ਵਿਚ ਅਥਲੈਟਿਕਸ ਮੁਕਾਬਲਿਆਂ ਵਿਚ ਚੀਨ ਦੇ ਗੱਭਰੂਆਂ ਨੇ ਸੋਨੇ ਦੇ 8 ਤੇ ਮੁਟਿਆਰਾਂ ਨੇ 11 ਮੈਡਲ ਮੱਲੇ। ਜਪਾਨੀ ਪੁਰਸ਼ਾਂ ਨੇ 8 ਤੇ ਔਰਤਾਂ ਨੇ 2 ਸਵਰਨ ਪਦਕ ਜਿੱਤੇ। ਭਾਰਤ ਨੇ ਚਾਰ ਸੋਨੇ ਦੇ,ਦੋ ਚਾਂਦੀ ਦੇ,ਤਿੰਨ ਕਾਂਸੀ ਦੇ ਮੈਡਲ ਜਿੱਤ ਕੇ ਹੀ ਹੱਥ ਖੜ੍ਹੇ ਕਰ ਦਿੱਤੇ। ਭਾਰਤ ਦੀ ਉਡਣੀ-ਚਿੜੀ ਪੀ.ਟੀ.ਊਸ਼ਾ ਨੇ ਚਾਰ ਸੋਨੇ ਦੇ ਮੈਡਲਾਂ 'ਤੇ ਕਬਜ਼ਾ ਕੀਤਾ। ਆਸਾ ਅਗਰਵਾਲ ਨੇ ਡਿਰਨਿਡਾਡ ਅੰਤਰਰਾਸ਼ਟਰੀ ਗੁਨੀਸਾ ਮੈਰਾਥਨ ਵਿਚ ਆਸਟ੍ਰੇਲੀਆ ਕੋਸਟੇਲਾ ਨਾਲ ਕੜਿੱਲ ਕੱਢੇ। ਛੇਵੀਂ ਲੰਦਨ ਮੈਰਾਥਨ ਨੂੰ ਜਿੱਤਣ ਲਈ ਜਪਾਨੀਆਂ

ਬਾਕੀ ਪੰਨਾ 28 'ਤੇ


# AIR-INDIA ANNOUNCES INDIA TWO WAYS.

We want to make it as convenient as possible for you to fly Air-India to India. So we suggest you leave any day of the week and choose

1. 
Fly to New York and connect with Air-India's 8:15 nightly departure for Delhi or Bombay.

2. 
Fly to London or Paris and pick up Air-India there.

AIR-INDIA
WE'RE YOUR AIRLINE
See your Travel Agent and make your reservations now.



ਪੰਨਾ 27 ਦੀ ਬਾਕੀ

ਤਰਵੋਂ ਲਾਈ ਜਿੰਦ ਜਾਨ ਦਾ ਫਾਇਦਾ ਉਨ੍ਹਾਂ ਨੂੰ ਮਿਲਿਆ ਦਿੱਲੀ ਦੇ ਨਹਿਰੂ ਸਟੇਡੀਅਮ ਵਿਚ ਹੋਏ ਚਾਰ ਮੁਲਕਾਂ ਦੀ ਅੰਤਰਰਾਸ਼ਟਰੀ ਅਥਲੈਟਿਕਸ ਪ੍ਰਤੀਯੋਗਤਾ ਵਿਚ। ਭਾਰਤੀ ਦਲ ਨੇ ਕਿਸੇ ਨੂੰ ਨਾ ਖੰਘਣ ਦਿੱਤਾ। ਉਥੇ ਸੋਵੀਅਤ ਰੂਸ ਅਤੇ ਕੀਨੀਆਂ ਦੇ ਮੁੰਡੇ ਕੁੜੀਆਂ ਨੂੰ ਨੀਵੇਂ ਥਾਂ ਬਿਠਾ ਦਿੱਤਾ। ਰਾਸ਼ਟਰ ਮੰਡਲ ਪ੍ਰਤੀਯੋਗਤਾ ਤੇ ਮਾਸਕੋ ਸਦਭਾਵਨਾ ਵਿਚ ਬਾਹਰਲੇ ਮੁਲਕਾਂ ਦੇ ਖਿਡਾਰੀ ਖਿਡਾਰਨਾਂ ਕਿਸੇ ਤੋਂ ਕੱਚੇ ਪੇਰੀਂ ਹਾਰਨ ਵਾਲੇ ਨਹੀਂ ਸਨ। ਪੁਚਾਸੀਏ ਵਿਚ ਸ਼ਾਇਨੀ ਅਬਰਾਹੀਮ ਤੋਂ ਕਾਫੀ ਸਾਰੀਆਂ ਆਸਾਂ ਸਨ ਪਰ ਐਤਕੀਂ ਉਸ ਨਾਲ ਜੱਗੋਂ ਤੇਰਵੀਂ ਹੋਈ। ਉਹ ਜਿੱਤ ਕੇ ਹਾਰ ਗਈ। ਅਥਲੈਟਿਕਸ ਵਿਚ ਹੋਰ ਬਹੁਤ ਸਾਰੀਆਂ ਸੁਮਨ ਰਾਵਤ ਵਰਗੀਆਂ ਨੇ ਵਤਨ ਦਾ ਨਾਂ ਰੌਸ਼ਨ ਕੀਤਾ। ਪੀ.ਟੀ.ਊਸ਼ਾਂ ਦਾ ਨਾਂ ਤਾਂ ਪਿੰਡ ਪਿੰਡ ਬੁੱਢੇ ਠੇਰਿਆਂ ਦੇ ਮੂੰਹੀਂ ਚੜ੍ਹ ਗਿਆ ਹੈ। ਪਹਿਲਾਂ ਪੇਂਡੂ ਲੋਕ ਔਰਤਾਂ ਨੂੰ ਪੈਰ ਦੀ ਜੁੱਤੀ,ਨਾਜ਼ਕ ਮਲੂਕ ਹੀ ਸਮਝਦੇ ਸਨ।

ਵਿਸ਼ਵ ਫਰੀ ਸਟਾਈਲ ਕੁਸ਼ਤੀ ਵਿਚ ਸੋਵੀਅਤ ਰੂਸ ਦੀ ਹੀ ਝੰਡੀ ਕਾਇਮ ਰਹੀ। ਰੂਸ ਦੇ ਬਾਅਦ ਅਮਰੀਕਾ ਤੇ ਕਿਊਬਾ ਦਾ ਨੰਬਰ ਆਉਂਦਾ ਹੈ। ਵਰ੍ਹੇ ਦੇ ਅੱਧ ਵਿਚਾਲੇ ਹੋਈਆਂ ਸਦਭਾਵਨਾ ਖੇਡਾਂ ਵਿਚ ਵੀ ਸੋਵੀਅਤ ਰੂਸ 7 ਸਵਰਨ ਪਦਕ ਜਿੱਤਕੇ ਅਮਰੀਕਾ ਦੀ ਅੜੀ ਭੰਨ ਗਿਆ। ਦਸਵੀਆਂ ਏਸ਼ਿਆਈ ਖੇਡਾਂ ਵਿਚ ਕੁਸ਼ਤੀ ਭੇੜਾਂ ਵਿਚ ਕੋਰੀਆ ਦੇ ਮੱਲਾਂ ਨੇ ਚਾਰ ਸੋਨੇ ਦੇ,ਇਕ ਇਕ ਚਾਂਦੀ ਅਤੇ ਤਾਂਬੇ ਦੇ ਮੈਡਲ ਮੱਲੇ। ਇਰਾਨ ਤਿੰਨ ਤਿੰਨ ਸੋਨੇ ਚਾਂਦੀ ਦੇ ਅਤੇ ਚਾਰ ਤਾਂਬੇ ਦੇ ਤਮਗੇ ਲੈ ਕੇ ਤਕੜਾ ਬਣਿਆ। ਜਦ ਜਪਾਨ ਦੇ ਪਹਿਲਵਾਨਾਂ ਨੇ ਇਕ ਸੋਨੇ ਦਾ ਤਿੰਨ ਤਿੰਨ ਦੂਸਰੇ ਮੈਡਲ ਗਲੀਂ ਪਵਾਏ,ਹਿੰਦੁਸਤਾਨੀਆਂ ਦਾ ਵੀਹ ਮੈਂਬਰੀ ਦਲ ਦਾਲ ਰੋਟੀ ਖਾ ਕੇ ਪੁੱਠਾ ਮੁੜ ਆਇਆ। ਸਦਕੇ ਜਾਈਏ ਕਰਤਾਰ ਦੇ ਜਿਸ ਨੇ ਇਕ ਸੋਨੇ ਦੇ ਮੈਡਲ ਨੂੰ ਜੱਫੇ ਵਿਚੋਂ ਨਹੀਂ ਛੱਡਿਆ।

ਟੈਨਿਸ ਦੀ ਜਗਤ ਪ੍ਰਸਿੱਧ ਖਿਡਾਰਨ ਮਾਰਟੀਨਾ ਨੂੰ ਇਸ ਵਰ੍ਹੇ ਦੀ ਸਰਵੋਤਮ ਖਿਡਾਰਨ ਹੋਣ ਦਾ ਮਾਣ ਪ੍ਰਾਪਤ ਹੈ। ਉਸ ਨੇ ਲਗਾਤਾਰ ਪੰਜਵੀਂ ਵਾਰ ਮਹਿਲਾ(ਇਕਹਿਰੀ) ਚੈਂਪੀਅਨਸ਼ਿਪ ਟੈਨਿਸ ਜਗਤ ਪ੍ਰਸਿੱਧੀ ਖੱਟੀ। ਮਾਰਚ ਮਹੀਨੇ ਉਸਨੇ ਨਿਊਯਾਰਕ ਵਿਚ ਸਿਲਮਸ ਟੈਨਿਸ ਦੇ ਸਿਖਰਲੇ ਮੈਚ ਵਿਚ ਸਾਰੇ ਦੇ ਸਾਰੇ ਸੈਟ ਜਿੱਤੇ। ਫਰਾਂਸੀਸੀ ਖੁੱਲ੍ਹੀ ਟੈਨਿਸ ਵਿਚ ਲੈਂਡਲ ਦੀ ਲਾਲਾ ਲਾਲਾ ਹੋ ਗਈ। ਅਮਰੀਕੀ ਓਪਨ ਟੈਨਿਸ ਵਿਚ ਵੀ ਲੈਂਡਲ ਦੇ ਲਲਕਾਰੇ ਲੋਟ ਆ ਗਏ ਪਰ ਵਿੰਬਲਡਨ ਟੈਨਿਸ ਪ੍ਰਤੀਯੋਗਤਾ ਵਿਚ 18 ਵਰ੍ਹਿਆਂ ਦਾ ਬੋਰਿਸ ਬੇਕਰ ਲੈਂਡਲ ਇਵਾਨ ਨੂੰ ਹਰਾ ਗਿਆ। ਉਸ ਦੇ ਨਾਲ ਹੀ ਵਰਲਡ ਚੈਂਪੀਅਨ ਟੈਨਿਸ ਵਿਚ ਬੋਰਿਸ ਬੇਕਰ ਵੀ ਹਾਰ ਖਾ ਗਿਆ। ਸਦਭਾਵਨਾ ਖੇਡਾਂ ਵਿਚ ਵੀ ਚੈਕੋਸਲਵਾਕੀਆ ਰੂਸ ਤੋਂ ਹਾਰ ਖਾ ਗਿਆ ਅਤੇ ਫੈਡਰੇਸ਼ਨ ਕੱਪ ਵਿਚ ਵੀ ਚੈਕੋਸਲਵਾਕੀਆ ਦੇ ਕੜਾ ਲੋਟ ਨੀ ਆਇਆ। ਹਾਂ ਕੱਲਕੱਤੇ ਵਿਚ ਖੇਡੇ ਗਏ ਡੇਵਿਸ ਕੱਪ ਵਿਚ ਚੈਕੋਸਲਵਾਕੀਆ ਜ਼ਰੂਰ ਭਾਰਤ ਦੇ ਚੌਂਟੇ ਚੱਕ ਗਿਆ। ਡੇਵਿਸ ਕੱਪ ਦੇ ਦਿੱਲੀ ਖੇਡੇ ਗਏ ਮੈਚਾਂ ਵਿਚ ਭਾਰਤੀਆਂ ਨੇ ਰੂਸੀਆਂ ਨੂੰ ਹਰਾ ਦਿੱਤਾ। ਭਾਰਤ ਦੇ ਹੀ 25 ਸਾਲਾ ਟੈਨਿਸੀਏ ਰਮੇਸ਼ ਕ੍ਰਿਸ਼ਨ ਨੇ 2 ਲੱਖ ਡਾਲਰ ਦੀ ਹਾਂਗਕਾਂਗ ਓਪਨ ਟੈਨਿਸ ਪ੍ਰਤੀਯੋਗਤਾ ਜਿੱਤੀ। ਰਮੇਸ਼ ਤੋਂ ਪਹਿਲਾਂ ਕੋਈ ਵੀ ਏਸ਼ਿਆਈ ਖਿਡਾਰੀ ਇਹ ਪ੍ਰਤੀਯੋਗਤਾ ਨਹੀਂ ਸੀ ਫੜ ਸਕਿਆ। ਸਿਊਲ ਏਸ਼ਿਆਈ ਖੇਡਾਂ ਵਿਚ ਮੇਜ਼ਬਾਨਾਂ ਨੇ ਚਾਰ ਮੈਡਲ ਬੁੱਚ ਲਏ ਪਰ ਹਿੰਦੁਸਤਾਨੀਆਂ ਦਾ ਹਾਲ 'ਕੰਨ ਝਾੜ ਕੇ ਵਾਪਸ ਮੁੜ ਜੋ'ਵਾਲਾ ਰਿਹਾ।

ਆਲ ਇੰਗਲੈਂਡ ਬੈਡਮਿੰਟਨ ਵਿਚ ਤੌਕੀਂ ਫਰਾਸਟ ਹੈਨਸਟ



ਜਿਤਿਆ ਅਤੇ ਕੁੜੀਆਂ ਵੰਨੀਓਂ ਕੋਰੀਆ ਦੀ ਚੁਨ ਜਾ ਕਿਮ ਨੇ ਕਮਾਲ ਕਰ ਦਿੱਤੀ। ਥਾਮਸ ਕੱਪ ਜਕਾਰਤਾ ਤੇ ਊਬੇਰ ਕੱਪ ਵਿਚ ਚੀਨ ਦੇ ਚੇਲੇ ਬਾਲਕੇ ਚੰਗੇ ਚੱਲੇ। ਦੋਵੇਂ ਕੱਪਾਂ ਦੇ ਸਿਖਰਲੇ ਮੈਚਾਂ ਵਿਚ ਹੀ ਚੀਨੀਆਂ ਨੇ ਇੰਡੋਨੇਸ਼ੀਆ ਨੂੰ ਹਰਾਇਆ। 10ਵੀਆਂ ਸਿਊਲ ਖੇਡਾਂ ਵਿਚ ਕੋਰੀਆ ਦੇ ਖਿਡਾਰੀਆਂ ਦੀ ਖੇਡ ਸਲਾਹੁਣਯੋਗ ਸੀ। ਕੋਰੀਆ ਦੇ ਚੋਬਰਾਂ ਨੇ ਆਪਣੇ ਮੁੱਖ ,ਵਿਰੋਧੀਆਂ'(ਚੀਨੀਆਂ) ਨੂੰ ਮੂਹਰੇ ਲਾ ਲਿਆ। ਹਿਦੁਸਤਾਨੀ ਗੱਭਰੂਆਂ ਦੀ ਪ੍ਰਾਪਤੀ ਇਹ ਰਹੀ ਕਿ ਉਹ ਉਥੇ ਸੈਮੀਫਾਈਨਲ ਵਿਚ ਪੁੱਜਣ ਕਾਰਨ ਤਾਂਬੇ ਦਾ ਪਦਕ ਪੁੱਟ ਲਿਆਏ।

ਕ੍ਰਿਕਟ ਦੇ ਹੁਣ ਇਕ ਦਿਵਸੇ ਮੈਚਾਂ ਦੀ ਲੋਕਾਂ ਵਿਚ ਬਹੁਤ ਪ੍ਰਸੰਸਾ ਹੈ। ਇਸ ਵਰ੍ਹੇ ਹੋਈਆਂ ਤਿੰਨੇ ਪ੍ਰਤੀਯੋਗਤਾਵਾਂ ਵਿਚੋਂ ਹੀ ਕਪਿਲ ਦੇਵ ਹੋਰੀਂ ਹਾਰੇ। ਆਸਟ੍ਰੇਲੀਆ ਵਿਚ ਆਯੋਜਿਤ ਬੈਂਸਨ ਐਂਡ ਹੈਜ਼ਿਜ਼ ਵਿਖੇ ਮੇਜ਼ਬਾਨ ਮੁਲਕ ਦੀ ਝੰਡੀ ਕਾਇਮ ਮੁਕਾਮ ਰਹੀ। ਸਾਰਜ਼ਾਹ ਵਿਖੇ ਹੋਏ ਕੱਪ ਵਿਚ ਭਾਰਤ ਆਖਰੀ ਗੇਂਦ 'ਤੇ ਪਾਕਿਸਤਾਨੀਆਂ ਤੋਂ ਹਾਰ ਗਿਆ ਚੈਂਪੀਅਨ ਟਰਾਫੀ ਵਿਚ ਵੈਸਟ ਇੰਡੀਜ਼ ਨੇ ਪਹਿਲਾ,ਪਾਕਿਸਤਾਨ ਨੇ ਦੂਜਾ ਅਤੇ ਹਿੰਦ ਦੇ ਹਿੱਸੇ ਤੀਸਰਾ ਨੰਬਰ ਆਇਆ। ਭਾਰਤ ਦੀ ਟੀਮ ਨੇ ਇਸ ਵਰ੍ਹੇ 7 ਟੈਸਟ ਮੈਚ ਖੇਡੇ ਜਦ ਦੀ ਕ੍ਰਿਕਟ ਸੰਸਾਰ ਵਿਚ ਆਉਂਦੀਆਂ ਸਾਰੇ ਮੁਲਕਾਂ ਦੀਆਂ ਟੀਮਾਂ ਨੇ 24 ਟੈਸਟ ਮੈਚ ਖੇਡੇ। ਇਨ੍ਹਾਂ 24 ਟੈਸਟਾਂ ਵਿਚੋਂ 13 ਦਾ ਤਾਂ ਜਿੱਤ ਹਾਰ ਦਾ ਫੈਸਲਾ ਹੋ ਗਿਆ ਬਾਕੀ 11 ਦਾ ਨਤੀਜਾ ਪੰਜ-ਪੰਜ ਦਿਨਾਂ ਦੀ ਸਿਰਫਕਾਈ ਤੋਂ ਬਾਅਦ ਵੀ ਬਰਾਬਰ ਰਿਹਾ।

ਕ੍ਰਿਕਟ ਦੀ ਖੇਡ ਨੂੰ ਲੋਕੀਂ ਚਾਹੇ ਚੰਗੀ ਆਖਣ ਚਾਹੇ ਮੰਦੀ ਪਰ ਇਸ ਦੇ ਖਿਡਾਰੀ ਜ਼ਰੂਰ ਭਾਗਾਂ ਵਾਲੇ ਹਨ। ਪ੍ਰਧਾਨ ਮੰਤਰੀ ਨੇ ਸਾਰੀਆਂ ਖੇਡਾਂ ਦੇ ਖਿਡਾਰੀਆਂ ਦੇ ਬਾਹਰਲੇ ਮੁਲਕਾਂ ਵਿਚ ਖੇਡਣ 'ਤੇ ਪਾਬੰਦੀ ਲਾ ਦਿੱਤੀ ਹੈ। ਕ੍ਰਿਕਟ ਖਿਡਾਰੀ ਹੁੰਦੇ ਵੀ ਬੜੇ 'ਪਤੰਦਰ' ਨੇ। ਮੈਚ ਖੇਡਣ ਤੋਂ ਪਹਿਲਾਂ ਇਹ ਸੌ-ਸੌ ਕਿਸਮ ਦੀਆਂ ਮੇਕ-ਅੱਪਾਂ ਕਰਦੇ ਹੋਣਗੇ। ਪੈਂਟਾਂ ਕਮੀਜ਼ਾਂ ਪਾ ਕੇ ਬਾਬੂ ਜੀ ਬਣ ਕੇ,ਪੂਰੀ ਟੌਹਰ ਕੱਢ ਕੇ ਇਹ ਮੈਦਾਨ ਵਿਚ ਉਤਰਦੇ ਹਨ ਤਾਂ ਹੀ ਤਾਂ ਲੋਕੀਂ ਹੁਣ ਕ੍ਰਿਕਟਰਾਂ ਨੂੰ ਇਹ ਆਖਣ ਲੱਗ ਪਏ ਹਨ।

ਰੂਪ ਬੌਨੂੰ 'ਰੱਬ' ਨੇ ਦਿੱਤਾ,
ਲੁੱਟ ਲਿਉ ਪਟੋਲਾ ਬਣ ਕੇ।



ਚਾਨਣ ਦੀ ਤਲਾਸ਼

## ਖਲੀਲ ਜਿਬਰਾਨ

ਉਤਰੀ ਲਿਬਨਾਨ ਦੀਆਂ ਪਹਾੜੀਆਂ ਵਿਚ ਵਿਚਰਦਿਆਂ, ਹਰੀਆਂ ਭਰੀਆਂ ਚਰਾਗਾਹਾਂ ਤੇ ਵਾਦੀਆਂ ਵਿਚ ਘੁੰਮਦਿਆਂ, ਉਹ ਕਈ ਵਾਰੀ ਭੋਲੇ-ਭਾਲੇ ਚਰਵਾਹਿਆਂ ਨੂੰ ਮਿਲਦਾ। ਕਦੇ ਚਸ਼ਮਿਆਂ ਕੋਲ ਬੈਠ ਕੇ ਕੁਦਰਤ ਦਾ ਮਧੁਰ ਸੰਗੀਤ ਸੁਣਦਾ ਤੇ ਕਦੇ ਸੁਗੰਧ-ਭਿੰਨੀ ਹਵਾ ਨਾਲ ਗੱਲਾਂ ਕਰਦਾ। ਕੁਦਰਤ ਦੀ ਗੋਦ ਵਿਚ ਰਹਿੰਦਿਆਂ ਬਹਿੰਦਿਆਂ ਜੋ ਕੁਝ ਉਸ ਗ੍ਰਹਿਣ ਕੀਤਾ, ਉਹ ਉਸ ਨੂੰ ਧਾਰਮਿਕ ਪ੍ਰਵਚਨਾਂ 'ਚੋਂ ਕਦੀ ਨਾ ਮਿਲਿਆ। ਧਾਰਮਿਕ ਖੇਤਰਾਂ ਵਿਚ ਹੋਣ ਵਾਲੇ ਉਪਦਰ, ਪਖੰਡ ਤੇ ਅਧਰਮ ਦਾ ਚਰਚਾ ਉਸ ਦੀਆਂ ਕਹਾਣੀਆਂ ਵਿਚ ਮਿਲਦਾ ਹੈ। ਧਰਮ ਦੇ ਨਾਂ 'ਤੇ ਹੁੰਦਾ ਪਾਪ, ਧਰਮੀਆਂ ਦੀਆਂ ਕਰਤੂਤਾਂ ਤੇ ਲੋਕ ਹਿੱਤਾਂ ਦੇ ਵਿਰੁਧ ਕੀਤਾ ਜਾਂਦਾ ਪਾਖੰਡ ਐਸੇ ਵਿਸ਼ੇ ਹਨ ਜਿਨ੍ਹਾਂ ਸਬੰਧੀ ਉਸ ਨੇ ਮੁਢਲੀਆਂ ਰਚਨਾਵਾਂ ਰਚੀਆਂ। "ਪ੍ਰਕ੍ਰਿਤੀ ਹੀ ਐਸੀ ਥਾਂ ਹੈ ਜਿਸ ਦੇ ਹੇਠਾਂ ਕੋਈ ਵੈਰ ਭਾਵਨਾ, ਅਸਮਾਨਤਾ ਨਹੀਂ" ਇਹ ਉਸ ਦਾ ਵਿਸ਼ਵਾਸ ਸੀ। "ਨਿੰਫਸ ਆਫ ਦੀ ਵੈਲੀ" ਸੰਗ੍ਰਹਿ ਵਿਚ ਉਹ ਲਿਖਦਾ ਹੈ, "ਇਕ ਥਾਂ 'ਤੇ ਮੈਂ ਇਕ ਦੁਕਾਨ ਵਿਚ ਗਿਆ, ਪਰੰਤੂ ਕਿਸੇ ਮੈਨੂੰ ਨਹੀਂ ਪੁੱਛਿਆ। ਮੈਂ ਭੁੱਖਾ ਨਹੀਂ, ਸਤਾਇਆ ਹੋਇਆਂ ਹਾਂ। ਮੈਂ ਥੱਕਾ ਟੁੱਟਿਆ ਹੋਇਆ ਨਹੀਂ, ਨਿਰਾਸ ਹਾਂ। ਮੈਨੂੰ ਛੱਤ ਦੀ ਓਟ ਨਹੀਂ, ਮਨੁੱਖੀ ਸ਼ਰਨ ਚਾਹੀਦੀ ਹੈ ਤੇ ਸੱਚਮੁਚ ਦੋ ਹੱਥਾਂ ਵਾਲੇ ਸਰੀਰ ਨੂੰ ਸ਼ਰਨ ਦੇਣਾ ਹੋਰ ਗੱਲ ਹੈ ਪਰ ਕਿਸੇ ਦੇ ਵਿਚਾਰਾਂ ਨੂੰ ਸ਼ਰਨ ਦੇਣਾ, ਆਪਣੇ ਵਿਚ ਸਮੋ ਲੈਣਾ, ਬਿਲਕੁਲ ਵੱਖਰੀ ਗੱਲ ਹੈ।"

### ਕਲਪਨਾ

ਸ਼ੇਅਰ ਪਾਉਂਦਾ ਜ਼ਿੰਦਗੀ ਦੇ ਆਦਰਸ਼ ਖ਼ੁਸ਼ਬੂ ਦੀ ਬਾਤ,
ਪਿਆਰ ਦੇ ਬ੍ਰਹਿਮੰਡ ਦੀ ਸਿਖਰੇ ਉਡਾਰੀ ਮਾਰ ਕੇ
ਦਿਲ ਦੇ ਸਾਗਰ ਦੀ ਡੂੰਘਾਈ ਮਾਪਦਾ
ਜ਼ਿੰਦਗੀ ਆਦਰਸ਼ ਤੱਕ ਕਦ ਅਪੜੀ !


ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings

Off; 872-6060



To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

# ਸ੍ਰੀ ਲੰਕਾ ਦੀ ਸਮੱਸਿਆ ਦਾ ਫੌਜੀ ਹੱਲ ਸੰਭਵ ਨਹੀਂ

ਸਤਿਨਾਮ ਸਿੰਘ

ਭਾਰਤ ਦੇ ਦੱਖਣ ਵਿਚ ਸ੍ਰੀਲੰਕਾ ਦੇ ਨਾਂ ਨਾਲ ਜਾਣਿਆ ਜਾਂਦਾ ਇਕ ਛੋਟਾ ਜਿਹਾ ਦੇਸ਼ ਹੈ। ਹਿੰਦ ਮਹਾਂਸਾਗਰ ਵਿਚ ਸਥਿਤ ਇਸ ਛੋਟੇ ਜਿਹੇ ਟਾਪੂ ਦੀ ਆਬਾਦੀ ਸਿਰਫ ਡੇਢ ਕਰੋੜ ਦੇ ਲੱਗਪੱਗ ਹੀ ਹੈ। ਇਸ ਆਬਾਦੀ ਦਾ ਪੰਜਵਾਂ ਹਿਸਾ ਤਾਮਿਲ ਕੌਮ ਹੈ। ਪੰਦਰਵਾਂ ਹਿਸਾ ਮੁਸਲਮ ਵਸੋਂ ਹੈ ਅਤੇ ਬਾਕੀ ਸਾਰੀ ਆਬਾਦੀ ਮੁੱਖ ਤੌਰ ਤੇ ਸਿਨਹਾਲੀ ਵਸੋਂ ਦੀ ਹੀ ਹੈ।

ਇਸ ਦੇਸ਼ ਦੀਆਂ ਦੋਵੇਂ ਮੁੱਖ ਕੌਮਾਂ ਦੇ ਸਬੰਧ ਹਮੇਸ਼ਾ ਤੋਂ ਹੀ ਟਕਰਾਵੇਂ ਰਹੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਦੇ ਸਬੰਧਾਂ ਵਿਚ ਕੁਝ ਜ਼ਿਆਦਾ ਹੀ ਕੁੜੱਤਣ ਆਈ ਹੋਈ ਹੈ। ਸ਼ਾਇਦ ਹੀ ਕੋਈ ਅਜਿਹਾ ਦਿਨ ਲੰਘਦਾ ਹੋਵੇ ਜਦੋਂ ਕੋਈ ਵੱਡੀ ਛੋਟੀ ਝੜਪ ਦੋਹਾਂ ਕੌਮਾਂ ਦਰਮਿਆਨ ਨਾ ਹੋਈ ਹੋਵੇ। ਹਰ ਰੋਜ਼ ਅਖਬਾਰਾਂ ਦੀਆਂ ਸੁਰਖੀਆਂ ਅਤੇ ਰੇਡੀਓ ਟੀ. ਵੀ. ਦੀਆਂ ਖਬਰਾਂ ਸ੍ਰੀਲੰਕਾ ਵਿਚ ਭੰਗ ਦੇ ਭਾੜੇ ਗਈਆਂ ਜਾਨਾਂ ਬਾਰੇ ਜਾਣਕਾਰੀ ਦੇਣ ਦੀਆਂ ਜਿਵੇਂ ਆਦੀ ਹੀ ਹੋ ਚੁੱਕੀਆਂ ਹਨ। ਆਓ ਵੇਖੀਏ ਕਿ ਸ੍ਰੀਲੰਕਾ ਵਿਚ ਚੱਲ ਰਹੇ ਇਸ ਮਨੁੱਖਘਾਤੀ ਗ੍ਰਹਿਯੁੱਧ ਦਾ ਇਤਿਹਾਸ ਕੀ ਹੈ? ਕਾਰਨ ਕੀ ਹਨ? ਇਸ ਯੁੱਧ ਦਾ ਸ੍ਰੀਲੰਕਾ ਦੇ ਆਮ ਲੋਕਾਂ ਤੇ ਕੀ ਅਸਰ ਪੈ ਰਿਹਾ ਹੈ?



ਤਾਮਿਲ ਗੁਰੀਲਿਆਂ ਵਲੋਂ ਆਪਣੇ ਹੱਕਾਂ ਲਈ ਸੰਘਰਸ਼ ਜਾਰੀ ਹੈ।

**ਇਤਿਹਾਸ:** ਸ੍ਰੀਲੰਕਾ ਵਿਚ ਸਿਨਹਾਲੀ ਅਤੇ ਤਾਮਿਲਾਂ ਵਿਚ ਚੱਲ ਰਹੇ ਸੰਘਰਸ਼ ਦਾ ਇਕ ਲੰਮਾ ਪਿਛੋਕੜ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਿਨਹਾਲੀ ਲੋਕ ਵੀ ਭਾਰਤ ਤੋਂ ਆ ਕੇ ਹੀ ਸ੍ਰੀਲੰਕਾ ਵਿਚ ਵੱਸੇ ਸਨ। ਕੋਈ 2000 ਸਾਲ ਪਹਿਲਾਂ ਸਿਨਹਾਲੀਆਂ ਅਤੇ ਦੱਖਣ ਦੇ ਭਾਰਤੀ ਰਾਜਿਆਂ ਦਰਮਿਆਨ ਯੁੱਧ ਛਿੜਿਆ ਰਹਿੰਦਾ ਸੀ ਪਰ ਅਖੀਰ ਵਿਚ ਦੱਖਣੀ ਭਾਰਤ ਦੇ ਰਾਜਿਆਂ ਉਪਰ ਸਿਨਹਾਲੀ ਰਾਜਿਆਂ ਨੇ ਜਿੱਤ ਪ੍ਰਾਪਤ ਕਰ ਲਈ ਅਤੇ ਦੱਖਣੀ ਚੌਧਰ ਸਥਾਪਤ ਕਰ ਲਈ। ਜਿਉਂ ਜਿਉਂ ਸਮਾਂ ਬੀਤਦਾ ਗਿਆ ਬਾਕੀ ਦੁਨੀਆਂ ਦੀ ਤਰ੍ਹਾਂ ਸ੍ਰੀਲੰਕਾ ਨੂੰ ਵੀ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਹੇਠ ਕਰ ਲਿਆ। ਸ੍ਰੀਲੰਕਾ ਵਿਚ ਚਾਹ ਦੇ ਕਾਫੀ ਜ਼ਿਆਦਾ ਬਾਗ ਹੋਣ ਕਾਰਨ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਸੀ। ਇਸੇ ਕਾਰਨ ਹੀ ਅੰਗਰੇਜ਼ਾਂ ਨੇ ਤਾਮਿਲਾਂ ਨੂੰ ਚਾਹ ਦੇ ਬਾਗਾਂ ਵਿਚ ਕੰਮ ਕਰਨ ਲਈ ਲਿਆ ਕੇ ਵਸਾਉਣਾ ਸ਼ੁਰੂ ਕਰ ਦਿੱਤਾ। 1911 ਤੋਂ 1921 ਦੇ ਸਿਰਫ ਇਕ ਦਹਾਕੇ ਵਿਚ ਹੀ 6 ਕਰੋੜ 35 ਲੱਖ ਦੇ ਕਰੀਬ ਤਾਮਿਲ ਮਜ਼ਦੂਰ ਇਥੇ ਆਏ। ਇਨ੍ਹਾਂ ਬਾਗਾਂ ਦੀ ਮਾਲਕੀ ਸਿਨਹਾਲੀ ਲੋਕਾਂ ਕੋਲ ਹੀ ਸੀ ਜਿਸ ਕਾਰਨ ਸ਼ੁਰੂ ਤੋਂ ਹੀ ਸਿਨਹਾਲੀ ਲੋਕ ਤਾਮਿਲ ਕਾਮਿਆਂ ਨੂੰ ਦਬਾਅ ਕੇ ਰੱਖਣ ਦੀ ਨੀਤੀ ਤੇ ਚੱਲਣ ਲੱਗੇ। ਸ਼ੁਰੂ ਸ਼ੁਰੂ ਵਿਚ ਤਾਮਿਲ ਲੋਕ ਜ਼ਰੂਰ ਦਬ ਕੇ ਰਹੇ ਪਰ ਜਿਥੇ ਜ਼ਬਰ ਹੈ ਉਥੇ ਬਗਾਵਤ ਹੈ, ਦੀ ਪ੍ਰਸਿੱਧ ਕਹਾਵਤ ਮੁਤਾਬਕ ਹੌਲੀ ਹੌਲੀ ਉਨ੍ਹਾਂ ਨੇ ਆਪਣੇ ਹੱਕਾਂ ਵਾਸਤੇ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਸੰਨ 1937 ਵਿਚ ਅੰਗਰੇਜ਼ ਹਾਕਮਾਂ ਨੇ ਤਾਮਿਲਾਂ ਨੂੰ ਵੋਟ ਪਾਉਣ ਅਤੇ ਚੋਣ ਲੜਨ ਵਰਗੇ ਬੁਨਿਆਦੀ ਅਧਿਕਾਰ ਦੇ ਦਿੱਤੇ ਤਾਂ ਸਿਨਹਾਲੀ ਆਗੂ ਸੜ-ਬਲ ਕੇ ਅੱਗ ਭਬੂਕਾ ਹੋ ਗਏ। ਸਿਨਹਾਲੀ ਬੁੱਧ ਧਰਮ ਵਿਚ ਅਤੇ ਤਾਮਿਲ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਦੇ ਸਨ। ਜਿਸ ਕਾਰਨ ਇਹ ਸਮੱਸਿਆ ਹੌਲੀ ਹੌਲੀ ਨਸਲੀ ਰੂਪ ਧਾਰਨ ਕਰਦੀ ਗਈ। 1948 ਵਿਚ ਜਦੋਂ ਸ੍ਰੀਲੰਕਾ ਆਜ਼ਾਦ ਹੋਇਆ ਤਾਂ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਬੁਨਿਆਦੀ ਅਧਿਕਾਰ ਦਿੱਤੇ ਜਾਂਦੇ ਪਰ ਪਹਿਲਾਂ ਹੀ ਅੰਗਰੇਜ਼ਾਂ ਵਲੋਂ ਬਖਸ਼ੇ ਅਧਿਕਾਰ ਵੀ ਸ੍ਰੀਲੰਕਾ ਦੇ ਹਾਕਮ ਖੋਹਣ ਲੱਗ ਪਏ। ਉਦਾਹਰਣ ਵਜੋਂ ਲੱਖਾਂ ਹੀ ਤਾਮਿਲਾਂ ਤੋਂ ਵੋਟ ਅਧਿਕਾਰ ਖੋਹ ਲਿਆ ਗਿਆ। ਚਾਰ ਲੱਖ ਮਜ਼ਦੂਰਾਂ ਨੂੰ ਚਾਹ ਦੇ ਬਾਗਾਂ ਵਿਚੋਂ ਕੱਢ ਕੇ ਬੇਰੁਜ਼ਗਾਰੀ ਦੀ ਭੱਠੀ ਵਿਚ ਝੋਕ ਦਿੱਤਾ।

**ਭੇਦਭਾਵ:** ਸ੍ਰੀਲੰਕਾ ਦੀ ਨਸਲੀ ਸਮੱਸਿਆ ਕਿਸੇ ਖਿਲਾਅ ਵਿਚੋਂ ਪੈਦਾ ਨਹੀਂ ਹੋਈ ਸਗੋਂ ਇਸਦਾ ਮੁੱਖ ਕਾਰਨ ਇਹ ਹੈ ਕਿ ਤਾਮਿਲ ਲੋਕਾਂ ਨਾਲ ਪੈਰ ਪੈਰ ਤੇ ਧੱਕਾ ਕੀਤਾ ਜਾਂਦਾ ਹੈ। ਜਿਨ੍ਹਾਂ ਲੋਕਾਂ ਕੋਲ ਆਪਣੇ ਦੇਸ਼ ਅੰਦਰ ਰਹਿੰਦਿਆਂ ਹੀ ਵੋਟ ਪਾਉਣ ਅਤੇ ਚੋਣ ਲੜਨ ਵਰਗੇ ਮੁਢਲੇ ਅਧਿਕਾਰ ਨਹੀਂ ਹੁੰਦੇ ਤਾਂ ਉਨ੍ਹਾਂ ਵੱਲੋਂ ਆਪਣੇ ਬਣਦੇ ਹੱਕਾਂ ਲਈ ਸੰਘਰਸ਼ ਕਰਨਾ ਜ਼ਰੂਰੀ ਹੁੰਦਾ ਹੈ। ਭੇਦਭਾਵ ਦੀ ਉਘੜਵੀਂ ਅਤੇ ਸੰਵਿਧਾਨਕ ਉਦਾਹਰਣ ਤਾਮਿਲ ਵਿਰੋਧੀ ਨਾਗਰਿਕਤਾ ਕਾਨੂੰਨ ਹੈ। ਸਰਕਾਰੀ ਨੌਕਰੀਆਂ ਵਿਚ ਤਾਮਿਲਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਸਰਕਾਰੀ ਨੌਕਰੀਆਂ ਤੋਂ ਤਾਮਿਲਾਂ ਦੀ ਬੇਦਖਲੀ ਲਗਾਤਾਰ ਜਾਰੀ ਹੈ। ਹਰੇਕ ਮਾਣ ਇੱਜ਼ਤ ਵਾਲੀ ਸਰਕਾਰੀ ਨੌਕਰੀ ਵਿਚ ਸਿਨਹਾਲੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਕਈ ਵਾਰ ਇਹ ਧੱਕਾ ਇਥੋਂ ਤਕ ਵਧ ਜਾਂਦਾ ਹੈ ਕਿ ਯੋਗ ਤਾਮਿਲਾਂ ਦੇ ਥਾਂ ਤੇ ਅਯੋਗ ਸਿਨਹਾਲੀਆਂ ਨੂੰ ਭਰਤੀ ਕਰ ਲਿਆ ਜਾਂਦਾ ਹੈ। ਉਚ ਸਿਖਿਆ ਵਿਚ ਤਾਂ ਤਾਮਿਲਾਂ ਨਾਲ ਹੱਦ ਦਰਜੇ ਦਾ ਘਟੀਆ ਸਲੂਕ ਕੀਤਾ ਜਾਂਦਾ ਹੈ। ਵਧੀਆ ਨੰਬਰ ਪ੍ਰਾਪਤ ਕਰਨ ਦੇ ਬਾਵਜੂਦ ਤਾਮਿਲਾਂ ਨੂੰ ਦਾਖਲਾ ਨਹੀਂ ਦਿੱਤਾ ਜਾਂਦਾ ਜਦੋਂ ਕਿ ਸਿਨਹਾਲੀਆਂ ਨੂੰ ਮੁਕਾਬਲਤਨ ਘੱਟ ਨੰਬਰ ਹੋਣ ਤੇ ਵੀ ਦਾਖਲ ਕਰ ਲਿਆ ਜਾਂਦਾ ਹੈ। ਇਕ ਸਰਵੇਖਣ ਮੁਤਾਬਕ 1970 ਤੋਂ 78 ਤਕ ਵਿਗਿਆਨ ਦੀ ਸਿੱਖਿਆ ਵਿਚ ਤਾਮਿਲ ਵਿਦਿਆਰਥੀ 35 ਤੋਂ ਘਟ ਕੇ 25 ਪ੍ਰਤੀਸ਼ਤ ਰਹਿ ਗਏ ਹਨ। ਜਦੋਂ ਤਾਮਿਲ ਵਿਦਿਆਰਥੀ ਉੱਚ ਸਿਖਿਆ ਲਈ ਬਾਹਰਲੇ ਮੁਲਕਾਂ ਨੂੰ ਜਾਣ ਲੱਗੇ ਤਾਂ ਭੰਡਾਰਨਾਇਕੇ ਹਕੂਮਤ ਨੇ ਸਿੱਖਿਆ ਸਬੰਧੀ ਦਿੱਤੀ ਜਾਣ ਵਾਲੀ ਵਿਦੇਸ਼ ਮੁਦਰਾ ਤੇ ਰੋਕ ਲਗਾ ਦਿੱਤੀ। ਇਸ ਤਰ੍ਹਾਂ ਤਾਮਿਲਾਂ ਨੂੰ ਉਚ ਸਿਖਿਆ ਤੋਂ ਵਾਂਝੇ ਰੱਖਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ ਅਤੇ ਸਭ ਤੋਂ ਵੱਧ ਭੇਦਭਾਵ ਹੈ ਸਿਨਹਾਲੀਆਂ ਵਲੋਂ ਤਾਮਿਲਾਂ ਨੂੰ ਜੀਵਨ ਦੇ ਹਰ ਖੇਤਰ ਅੰਦਰ ਘੋਰ ਨਫਰਤ ਨਾਲ ਦੇਖਣਾ।

**ਮੁਕਾਬਲਾ:** ਸ੍ਰੀਲੰਕੀ ਦੀ ਨਸਲ ਪ੍ਰਸਤ ਹਕੂਮਤ ਵਲੋਂ ਅਖਤਿਆਰ ਕੀਤੀ ਇਸ ਘਟੀਆ ਸਿਆਸਤ ਕਾਰਨ ਹੀ ਤਾਮਿਲ ਲੋਕ ਵੀ ਚੁੱਪ ਕਰਕੇ ਨਹੀਂ ਬੈਠੇ। ਉਨ੍ਹਾਂ ਨੇ ਇਸ ਚੁਣੌਤੀ ਨੂੰ ਕਬੂਲ ਕੀਤਾ ਹੋਇਆ ਹੈ। 'ਤਾਮਿਲ ਯੂਨਾਈਟਿਡ ਲਬਰੇਸ਼ਨ ਫਰੰਟ' (ਤੁਲਫ) ਤੋਂ ਇਲਾਵਾ ਤਾਮਿਲਾਂ ਨੇ ਹੋਰ ਦਰਜਨਾਂ ਹੀ ਉਗਰਵਾਦੀ ਜਥੇਬੰਦੀਆਂ ਬਣਾਈਆਂ ਹੋਈਆਂ ਹਨ। ਆਖਰ ਵਿਚਾਰੇ ਕਰਨ ਵੀ ਕੀ। ਲੜਨ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਵੀ ਨਹੀਂ। 1969 ਵਿਚ 'ਤਾਮਿਲ ਈਲਮ ਲਿਬਰੇਸ਼ਨ ਆਰਗੇਨਾਈਜ਼ੇਸ਼ਨ' ਦੀ ਸਥਾਪਨਾ ਕੀਤੀ ਗਈ। 1972 ਵਿਚ 'ਤਾਮਿਲ ਨਿਯੂ ਟਾਈਗਰਜ਼' ਨਾਮੀ ਇਕ ਜਥੇਬੰਦੀ ਬਣ ਗਈ। ਇਨ੍ਹਾਂ ਜਥੇਬੰਦੀਆਂ ਨੇ ਸਰਕਾਰੀ ਦਹਿਸ਼ਤਵਾਦ ਦਾ ਮੂੰਹ ਤੋੜਵਾਂ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਜਥੇਬੰਦੀਆਂ ਨੇ ਆਪਣਾ ਸਭ ਤੋਂ ਪਹਿਲਾ ਨਿਸ਼ਾਨਾ ਖੁਫੀਆ ਅਧਿਕਾਰੀਆਂ ਨੂੰ ਬਣਾਇਆ ਜੋ ਕਿ ਤਾਮਿਲ ਵਸੋਂ ਵਿਚੋਂ ਰਿਪੋਰਟਾਂ ਇਕੱਠੀਆਂ ਕਰਦੇ ਸਨ। ਉਹ ਪੁਲਸ ਅਧਿਕਾਰੀ ਜੋ ਤਾਮਿਲ ਘੁਲਾਟੀਆਂ ਤੇ ਅੰਨ੍ਹਾ ਜ਼ਬਰ ਢਾਹੁੰਦੇ ਸਨ, ਉਨ੍ਹਾਂ ਨੂੰ ਵੀ ਇਨ੍ਹਾਂ ਜਥੇਬੰਦੀਆਂ ਨੇ ਸਬਕ ਸਿਖਾਉਣਾ ਸ਼ੁਰੂ ਕਰ ਦਿੱਤਾ।

ਸਿਰਫ ਸਿਨਹਾਲੀ ਅਫਸਰ ਹੀ ਨਹੀਂ ਸਗੋਂ ਇਨ੍ਹਾਂ ਵਿਚ ਛੁਪੇ ਗਦਾਰ ਤਾਮਿਲ ਸਰਕਾਰੀ ਅਫਸਰ ਵੀ ਇਨ੍ਹਾਂ ਜਥੇਬੰਦੀਆਂ ਦੇ ਚੋਟ ਨਿਸ਼ਾਨੇ ਬਣੇ। ਜਿਸ ਕਾਰਨ ਤਾਮਿਲ ਵਸੋਂ ਵਾਲੇ ਇਲਾਕਿਆਂ ਵਿਚ ਸਾਰਾ ਖੁਫੀਆ ਵਿਭਾਗ ਹੀ ਥਰਥਰਾ ਉਠਿਆ। 1983 ਵਿਚ ਜਦੋਂ ਤਾਮਿਲ ਵਿਰੋਧੀ ਹਿੰਸਾ ਸ਼ੁਰੂ ਹੋਈ ਤਾਂ ਉਸ ਵਿਚ ਸੈਂਕੜੇ ਨਿਰਦੋਸ਼ ਤਾਮਿਲਾਂ ਨੂੰ ਕਤਲ ਕਰ ਦਿੱਤਾ ਗਿਆ। ਸੱਤਰ ਹਜ਼ਾਰ ਤੋਂ ਵੀ ਜ਼ਿਆਦਾ ਤਾਮਿਲ ਘਰੋਂ ਬੇਘਰ ਹੋ ਕੇ ਜੰਗਲਾਂ ਤੇ ਮੰਦਰਾਂ ਵਿਚ ਰੁਲਣ ਲੱਗੇ। ਇਸ ਤੋਂ ਬਾਅਦ ਤਾਮਿਲ ਸੰਗਠਨਾਂ ਨੂੰ ਆਮ ਜਨ ਸਮੂਹ ਦੀ ਹਮਾਇਤ ਮਿਲਣੀ ਸ਼ੁਰੂ ਹੋ ਗਈ। ਇਸ ਘਟਨਾ ਮਗਰੋਂ ਤਾਮਿਲਾਂ ਨੇ ਦਰਜਨਾਂ ਹੀ ਫੌਜੀ ਠਿਕਾਣਿਆਂ ਨੂੰ ਘੇਰ ਲਿਆ। ਕਈ ਬਖਤਰਬੰਦ ਗੱਡੀਆਂ ਨੂੰ ਉਡਾ ਦਿੱਤਾ। ਇਥੋਂ ਤਕ ਕਿ ਨੀਵੀਂ ਉਡਾਣ ਭਰਨ ਵਾਲੇ ਜ਼ਹਾਜ਼ ਵੀ ਇਨ੍ਹਾਂ ਦੀ ਮਾਰ ਤੋਂ ਬਚ ਨਾ ਸਕੇ। 1983 ਦੀ ਨਿਰਦਈ ਘਟਨਾ ਤੋਂ ਬਾਅਦ ਅਜੇ ਤਕ ਤਾਮਿਲਾਂ ਦੇ ਖਾੜਕੂ ਸੰਗਠਨਾਂ ਨੇ ਕਈ ਫੌਜੀ ਅੱਡਿਆਂ ਨੂੰ ਘੇਰ ਰੱਖਿਆ ਹੈ ਅਤੇ ਕਈ ਵਾਰੀ ਸ੍ਰੀਲੰਕਾ ਦੀ ਫੌਜ ਦੁਆਰਾ ਘੇਰਾਬੰਦੀ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਬਣਾਇਆ ਹੈ

ਜਦੋਂ ਨਸਲੀ ਹਕੂਮਤ ਦੀ ਖਾੜਕੂ ਸੰਗਠਨਾਂ ਸਾਹਮਣੇ ਕੋਈ ਪੇਸ਼ ਨਹੀਂ ਜਾਂਦੀ ਤਾਂ ਕਈ ਵਾਰੀ ਤਾਮਿਲ ਬਹੁਗਿਣਤੀ ਵਸੋਂ ਵਾਲੇ ਇਲਾਕਿਆਂ ਤੇ ਬੰਬਾਰੀ ਸ਼ੁਰੂ ਕੀਤੀ ਜਾਂਦੀ ਹੈ।

ਉਤਰ ਪੂਰਬੀ ਸ੍ਰੀਲੰਕਾ ਵਿਚ ਅਤੇ ਖਾਸ ਕਰ ਜਾਫਨਾ ਅਤੇ

ਬਾਕੀ ਪੰਨਾ 30 'ਤੇ

An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375



ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਬਾਬੂ ਬਾਂਸਲ

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਇਸ ਕਿਤਾਬ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ:

ਫੋਨ: 872-7375

ਪੰਨਾ 29 ਦੀ ਬਾਕੀ

ਤ੍ਰਿਕੋਮਾਲੀ ਵਿਚ ਕਈ ਵਾਰ ਅਜਿਹੇ ਹਮਲੇ ਕੀਤੇ ਜਾਂਦੇ ਹਨ ਜਿਸ ਵਿਚ ਅਣਗਿਣਤ ਨਿਹੱਥੇ ਤੇ ਨਿਰਦੋਸ਼ ਲੋਕ ਮਾਰੇ ਜਾਂਦੇ ਹਨ। ਇਥੋਂ ਤਕ ਕਿ ਕਈ ਵਾਰੀ ਹਵਾਈ ਬੰਬਾਰੀ ਵੀ ਕੀਤੀ ਜਾ ਚੁੱਕੀ ਹੈ।

ਭਾਵੇਂ ਸਭ ਖਾੜਕੂ ਸੰਗਠਨਾਂ ਦਾ ਸਾਂਝਾ ਮਕਸਦ ਨਸਲ ਪ੍ਰਸਤ ਜੇਵਰਧਨੇ ਹਕੂਮਤ ਖਿਲਾਫ ਲੜਨਾ ਹੈ ਪਰ ਕਈ ਤਾਮਿਲ ਗਰੁੱਪਾਂ ਵਿਚਕਾਰ ਆਪਸੀ ਟੱਕਰ ਵੀ ਹੋ ਚੁੱਕੀ ਹੈ। ਜਿਸ ਦੀ ਲਪੇਟ ਵਿਚ ਕਈ ਮੰਨੇ ਪ੍ਰਮੰਨੇ ਆਗੂ ਵੀ ਆ ਜਾਂਦੇ ਹਨ। ਜਿਵੇਂ ਕਿ ਤਾਮਿਲ ਈਲਮ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦਾ ਪ੍ਰਮੁੱਖ ਆਗੂ ਸਬਾਰਤਨਮ ਅਜਿਹੀਆਂ ਹੀ ਝੜਪਾਂ ਵਿਚ ਮਾਰਿਆ ਗਿਆ ਸੀ। ਸੂਚਨਾਵਾਂ ਮੁਤਾਬਕ ਪਿਛਲੇ ਦਿਨੀਂ ਆਪਸੀ ਝੜਪਾਂ ਦੌਰਾਨ ਕਈ ਤਾਮਿਲ ਘੁਲਾਟੀਏ ਮਾਰੇ ਗਏ।

**ਆਰਥਿਕਤਾ:** ਦਿਨੋਂ ਦਿਨ ਜ਼ੋਰ ਫੜ ਰਹੇ ਗ੍ਰਹਿ ਯੁੱਧ ਕਾਰਨ ਸ੍ਰੀਲੰਕਾ ਦੀ ਆਰਥਿਕ ਸਥਿਤੀ ਬੁਰੀ ਤਰ੍ਹਾਂ ਲੜਖੜਾ ਗਈ ਹੈ। 1983 ਵਿਚ ਸ੍ਰੀਲੰਕਾ ਸਿਰ ਬਾਹਰੀ ਕਰਜ਼ਾ 2.6 ਅਰਬ ਡਾਲਰ ਸੀ ਜੋ ਕਿ ਇਕ ਸਾਲ ਵਿਚ ਵਧ ਕੇ 3.1 ਅਰਬ ਡਾਲਰ ਹੋ ਗਿਆ। ਰੱਖਿਆ ਬਾਰੇ ਬਜਟ ਜੋ ਕਿ 1984 ਵਿਚ 2.6 ਅਰਬ ਡਾਲਰ ਸੀ 1985 ਵਿਚ ਇਹ ਵਧ ਕੇ ਦੁੱਗਣੇ ਤੋਂ ਵੀ ਜ਼ਿਆਦਾ (5.6 ਅਰਬ ਡਾਲਰ) ਹੋ ਗਿਆ। ਇਸ ਤਰ੍ਹਾਂ ਇਸ ਦਾ ਅਸਰ ਵਿਕਾਸ ਕੰਮਾਂ ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ ਅਤੇ ਆਮ ਜਨਤਾ ਦੀ ਜ਼ਿੰਦਗੀ ਦੁੱਭਰ ਹੋ ਗਈ ਹੈ। ਇਸੇ ਕਾਰਨ ਕੁਝ ਸਿਨਹਾਲੀ ਵੀ ਤਾਮਿਲਾਂ ਦਾ ਸਾਥ ਦੇਣ ਲੱਗੇ ਹਨ। ਇਕ ਕਾਨੂੰਨ ਅਨੁਸਾਰ ਗ੍ਰਿਫਤਾਰ ਕੀਤੇ ਗਏ 400 ਲੋਕਾਂ ਵਿਚੋਂ 100 ਸਿਨਹਾਲੀ ਸਨ। ਸ੍ਰੀਲੰਕਾ ਦੀ ਹਕੂਮਤ ਵਿਗੜ ਰਹੀ ਸਥਿਤੀ ਦਾ ਸਿਆਸੀ ਹੱਲ ਲੱਭਣ ਦੀ ਬਜਾਇ ਫੌਜੀ ਹੱਲ ਤੇ ਜ਼ੋਰ ਦੇ ਰਹੀ ਹੈ ਅਤੇ ਇਸੇ ਕਾਰਨ ਚੀਨ ਅਤੇ ਇਸਰਾਈਲ ਵਰਗੇ ਮੁਲਕਾਂ ਤੋਂ ਹੋਰ ਫੌਜੀ ਸਾਜ਼ੋ ਸਮਾਨ ਦੀ ਮੰਗ ਕੀਤੀ ਜਾ ਰਹੀ ਹੈ। ਅਮਰੀਕਾ ਸ੍ਰੀਲੰਕਾ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕਰਨ ਬਾਰੇ ਵਿਚਾਰ ਕਰ ਰਿਹਾ ਹੈ ਜਿਨ੍ਹਾਂ ਨੂੰ ਆਤੰਕਵਾਦ ਨਾਲ ਨਿਪਟਣ ਲਈ ਫੌਜੀ ਸਹਾਇਤਾ ਦਿੱਤੀ ਜਾਂਦੀ ਹੈ, ਜੋ ਕਿ ਕੁੱਲ ਮਿਲਾ ਕੇ ਬਹੁਤ ਹੀ ਮਾੜੀ ਹੋਵੇਗੀ।

ਭਾਵੇਂ ਭਾਰਤ ਸਰਕਾਰ ਦਾ ਰਵੱਈਆ ਠੀਕ ਹੈ ਅਤੇ ਜੇਵਰਧਨੇ ਹਕੂਮਤ ਤੇ ਇਸ ਗੱਲ ਲਈ ਦਬਾਅ ਪਾਇਆ ਜਾ ਰਿਹਾ ਹੈ ਕਿ ਇਸ ਸਮੱਸਿਆ ਦਾ ਸਿਆਸੀ ਹੱਲ ਲੱਭਿਆ ਜਾਵੇ, ਪਰ ਸਾਡੀ ਸਰਕਾਰ ਨੇ ਖੁਦ ਪੰਜਾਬ ਵਰਗੇ ਮਸਲਿਆਂ ਨੂੰ ਫੌਜੀ ਹੱਲ ਨਾਲ ਨਿਪਟਣ ਦੀ ਕਸਮ ਖਾਧੀ ਹੋਈ ਹੈ। ਪੰਜਾਬ ਸਮਝੌਤੇ ਰਾਹੀਂ ਜਿਹੜਾ ਮਾੜਾ ਮੋਟਾ ਸਿਆਸੀ ਹੱਲ ਲੱਭਿਆ ਗਿਆ ਸੀ, ਉਸ ਦਾ ਜੋ ਹਸ਼ਰ ਸਾਡੀ ਹਕੂਮਤ ਨੇ ਕੀਤਾ ਹੈ, ਉਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ।



ਮਾਸੂਮੀਅਤ (ਫੋਟੋ: ਰਮਿੰਦਰ ਚੌਧਰ)


# Business Financial Planning



**Taking Care of Your Family and Business**






**Recruiting and Retaining Key Employees**






**Affordable Retirement Packages for You and Your Employees**




**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**

**Res: (604) 254-5837**

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ਵਿਸ਼ਵ ਦੀ ਨੁਹਾਰ ਤੇ ਮਨੁੱਖੀ ਕਲਪਨਾ

ਤਰਲੋਚਨ ਸਿੰਘ

ਇਹ ਕੋਈ ਸੱਜਰਾ ਪ੍ਰਸ਼ਨ ਨਹੀਂ । ਆਦਿ ਕਾਲ ਤੋਂ ਹੀ ਮਨੁੱਖ ਪ੍ਰਿਥਵੀ ਅਤੇ ਉਸ ਦੇ ਆਲੇ ਦੁਆਲੇ ਪਸਰੇ ਵਿਸ਼ਵ ਲਈ ਸਦਾ ਸੋਚਦਾ ਰਿਹਾ ਹੈ । ਜਦੋਂ ਰਾਤ ਦਾ ਪਹਿਰਾ ਮੁੱਕ ਜਾਂਦਾ ਹੈ ਤਾਂ ਸਵਰਗ ਦੀ ਰਾਜਹੰਸਨੀ ਆਕਾਸ਼ ਵਿਚ ਇਕ ਸੋਨੇ ਦਾ ਅੰਡਾ ਦਿੰਦੀ ਹੈ । ਇਹ ਅੰਡਾ ਫਟਦਾ ਹੈ ਤਾਂ ਸਵੇਰਾ ਹੋ ਜਾਂਦਾ ਹੈ ਕਿਉਂਕਿ ਉਸ ਵਿਚੋਂ ਸੂਰਜ ਉਗਮਦਾ ਹੈ,ਰਾਤ ਦੇ ਅੰਧਕਾਰ ਵਿਚ ਰੋਜ਼ ਹੀ ਉਸ ਸੂਰਜ ਦੀ ਮੌਤ ਹੋ ਜਾਂਦੀ ਹੈ । ਅਗਲੀ ਸਵੇਰ ਫਿਰ ਰਾਜਹੰਸਨੀ ਅੰਡਾ ਦੇਵੇਗੀ...ਤਾਂ ਜਾ ਕੇ ਸੂਰਜ ਚੜ੍ਹੇਗਾ । ਲੋਕੀਂ ਸੁਣਦੇ ਅਤੇ ਤ੍ਰਿਪਤ ਹੋ ਜਾਂਦੇ ।

ਪਰਵਦਗਾਰ ਨੇ ਇਸ ਖਿਆਲ ਵਿਚ ਫੂਕ ਮਾਰੀ ਅਤੇ 'ਕੁਨ' (ਬਣ ਜਾ) ਦਾਂ ਸ਼ਬਦ ਉਚਾਰਿਆ...ਬੱਸ ਉਸਦੇ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ ।...ਇਹ ਸ੍ਰਿਸ਼ਟੀ ਇਕ ਵੱਡੀ ਸਾਰੀ ਪਲੇਟ ਵਰਗੀ ਹੈ,ਜਿਹੜੀ ਮੱਛੀਆਂ ਦੇ ਉਪਰ ਤਰ ਰਹੀ ਹੈ ।...ਨਹੀਂ ਨਹੀਂ ਇਕ ਬਹੁਤ ਵੱਡਾ ਪਿਆਲਾ ਮੂਧਾ ਵੱਜਾ ਹੋਇਆ ਹੈ । ਇਸ ਪਿਆਲੇ ਦੇ ਅੰਦਰ ਹੀ ਸਾਡੇ ਚੰਨ-ਸੂਰਜ ਹਨ । ਜੇ ਅਸੀਂ ਇਸ ਠੋਸ ਪਿਆਲੇ ਨੂੰ ਤੋੜ ਕੇ ਬਾਹਰ ਵੱਲ ਝਾਕੀਏ ਤਾਂ ਸਾਨੂੰ ਹੋਰ ਵਿਸ਼ਵ ਦਿਸ ਪੈਣਗੇ ।

ਮਨੁੱਖੀ ਕਲਪਨਾ ਦੀ ਕੋਈ ਸੀਮਾ ਨਹੀਂ । ਇਸ ਵਿਸ਼ਵ ਸਬੰਧੀ ਉਹ ਕਈ ਕਹਾਣੀਆਂ ਘੜ ਕੇ ਆਪਣੀ ਜਗਿਆਸਾ ਦੀ ਤ੍ਰਿਪਤੀ ਕਰਦਾ ਰਿਹਾ । ਪਰ ਅੱਜ ਦਾ ਵਿਗਿਆਨਕ ਮਨੁੱਖ ਇਨ੍ਹਾਂ ਕਲਪਤ ਕਹਾਣੀਆਂ ਨੂੰ ਮੰਨਣ ਲਈ ਉੱਕਾ ਤਿਆਰ ਨਹੀਂ । ਉਹ ਤਾਂ ਉਨ੍ਹਾਂ ਅਤਿਅੰਤ ਸੂਖਮ ਕਣਾਂ ਦੀ ਭਾਲ ਵਿਚ ਹੈ,ਜਿਨ੍ਹਾਂ ਇਸ ਵਿਸ਼ਵ ਦੀ ਸਿਰਜਣਾ ਕੀਤੀ ਹੈ ।

## ਕਿਣਕੇ ਤੋਂ ਬ੍ਰਹਿਮੰਡ ਤੀਕ

ਜਦੋਂ ਜੇਮਜ਼ ਜੀਨਜ਼ ਨੂੰ ਇਸ ਵਿਸ਼ਵ ਦੇ ਪਸਾਰੇ ਸਬੰਧੀ ਪੁੱਛਿਆ ਗਿਆ ਤਾਂ ਉਸ ਬੜੀ ਸਾਦਗੀ ਨਾਲ ਕਿਹਾ...'ਜੇਕਰ ਪ੍ਰਿਥਵੀ ਦੇ ਸਾਰੇ ਸਾਗਰਾਂ ਦੀ ਰੇਤ ਇਕੱਠੀ ਕਰ ਲਈ ਜਾਵੇ ਤਾਂ ਉਸ ਵਿਚ ਜੋ ਹੋਂਦ ਇਕ ਨਿਕਚੂ ਜਿਹੇ ਕਿਣਕੇ ਦੀ ਹੈ,ਉਹੋ ਜਿਹੀ ਸਾਡੀ ਪ੍ਰਿਥਵੀ ਦੀ ਹੋਂਦ ਇਸ ਸਮੁੱਚੇ ਵਿਸ਼ਵ ਵਿਚ ਹੈ । ਸ਼ਾਇਦ ਉਸ ਤੋਂ ਛੋਟੀ ਹੀ ਹੋਵੇ ।'

ਕਹਿੰਦੇ ਨੇ ਮਨੁੱਖੀ ਇਤਿਹਾਸ ਦੇ 'ਅੰਧ ਕਾਲ' ਵਿਚ ਏਨਾ ਹਨੇਰਾ ਸੀ ਕਿ ਚਾਰੇ ਪਾਸੇ ਹੱਥ ਵੈਲਾਇਆਂ ਵੀ ਕੁਝ ਨਹੀਂ ਸੀ ਲੱਭਦਾ । ਪ੍ਰਿਥਵੀ ਜਾਂ ਚੰਨ-ਤਾਰਿਆਂ ਸਬੰਧੀ ਹਰ ਗਿਣਤੀ ਅਤੇ ਕਿਆਸ ਉਪਰ ਧਾਰਮਿਕ ਮੋਹਰ ਲੱਗੀ ਹੁੰਦੀ ਸੀ । ਉਸ ਵਿਰੁੱਧ ਬੋਲਣ ਦਾ ਕੌਣ ਹੀਆ ਕਰ ਸਕਦਾ ਸੀ । ਗੈਲੀਲੀਓ ਦਾ ਕੀ ਕਸੂਰ ਸੀ ? ਕਿਸ ਦੋਸ਼ ਬਦਲੇ ਉਸਨੂੰ ਤਸੀਹੇ ਦਿੱਤੇ ਗਏ ? ਉਸ ਨੇ ਕੇਵਲ ਇਹੋ ਹੀ ਕਿਹਾ ਸੀ ਨਾ ਕਿ ਪ੍ਰਿਥਵੀ ਘੁੰਮਦੀ ਹੈ । ਜ਼ਰਦੋਨੀ ਬਰੂਨੋਂ ਨੂੰ ਧਾਰਮਿਕ ਕੱਟੜ ਪੰਥੀਆਂ ਨੇ ਕ੍ਰਾਸ ਉਪਰ ਬੰਨ੍ਹ ਕੇ ਜਿਉਂਦਿਆਂ ਸਾੜ ਦਿੱਤਾ ਸੀ । ਦੋਸ਼? 'ਪ੍ਰਿਥਵੀ ਇਸ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ । ਇਹ ਸੂਰਜ ਦੁਆਲੇ ਘੁੰਮ ਰਹੀ ਹੈ ।' ਉਸ ਐਲਾਨ ਕੀਤਾ ਸੀ ।

ਸੋਲ੍ਹਵੀਂ ਸਦੀ ਵਿਚ ਜਾ ਕੇ ਕਿਧਰੇ ਲੋਕਾਂ ਨੇ ਕੂਪਰਨੀਕਸ ਤਾਰਾ ਵਿਗਿਆਨੀ ਦੀ ਗੱਲ ਨੂੰ ਕੁਝ ਕੁਝ ਮੰਨਣਾ ਸ਼ੁਰੂ ਕੀਤਾ । ਉਸ ਸਿਧਕੀਤਾ ਸੀ ਕਿ ਵਿਸ਼ਵ ਦਾ ਪਸਾਰ ਬਹੁਤ ਵੱਡਾ ਹੈ ਅਤੇ ਸਾਡੀ ਪ੍ਰਿਥਵੀ ਸੂਰਜ ਦੁਆਲੇ ਘੁੰਮ ਰਹੀ ਹੈ । ਉਸ ਨੂੰ ਵੀ ਜ਼ਿੰਦਗੀ ਭਰ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ।

ਅਰਸਤੂ ਤੋਂ ਤੁਰਦੀ ਤੁਰਦੀ ਗੱਲ ਨਿਊਟਨ ਅੜੇ ਫਿਰ ਆਈਨਸਟਾਈਨ ਤੱਕ ਪੁੱਜ ਗਈ । ਕਿਣਕੇ ਗੈਲੈਕਸ਼ੀਆਂ ਦਾ ਰੂਪ ਧਾਰ ਗਏ । ਜਦੋਂ ਵੀ ਪ੍ਰਾਚੀਨ ਮਨੁੱਖ ਦੂਰ ਆਕਾਸ਼ ਵਿਚ ਤਾਰਾ ਸਮੂਹਾਂ ਦੇ ਮਾਰਗ ਨੂੰ ਵੇਖਦਾ ਤਾਂ ਉਹ ਹੈਰਾਨ ਜਿਹਾ ਹੋ ਜਾਂਦਾ...ਇਹ ਆਕਾਸ਼-ਗੰਗਾ ਹੈ...ਇਹ ਗਊਆਂ ਦਾ ਰਾਹ ਹੈ...ਏਥੇ ਹਰਨਾਂ ਦੇ ਵੱਗ ਦੌੜਦੇ ਹਨ...ਇਹ ਜੀਅਸ ਦੇਵਤੇ ਦੇ ਰੱਥ ਦਾ ਰਸਤਾ ਹੈ...ਦੇਵਤੇ ਰਾਤ ਸਮੇਂ ਏਥੇ ਸੈਰ ਕਰਦੇ ਹਨ ਅਤੇ ਸੇਕਣ ਲਈ ਅੱਗ ਬਾਲਦੇ ਹਨ ।

ਫਿਰ ਹੌਲੀ ਹੌਲੀ ਧੁੰਦ ਗਬਾਰ ਉੱਡਿਆ । ਵਿਗਿਆਨ ਦੇ ਸੂਰਜ ਨੇ ਜੱਗ ਚਾਨਣ ਕੀਤਾ । ਆਕਾਸ਼-ਗੰਗਾ ਇਕ ਮਹਾਨ ਤਾਰਾ-ਚੱਕ ਦਾ ਟੁਕੜਾ ਨਿਕਲਿਆ । ਜਦੋਂ ਆਕਾਸ਼-ਗੰਗਾ ਦੀ ਸਮੁੱਚੀ ਤਸਵੀਰ ਉਘੜ ਕੇ ਸਾਹਮਣੇ ਆਈ ਤਾਂ ਵਿਸ਼ਵ ਦੀ ਨੁਹਾਰ ਬਦਲ ਗਈ । ਸਾਡੇ ਸੂਰਜ ਮੰਡਲ ਦੇ ਗੁਆਂਢ ਵਿਚ ਅਰਬਾਂ ਪਰਿਵਾਰ ਹੋਰ ਦਿਸਣ ਲੱਗੇ ।



ਸਾਡੀ ਇਹ ਗੈਲੈਕਸੀ ਚਰਖੇ ਦੇ ਤੱਕਲੇ ਵਰਗੀ ਲਗਦੀ ਹੈ । ਜੇਕਰ ਉਪਰ ਵਲੋਂ ਤਕੀਏ ਤਾਂ ਇਹ ਅੰਡਾਕਾਰ ਸ਼ਕਲ ਦੀ ਲੱਗੇਗੀ । ਇਸਦੇ ਮੱਧ ਵਿਚ ਸਾਈਕਲ ਦੀ ,ਹੱਥ 'ਦੇ ਚੱਕ ਵਾਂਗ ਘੁੰਮ ਰਹੀ ਹੈ । ਸਾਡਾ ਸੂਰਜ ਮੰਡਲ ਇਸ ਗੈਲੈਕਸੀ ਦੇ ਇਕ ਸਿਰੇ ਉਪਰ ਲੱਗਾ ਹੋਇਆ ਦਿਸਦਾ ਹੈ । ਇਸ ਤਾਰਾ ਝੁਰਮਟ ਵਿਚ ਲੱਗਪੱਗ 150 ਅਰਬ ਤਾਰੇ (ਸੂਰਜ) ਹਨ । ਹਰੇਕ ਕੋਲ ਆਪਣਾ ਆਪਣਾ ਪਰਿਵਾਰ ਵੀ ਹੋਵੇਗਾ । ਇਸ ਵਿਚ ਉਹ ਪੁਲਾੜੀ ਧੂੜ ਵੀ ਹੈ,ਜਿਸ ਵਿਚੋਂ ਗ੍ਰਹਿਆਂ ਦੀ ਸਿਰਜਣਾਂ ਵੀ ਹੁੰਦੀ ਹੈ । ਇਸਨੂੰ ਪੁਲਾੜੀ ਮਲਬਾ ਵੀ ਕਿਹਾ ਜਾਂਦਾ ਹੈ । ਇਹ ਗੈਲੈਕਸੀ ਆਪਣੀ ਧੁਰੀ ਦੁਆਲੇ ਘੁੰਮ ਰਹੀ ਹੈ । ਵਿਗਿਆਨੀਆਂ ਦਾ ਇਹ ਵੀ ਮੱਤ ਹੈ ਕਿ ਜਦੋਂ ਤੋਂ ਇਸ ਗੈਲੈਕਸੀ ਦੀ ਸਿਰਜਣਾ ਹੋਈ ਹੈ,ਉਦੋਂ ਤੋਂ ਲੈ ਕੇ ਹੁਣ ਤੀਕ ਇਸ ਨੇ ਅਜੇ ਤੀਕ ਆਪਣਾ ਇਕ ਚੱਕਰ ਵੀ ਪੂਰਾ ਨਹੀਂ ਕੀਤਾ । ਇਸ ਦਾ ਵਿਆਸ ਇਕ ਲੱਖ ਪ੍ਰਕਾਸ਼ ਵਰ੍ਹੇ ਦੱਸਿਆ ਜਾਂਦਾ ਹੈ । ਜੇ ਚਾਨਣ ਆਪਣੇ ਵੇਗ ਨਾਲ ਚੱਲਦਾ ਰਹੇ ਤਾਂ ਗੈਲੈਕਸੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੀਕ ਇਕ ਲੱਖ ਵਰ੍ਹੇ ਵਿਚ ਪੁੱਜੇਗਾ । ਹੁਣ ਤੁਸੀਂ ਅਨੁਮਾਨ ਲੱਗਾ ਲਵੋ ਇਹ ਗੈਲੈਕਸੀ ਕਿੰਨੀ ਕੁ ਵੱਡੀ ਹੋਵੇਗੀ ।

ਜਿਸ ਤਰ੍ਹਾਂ ਸਾਡਾ ਸੂਰਜ ਅਤੇ ਇਸ ਦਾ ਪਰਿਵਾਰ ਇਕ ਸਾਧਾਰਨ ਆਕਾਰ ਵਾਲਾ ਹੈ,ਉਸੇ ਤਰ੍ਹਾਂ ਹੀ ਸਾਡੇ ਨਿਵਾਸ ਵਾਲੀ ਇਹ ਗੈਲੈਕਸੀ ਵੀ ਬੜੀ ਸਾਧਾਰਨ ਜਿਹੀ ਹੈ । ਇਸ ਨਾਲੋਂ ਕਿਤੇ ਵੱਡੀਆਂ ਗੰਗਾਵਾਂ ਜਾਂ ਗੈਲੈਕਸੀਆਂ ਪੁਲਾੜ ਵਿਚ ਤੁਰੀਆਂ ਫਿਰਦੀਆਂ ਹਨ । ਲੱਖਾਂ ਗੈਲੈਕਸੀਆਂ ਦੀ ਹੋਂਦ ਹੁਣ ਤੀਕ ਸਿੱਧ ਹੋ ਚੁੱਕੀ ਹੈ । ਦੂਜੀਆਂ ਗੈਲੈਕਸੀਆਂ ਨੂੰ 'ਨੈਬੂਲਾ' ਦਾ ਨਾਂਅ ਦਿੱਤਾ ਗਿਆ ਹੈ । ਇਨ੍ਹਾਂ ਗੈਲੈਕਸੀਆਂ ਦਾ ਮਨੁੱਖਾਂ ਵਰਗਾ ਸੁਭਾਅ ਹੈ । ਇਹ ਵੀ ਆਮ ਕਰਕੇ ਸਮੂਹ ਜਾਂ ਝੁੰਡਾਂ ਵਿਚ ਰਹਿਣਾ ਪਸੰਦ ਕਰਦੀਆਂ ਹਨ । ਗੈਲੈਕਸੀਆਂ ਦੇ ਇਸ ਝੁੰਡ ਨੂੰ 'ਕਲਸਟਰ' ਜਾਂ 'ਤਾਰਾ ਝੁੰਡ' ਕਿਹਾ ਜਾਂਦਾ ਹੈ । ਇਸ ਤਰ੍ਹਾਂ ਇਕ ਤਾਰਾ-ਝੁੰਡ ਵਿਚ ਕਈ ਪ੍ਰਕਾਰ ਦੀਆਂ ਗੈਲੈਕਸੀਆਂ ਹੋ ਸਕਦੀਆਂ ਹਨ । ਗੋਲਾਕਾਰ,ਅੰਡਾਕਾਰ,ਪੱਧਰੀਆਂ ਜਿਹੀਆਂ,ਚੱਕ ਵਰਗੀਆਂ ਜਾਂ ਘੋੜ ਮੂੰਹੀਆਂ । ਜਿਸ ਤਾਰਾ-ਝੁੰਡ ਵਿਚ ਸਾਡੀ ਗੈਲੈਕਸੀ ਸਥਿਤ ਹੈ,ਉਸਨੂੰ ਤਾਰਿਆਂ ਦਾ 'ਸਥਾਨਿਕ ਝੁੰਡ' ਕਿਹਾ ਜਾਂਦਾ ਹੈ । ਸਾਡੇ ਗੁਆਂਢ ਦੀ ਐਂਡਰੋਮੀਡਾ ਗੈਲੈਕਸੀ ਸਾਡੇ ਕੋਲੋਂ 15 ਲੱਖ ਚਾਨਣ ਵਰ੍ਹੇ ਦੂਰ ਹੈ ਅਤੇ ਇਸੇ ਝੁੰਡ ਵਿਚੋਂ ਹੀ ਹੈ । ਵਿਗਿਆਨੀ ਇਸ ਤਾਰਾ-ਝੁੰਡ ਨੂੰ ਕੁਦਰਤ ਦੀ ਇਕ ਇਕਾਈ ਮੰਨਦੇ ਹਨ । ਕਈ ਤਾਰਾ-ਝੁੰਡ ਮਿਲ ਕੇ ਕੋਈ ਹੋਰ ਸਮੂਹ ਬਣਾਂਦੇ ਹੋਣ ? ਇਸ ਦੀ ਪੁਸ਼ਟੀ ਨਹੀਂ ਹੋ ਸਕੀ । ਹਾਂ ! ਇਨ੍ਹਾਂ ਝੁੰਡਾਂ ਦਾ ਪਸਾਰ,ਪ੍ਰਸਾਰ ਅਤੇ ਖਿਲਾਰਾ ਲੱਗਪੱਗ ਇਕੋ ਜਿਹਾ ਹੈ । ਤਾਰਾ ਵਿਗਿਆਨੀ ਹੁਣ ਤੀਕ ਆਪਣੀ ਦੂਰਦਰਸ਼ੀ ਵਿਚੋਂ ਇਕ ਲੱਖ ਪ੍ਰਕਾਸ਼ ਵਰ੍ਹੇ ਤੀਕ ਇਨ੍ਹਾਂ ਝੁੰਡਾਂ ਦਾ ਪਸਾਰਾ ਦੇਖ ਚੁੱਕੇ ਹਨ ਪਰ ਇਸ ਨੂੰ ਬ੍ਰਹਿਮੰਡ ਦੀ ਸੀਮਾ ਨਹੀਂ ਮੰਨਿਆ ਜਾ ਸਕਦਾ ।

## ਤਾਰਾ ਮੇਘ

ਅਜੇ ਇਕ ਸਦੀ ਵੀ ਨਹੀਂ ਬੀਤੀ ਕਿ ਸਾਡਾ ਸੂਰਜ ਪਰਿਵਾਰ,ਸਾਡੀ ਆਕਾਸ਼-ਗੰਗਾ ਅਤੇ ਕੁਝ ਕੁ ਗੈਲੈਕਸੀਆਂ ਹੀ ਸਾਡਾ ਵਿਸ਼ਵ ਸੀ । ਫਿਰ ਗੁਆਂਢ ਵਿਚ ਹੋਰ ਗੈਲੈਕਸੀਆਂ ਦੀ ਖੋਜ ਹੋਈ । ਇਨ੍ਹਾ ਦੇ ਝੁੰਡਾਂ ਨੂੰ ਵੀ ਨਕਸ਼ਿਆਂ ਵਿਚ ਅੰਕਿਤ ਕਰ ਲਿਆ ਗਿਆ । ਤਾਰਾ ਵਿਗਿਆਨੀ ਵਿਸ਼ਵ ਸਬੰਧੀ ਕਿਸੇ ਨਿਸਚਿਤ ਸਿੱਟੇ ਉੱਤੇ ਪੁੱਜ ਹੀ ਰਹੇ ਸਨ ਕਿ 'ਤਾਰਾ ਮੇਘ' (ਕੁਆਸਾਰਜ਼) ਦੀ ਖੋਜ ਨੇ ਉਨ੍ਹਾਂ ਨੂੰ ਫਿਰ ਗਿਣਤੀਆਂ ਵਿਚ ਪਾ ਦਿੱਤਾ । ਉਨ੍ਹਾਂ ਨੂੰ ਇਸ ਤਰ੍ਹਾਂ ਅਨੁਭਵ ਹੋਣ ਲੱਗਾ ਹੈ ਕਿ ਪਿਛਲੇ ਸਾਰੇ ਕਿਆਸ ਅਤੇ ਅੰਕੜੇ ਗਲਤ ਸਿੱਧ ਹੋ ਜਾਣੇ ਹਨ । ਹੁਣ ਤੀਕ 12 ਤਾਰਾ ਮੇਘਾਂ ਦੀ ਖੋਜ ਹੋ ਚੁੱਕੀ ਹੈ । ਹਰੇਕ ਤਾਰਾ ਮੇਘ ਦਾ ਆਕਾਰ ਸਾਡੀਆਂ ਗੁਆਂਢੀ ਗੈਲੈਕਸੀਆਂ ਨਾਲੋਂ ਕਿਤੇ ਵੱਡਾ ਹੈ । ਰੇਡੀਓ-ਦੂਰਦਰਸ਼ੀਆਂ ਵਿਚੋਂ ਦੁਖਿਆਂ ਇਹ ਮੱਧਮ ਜਿਹੇ ਬੱਦਲ ਹੀ ਨਜ਼ਰ ਆਉਂਦੇ ਹਨ,ਪਰ ਇਨ੍ਹਾਂ ਵੱਲੋਂ ਆਉਂਦੀ ਊਰਜਾ ਹੈਰਾਨਕੁਨ ਹੈ । ਸਾਡੇ 10 ਖਰਬ ਸੂਰਜਾਂ ਨਾਲੋਂ ਇਹ ਦਸ ਹਜ਼ਾਰ ਗੁਣਾਂ ਚਮਕੀਲੇ ਹਨ ।

ਦੂਰਦਰਸ਼ੀਆਂ ਦੇ ਸ਼ੀਸ਼ਿਆਂ ਉਪਰ ਉਭਰਦੀ ਤਾਰਾ ਮੇਘਾਂ ਦੀ ਇਹ ਭੀੜ ਤਾਰਾ ਵਿਗਿਆਨੀਆਂ ਨੂੰ ਹੈਰਾਨ ਵੀ ਕਰਦੀ ਹੈ ਅਤੇ ਖੁਸ਼ ਵੀ । ਇਹ ਉਨ੍ਹਾਂ ਦੀ ਨਵੀਂ ਲੱਭਤ ਹੈ । ਅਮਰੀਕਨ ਤਾਰਾ ਵਿਗਿਆਨੀਆਂ ਜੇ ਐਲਗ੍ਰੀਨਸਟੀਨ ਨੇ ਦੱਸਿਆ ਹੈ ਕਿ 'ਤਾਰਾ ਮੇਘ' 600 ਪ੍ਰਕਾਸ਼ ਵਰ੍ਹੇ ਦੇ ਘੇਰੇ ਦਾ ਇਕ ਉਤੇਜਿਤ ਪੁਲਾੜੀ ਬੱਦਲ ਹੈ,ਜਿਸ ਦਾ ਪੁੰਜ ਸਾਡੇ ਦਸ ਕਰੋੜ ਸੂਰਜਾਂ ਦੇ ਬਰਾਬਰ ਹੈ । ਇਨ੍ਹਾਂ ਵਿਚੋਂ ਨਿਕਲਦੀ ਅਥਾਹ ਊਰਜਾ ਵਿਗਿਆਨੀਆਂ ਨੂੰ ਚਕ੍ਰਿਤ ਕਰ ਰਹੀ ਹੈ । ਹੋ ਸਕਦਾ ਹੈ ਇਹ ਮੇਘ ਕਿਸੇ ਭਿਆਨਕ ਵਿਸਫੋਟ ਦੀ ਸਥਿਤੀ ਵਿਚੋਂ ਲੰਘ ਰਹੇ ਹੋਣ ।

ਤਾਰਾ ਮੇਘਾਂ ਦੀ ਖੋਜ ਤੋਂ ਪਹਿਲਾਂ ਵਿਸ਼ਵ ਪੁਲਾੜ ਦੀਆਂ ਹੱਦਾਂ 20 ਤੋਂ 40 ਖਰਬ ਪ੍ਰਕਾਸ਼ ਵਰ੍ਹੇ ਤੱਕ ਕਿਆਸੀਆਂ ਗਈਆਂ ਸਨ ਪਰ ਇਹ ਤਾਰਾ ਮੇਘ ਤਾਂ 80 ਖਰਬ ਪ੍ਰਕਾਸ਼ ਵਰ੍ਹੇ ਤੋਂ ਵੀ ਅਗੇਰੇ ਦੇਖੇ ਗਏ ਹਨ ਇਹ ਗੱਲ ਸਾਡੇ ਸਮੁੱਚੇ ਬ੍ਰਹਿਮੰਡ ਦੇ ਅਸੀਮ ਅਤੇ ਅਸਗਾਹ ਹੋਣ ਦੀ ਸ਼ਾਹਦੀ ਭਰਦੀ ਹੈ । ਤਾਰਾ ਮੇਘ ਸਾਡੀਆਂ ਗੁਆਂਢੀ ਅਤੇ ਦਿਸ ਦੀਆਂ ਗੈਲੈਕਸੀਆਂ ਨਾਲੋਂ ਬਿਲਕੁਲ ਵੱਖਰੇ ਸੁਭਾਅ ਦੇ ਹਨ । ਇਨ੍ਹਾਂ ਵਿਚੋਂ ਉਤਪਨ ਹੁੰਦੀਆਂ ਰੇਡੀਓ ਤਰੰਗਾਂ ਹੜ੍ਹ ਵਾਂਗ ਬਾਹਰ ਦੌੜਦੀਆਂ ਭਾਸਦੀਆਂ ਹਨ । ਹੋ ਸਕਦਾ ਹੈ ਕਿ ਇਹ ਊਰਜਾ ਸਮੁੱਚੇ ਬ੍ਰਹਿਮੰਡ ਨੂੰ ਸ਼ਕਤੀ ਦੇ ਰਹੀ ਹੋਵੇ ।

## ਵਿਸਤ੍ਰਿਤ ਹੁੰਦਾ ਵਿਸ਼ਵ

ਵਿਸ਼ਵ ਦੇ ਪਸਾਰੇ ਵਿਚ ਇਕ ਹੋਰ ਅਣੋਖੀ ਗੱਲ ਦੇਖਣ ਵਿਚ ਆਈ ਹੈ । ਤਾਰਿਆਂ ਅਤੇ ਪੁਲਾੜੀ ਧੂੜ ਦੇ ਇਹ ਵੱਡੇ ਚੱਕ ਇਕ ਦੂਜੇ ਤੋਂ ਦੂਰ ਦੂਰ ਹਟਦੇ ਰਹੇ ਹਨ । ਜਿੰਨੀ ਕੋਈ ਗੈਲੈਕਸੀ ਦੂਰ ਹੈ,ਓਨੀ ਹੀ ਉਸਦੀ ਦੂਰ ਜਾਣ ਦੀ ਗਤੀ ਤੇਜ਼ ਹੈ । ਵੀਹ ਹਜ਼ਾਰ ਪ੍ਰਕਾਸ਼ ਵਰ੍ਹੇ ਦੂਰੀ ਵਾਲੀ ਗੈਲੈਕਸੀ ਦੀ ਦੂਰ ਹਟਣ ਦੀ ਗਤੀ 96 ਹਜ਼ਾਰ ਕਿਲੋਮੀਟਰ ਪ੍ਰਤੀ ਸੈਕਿੰਡ ਹੈ । ਇਸ ਤਰ੍ਹਾਂ ਇਹ ਵਿਸ਼ਵ ਫੈਲਦਾ ਜਾ ਰਿਹਾ ਹੈ । ਇਸ ਸੱਚ ਨੂੰ ਤਾਰਾ ਵਿਗਿਆਨੀ ਐਡਵਿਨ ਪੀ.ਹੁੱਬਲ ਨੇ 1920 ਵਿਚ ਸਥਾਪਤ ਕਰ ਦਿੱਤਾ ਸੀ । ਸਪੈਕਟਰਮ ਦੀ ਵਿਧੀ ਨਾਲ ਉਸ ਸਿੱਧ ਕੀਤਾ ਕਿ ਅਸੀਂ ਇਕ ਵਿਸਤ੍ਰਿਤ ਹੁੰਦੇ ਵਿਸ਼ਵ ਵਿਚ ਰਹਿ ਰਹੇ ਹਾਂ । ਅਸੀਂ ਉੱਡਣ-ਖਟੋਲਿਆਂ ਵਿਚ ਬੈਠੇ ਕਿਧਰ ਨੂੰ ਜਾ ਰਹੇ ਹਾਂ ? ਸਾਡੀ ਮੰਜ਼ਲ ਕਿਥੇ ਕੁ ਹੈ ? ਸਾਡੇ ਪੈਂਡੇ ਦਾ ਮਾਰਗ ਕਿਹੜਾ ਹੈ ? ਕੋਈ ਉਤਰ ਨਹੀਂ ਸੁੱਝਦਾ ।

ਬਾਕੀ ਪੰਨਾ 32 'ਤੇ



ਵਿਸ਼ਵ ਦੀ ਟੋਹ 'ਚ ਨਿਕਲੀਆਂ ਮਨੁੱਖੀ ਮਸ਼ੀਨਾਂ

**Fine Automotive Ltd.**
15220-56th. Ave., Surrey, B.C. V3S 4N7
**Automotive Repairs & Services**
ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding ☐ Propane Conversion

Sarjit Hunjan Ph. 576-2014
Malkiat Hoonjan Service Manager

ਪੰਨਾ 31 ਦੀ ਬਾਕੀ

ਇਸ ਵਿਸਤ੍ਰਿਤ ਹੁੰਦੇ ਵਿਸ਼ਵ ਨੂੰ ਸਮਝਣ ਲਈ ਪ੍ਰਸਿੱਧ ਤਾਰਾ ਵਿਗਿਆਨੀ ਸਰ ਆਰਥਰ ਐਡਿੰਗਟਨ ਨੇ ਬੜੀ ਸਰਲ ਜਿਹੀ ਉਦਾਹਰਨ ਪੇਸ਼ ਕੀਤੀ ਹੈ।

ਇਕ ਭੁਕਾਨੇ ਵਿਚ ਥੋਹੜੀ ਜਿਹੀ ਹਵਾ ਭਰੀ ਹੋਈ ਹੈ। ਉਸ ਉਪਰ ਅਸੀਂ ਚਾਰੇ ਪਾਸੇ ਸਿਆਹੀ ਦੇ ਡੱਟੇ ਮਾਰ ਦੇਂਦੇ ਹਾਂ। ਹੁਣ ਇਸ ਵਿਚ ਹੌਲੀ ਹੌਲੀ ਹੋਰ ਫੂਕ ਭਰੋ। ਸਿਆਹੀ ਦੇ ਟਿਮਕਣਿਆਂ ਨੂੰ ਗੌਰ ਨਾਲ ਵੇਖੋ।ਇਨ੍ਹਾਂ .ਦਾ ਆਕਾਰ ਵੀ ਵੱਡਾ ਹੋ ਰਿਹਾਹੈ ਅਤੇ ਇਹ ਇਕ ਦੂਜੇ ਤੋਂ ਪਰ੍ਹੇ ਵੀ ਹਟਦੇ ਜਾ ਰਹੇ ਹਨ। ਹਰ ਟਿਮਕਣੇ ਨੂੰ ਇਹ ਭੁਲੇਖਾ ਪੈਣਾ ਕੁਦਰਤੀ ਹੈ ਕਿ ਉਹ ਸਾਰੇ ਟਿਮਕਣਿਆਂ ਦਾ ਕੇਂਦਰ ਹੈ ਅਤੇ ਬਾਕੀ ਟਿਮਕਣੇ ਹੀ ਉਸ ਤੋਂ ਦੂਰ ਹੁੰਦੇ ਜਾ ਰਹ ਹਨ ਜਦ ਕਿ ਅਸਲੀਅਤ ਇਹ ਹੈ ਕਿ ਉਹ ਵੀ ਬਾਕੀ ਟਿਮਕਣਿਆਂ (ਗੈਲੈਕਸੀਆਂ) ਤੋਂ ਪਰ੍ਹੇ ਹਟ ਰਿਹਾ ਹੈ। ਜੇ ਉਹ ਸੂਝਵਾਨ ਨਹੀਂ ਤਾਂ ਇਹ ਭੁਲੇਖਾ ਸਦਾ ਬਣਿਆ ਰਹਿ ਸਕਦਾ ਹੈ।

ਇਥੇ ਤਾਰਾ ਵਿਗਿਆਨੀ ਇਸ ਨਿਸਚਿਤ ਸਿੱਟੇ ਤੇ ਪੁੱਜਦੇ ਹਨ ਕਿ ਵਿਸ਼ਵ ਦਾ ਆਕਾਰ ਜਾਂ ਉਸ ਦੀ ਸ਼ਕਲ ,ਅਨੰਤ' ਨਹੀਂ। ਇਹ ਭੁਕਾਨੇ ਵਾਂਗ ਗੋਲ ਆਕਾਰ ਦੀ ਹੈ। ਬੱਸ ! ਕੇਵਲ ਇਹ ਭੁਕਾਨਾ (ਸਮੁੱਚਾ ਬ੍ਰਹਿਮੰਡ) ਫੁਲਦਾ ਜਾ ਰਿਹਾ ਹੈ। ਪਹਿਲਾਂ ਪਹਿਲ ਜਦੋਂ ਗੈਲੈਕਸੀਆਂ ਦੀ ਖੋਜ ਹੋਈ ਸੀ,ਉਨ੍ਹਾਂ ਜਾਤਾ ਕਿ ਅਸੀਂ ਹੀ ਇਸ ਬ੍ਰਹਿਮੰਡ ਦੇ ਕੇਂਦਰ ਵਿਚ ਬੈਠੇ ਹਾਂ ਅਤੇ ਦੂਜੇ ਤਾਰਾ ਸਮੂਹ ਸਾਡੇ ਤੋਂ ਦੂਰ ਦੌੜਦੇ ਜਾ ਰਹੇ ਹਨ। ਇਸੇ ਤਰ੍ਹਾਂ ਦਾ ਭੁਲੇਖਾ ਪ੍ਰਾਚੀਨ ਕਾਲ ਦੇ ਜੋਤਸ਼ੀਆਂ ਨੂੰ ਪ੍ਰਿਥਵੀ ਸਬੰਧੀ ਵੀ ਲੱਗਾ ਸੀ। ਉਨ੍ਹਾਂ ਕਿਹਾ ਕਿ ਇਸ ਵਿਸ਼ਵ ਦਾ ਕੇਂਦਰ ਪ੍ਰਿਥਵੀ ਹੈ ਅਤੇ ਬਾਕੀ ਸਾਰਾ ਵਿਸ਼ਵ (ਉਸ ਸਮੇਂ ਦਾ ਵਿਸ਼ਵ ਕਵਲ ਗੁਆਂਢੀ ਗ੍ਰਹਿ,ਚੰਨ,ਤਾਰੇ ਅਤੇ ਸੂਰਜ ਹੀ ਸੀ।)ਪ੍ਰਿਥਵੀ ਦੁਆਲੇ ਘੁੰਮ ਰਹੀ ਹੈ। ਫਿਰ ਕੁਪਰਨੀਕਸ ਤਾਰਾ-ਵਿਗਿਆਨੀ ਨੇ ਇਸ ਮਿੱਥ ਨੂੰ ਤੋੜਿਆ ਅਤੇ ਪ੍ਰਿਥਵੀ ਨੂੰ ਉਸ ਦੇ ਕੇਂਦਰੀ ਸਿੰਘਾਸਨ ਤੋਂ ਉਤਾਰ ਕੇ ਇਕ ਸਾਧਾਰਨ ਗ੍ਰਹਿ ਬਣਾ ਦਿੱਤਾ। ਇਸੇ ਤਰ੍ਹਾਂ ਹੀ ਗੈਲੈਕਸੀਆਂ ਦੀ ਖੋਜ ਨੇ ਕੀਤਾ ਹੈ:

ਵਿਸਤ੍ਰਿਤ ਹੋਂਦੇ ਵਿਸ਼ਵ ਦੀ ਖੋਜ ਨੇ 'ਆਕਾਸ਼-ਗੰਗਾ' ਨੂੰ ਕੇਂਦਰੀ ਹਸਤੀ ਤੋਂ ਹਟਾ ਦਿੱਤਾ ਹੈ। ਇਹ ਵੀ ਦੂਜੇ ਤਾਰਾ-ਝੁੰਡਾਂ ਵਾਂਗ ਦੌੜਦੀ ਫਿਰਦੀ ਹੈ।

ਸਾਡੇ ਕੋਲ ਸਭ ਤੋਂ ਨੇੜਲੇ ਤਾਰਾ ਝੁੰਡ ਸਾਥੋਂ ਲਗਪੱਗ 750 ਮੀਲ ਪ੍ਰਤੀ ਸੈਕਿੰਡ ਦੇ ਵੇਗ ਨਾਲ ਪਰ੍ਹੇ ਦੌੜ ਰਹੇ ਹਨ। ਬੜੀ ਭਿਆਨਕ ਗਤੀ ਹੈ।

ਹੁਣ ਤਕ ਦਾ ਲੱਭਿਆ ਸਭ ਤੋਂ ਦੂਰ ਦਾ ਤਾਰਾ ਸਮੂਹ ਲੱਗਪੱਗ 75 ਹਜ਼ਾਰ ਮੀਲ ਪ੍ਰਤੀ ਸੈਕਿੰਡ ਦੀ ਚਾਲ ਨਾਲ ਪਰ੍ਹੇ ਵੱਲ ਹਟਦਾ ਜਾ ਰਿਹਾ ਹੈ ਮੈਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਤਾਰਾ ਝੁੰਡਾਂ ਦੇ ਮਹਾਨ ਵਾ-ਵਰੋਲੇ ਜਿਹੇ ਤੂਫਾਨੀ ਗਤੀ ਨਾਲ ਏਧਰ ਓਧਰ ਉਡ ਰਹੇ ਹੋਣ। ਇਨ੍ਹਾਂ ਨੂੰ ਉਡਣ ਦੀ ਸ਼ਕਤੀ ਤਾਰਿਆਂ (ਸੂਰਜਾਂ) ਦੀ ਉਰਜਾ ਤੋਂ ਹੀ ਪ੍ਰਾਪਤ ਹੋ ਜਾਂਦੀ ਹੋਵੇਗੀ।

ਅਸੀਂ ਕਿਵੇਂ ਜ਼ਾਣੀਏ ਕਿ ਬ੍ਰਹਿਮੰਡ ਕਿੰਨਾ ਕੁ ਵੱਡਾ ਹੈ। ਅਈਨਸਟਾਈਨ ਤਾਂ ਕਹਿ ਗਿਆ ਹੈ ਕਿ ਹਾਲੀ ਇਹੋ ਜਿਹੇ ਕਈ ਹੋਰ ਬ੍ਰਹਿਮੰਡਾਂ ਦੀ ਸੰਭਾਵਨਾ ਹੈ। ਘੁਮਿਆਰ ਦੇ ਵੱਡੇ ਸਾਰੇ ਘੁੰਮਦੇ ਹੋਏ ਚੱਕ ਉਪਰ ਇਕ ਕੀੜੀ ਤੁਰੀ ਜਾਂਦੀ ਹੈ। ਉਸ ਦਾ ਪੈਂਡਾ ਕਦੇ ਵੀ ਨਹੀਂ ਮੁੱਕ



ਵਿਸ਼ਵ ਦੀ ਖੋਜ ਲਈ ਮਨੁੱਖੀ ਯਤਨ

ਸਕਦਾ। ਹੁਣ ਇਹ ਚੱਕ ਅਨੰਤ ਤਾਂ ਨਹੀਂ ਪਰ ਕੀੜੀ ਲਈ ਸੀਮਾ ਰਹਿਤ ਜ਼ਰੂਰ ਹੈ। ਸਾਡੇ ਬ੍ਰਹਿਮੰਡ ਦੀ ਹਾਲਤ ਵੀ ਕੁਝ ਇਹੋ ਜਿਹੀ ਲੱਗਦੀ ਹੈ।

## ਅੰਤਮ ਸੱਚ

ਖਲੀਲ ਜਿਬਰਾਨ ਨੇ ਕਿਹਾ ਕਿ ਸੀ, 'ਕਦੀ ਵੀ ਇੰਜ ਨਾ ਆਖੋ ਕਿ ਮੈਂ ਪੂਰਾ ਸੱਚ ਲੱਭ ਲਿਆ ਹੈ,ਸਗੋਂ ਇਹ ਕਹੋ ਕਿ ਮੈਂ ਇਕ ਸਚਾਈ ਲੱਭੀ ਹੈ ਸਾਡੇ ਵਿਸ਼ਵ ਦੀ ਨੁਹਾਰ ਕਿਹੋ ਜਿਹੀ ਹੈ ? ਇਸ ਦਾ ਪਦਾਰਥ ਕਿਥੋਂ ਆਇਆ ? ਇਸ ਨੂੰ ਹਰਕਤ ਵਿਚ ਕਿਸ ਲਿਆਂਦਾ ? ਇਹ ਕਿਧਰ ਵੱਲ ਵਿਸਤ੍ਰਿਤ ਹੋ ਰਿਹਾ ਹੈ ? ਅਜੇ ਤੀਕ ਇਹ ਸੱਚਾਈਆਂ ਮਨੁੱਖ ਦੀ ਪਕੜ ਤੋਂ ਬਾਹਰ ਹਨ। ਪਰ ਜੁਸਤਜੂ ਜਾਰੀ ਹੈ...। ਇਹ ਭਾਲ ਮਨੁੱਖ ਦੀ ਹੋਂਦ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਅਤੇ ਅਨੰਤ ਕਾਲ ਤੀਕ ਹੁੰਦੀ ਰਹੇਗੀ। ਅਜੇ ਤੀਕ ਇਹੋ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਸਾਡਾ ਵਿਸ਼ਵ ਅਤਿਅੰਤ ਗੁੰਝਲਦਾਰ ਹੈ,ਇਹ ਅਸੀਮ ਹੈ,ਅਸਗਾਹ ਹੈ,ਅਥਾਹ ਅਤੇ ਅਨੰਤ ਹੈ ਅਤੇ ਇਸੇ ਕਰਕੇ ਅਕਥ ਵੀ ਹੈ।

# ਗੀਤ

ਵਰ੍ਹਿਆਂ ਦਾ ਅਰਸਾ ਹੈ, ਇਕ ਯਾਦ ਪੁਰਾਣੀ ਨੂੰ,
ਰਾਹ ਪਿਆਰ ਦੀ ਪੈ ਗਏ ਸਾਂ ਲੈ ਜਿੰਦ ਨਿਮਾਣੀ ਨੂੰ।

ਸਾਡੀ ਉਮਰ ਮੌਲਦੀ ਸੀ, ਨਾ ਸਾਰ ਬਹਾਰਾਂ ਦੀ
ਨਾ ਦਰਦ ਤੋਂ ਜਾਣੂ ਸਾਂ, ਨਾ ਖਬਰ ਪਿਆਰਾਂ ਦੀ
ਸਾਨੂੰ ਪਿੰਡ ਦੀਆਂ ਗਲੀਆਂ ਨੇ,
ਮੌਜਾਂ ਰੰਗ ਰਲੀਆਂ ਨੇ।
ਕੁੱਝ ਰੁੱਝੀਆਂ ਰਮਜਾਂ ਤੋਂ ।
ਕੁੱਝ ਉਚੀਆਂ ਸਮਝਾਂ ਤੋਂ।
ਅਣਭੋਲ ਬਣਾ ਰੱਖਿਆ।
ਰਾਹ ਇਸ਼ਕ ਨਹੀਂ ਤੱਕਿਆ।

ਉੱਠ ਨੀਵੇਂ ਥਾਉਂ ਜਾ, ਉਚੇ ਤੇ ਆ ਬੈਠੇ।
ਕੁੱਝ ਸੋਹਣਾ ਦੇਖਣ ਦੀ ਅਸੀਂ ਆਦਤ ਪਾ ਬੈਠੇ।
ਸਾਡੀ ਐਵੇਂ ਤੱਕਣੀ ਨੂੰ।
ਰੌਸੇ ਤੋਂ ਸੇਖਣੀ ਨੂੰ।
ਘੋਰੇ ਕਿਥੇ ਬਹਿ ਕੇ ਤੇ,
ਘੋਰੇ ਕਿਥੇ ਸ਼ਹਿ ਕੇ ਤੇ,
ਕਿਸੇ ਚੋਰੀ ਤਾੜ ਲਿਆ।
ਸਾਨੂੰ ਨਜ਼ਰੀਂ ਚਾੜ੍ਹ ਲਿਆ।

ਸੋਹਣਾ ਇੱਕ ਮੁੱਖੜਾ ਸੀ, ਸਾਨੂੰ ਚੰਦ ਭੁਲੇਖਾ ਸੀ।
ਜਦ ਥੋੜਾ ਖਿੜਦਾ ਸੀ, ਕਿਆ ਉਹਦਾ ਲੇਖਾ ਸੀ।
ਤਿਣ ਠੋਡੀ ਉੱਤੇ ਸੀ।
ਫੁੱਲ ਖਿੜਨ ਦੀ ਰੁੱਤੇ ਸੀ।
ਅੱਖ ਪੂਰੀ ਖੁਲ੍ਹੇ ਤਾਂ,
ਸਾਨੂੰ ਆਪਾ ਭੁਲੇ ਤਾਂ।
ਬੰਦ ਪਲਕਾਂ ਹੋਵਣ ਤਾਂ,
ਦਿਲ ਸਾਥੋਂ ਖੋਹਵਣ ਤਾਂ।
ਕਦ ਦੁਨੀਆਂ ਬਦਲ ਗਈ ਕੁਝ ਸਮਝ ਨਾ ਆਈ ਸੀ।
ਆਪਣਾ ਜੱਗ ਲਗਦਾ ਸੀ, ਜਿਹਦੀ ਖਬਰ ਨਾ ਕਾਈ ਸੀ।



ਸਤਿਨਾਮ ਸਿੰਘ ਰਟੈਂਡਾ, ਕੈਲੇਫੋਰਨੀਆ

ਦਿਨ ਚੜ੍ਹਦੇ ਛਿਪਦੇ ਸੀ
ਸਾਨੂੰ ਕੁਝ ਨਾਂ ਦਿੱਸਦੇ ਸੀ।
ਸਾਨੂੰ ਦਿਨ ਤੇ ਰਾਤਾਂ ਦਾ,
ਹੁਣ ਲੰਮੀਆਂ ਬਾਤਾਂ ਦਾ।
ਇੱਕ ਨਸ਼ਾ ਸੀ ਆਉਣ ਲੱਗਾ,
ਮਨ ਖਿਲ੍ਹੀਆਂ ਪਾਉਣ ਲੱਗਾ।

ਯਾਰਾਂ ਤੇ ਮਿਤਰਾਂ ਤੋਂ, ਕੁਝ ਉਹਲਾ ਹੋ ਗਿਆ ਸੀ।
ਮਨ ਚੰਦਰਾ ਸਾਡਾ ਤਾਂ ਹੁਣ ਨੀਂਦ ਵੀ ਖੋਹ ਗਿਆ ਸੀ।
ਯਾਰਾਂ ਦੀ ਢਾਣੀ ਵੀ
ਲਗਦੀ ਵੱਢ ਖਾਣੀ ਸੀ।
ਇੱਕ ਉਹੀਓ ਉਹੀਓ ਸੀ
ਜੋ ਸਾਡੀ ਹੋਈਓ ਸੀ।
ਸਾਡਾ ਧਰਮ ਈਮਾਨ ਹੋਈ।
ਜਿੰਦ ਸਾਡੀ ਜਾਨ ਹੋਈ।

ਹੁਣ ਕੁਝ ਨਹੀਂ ਸਾਡਾ ਨੀ, ਹੈ ਸਭ ਕੁਝ ਤੇਰਾ ਨੀ।
ਨਾਂ ਤੇਰਾ ਸੁਣਦਾ ਹੈ, ਦਿਲ ਧੜਕੇ ਮੇਰਾ ਨੀ।
ਕਰ ਵਾਅਦੇ ਪਿੰਦੀ ਨੂੰ
ਜਾਨੋਂ ਵੱਧ ਛਿੰਦੀ ਨੂੰ।
ਜਿਹੜੇ ਦਿਨ ਤੱਕਦਾ ਨਾਂ।
ਧੀਰਜ਼ ਨੂੰ ਰੱਖਦਾ ਨਾਂ।
ਵੇਰੀ ਨੂੰ ਵਾਹ ਲੈਂਦੇ
ਹਾਉਕੇ ਗਲ ਲਾ ਲੈਂਦੇ।

ਹੁਣ ਮਹਿਕ ਸੁੰਗਧੀਆਂ ਦਾ, ਮਨ ਆਦੀ ਹੋਇਆ ਤਾਂ।
ਤਕਦੀਰਾਂ ਚੰਗੀਆਂ ਨੇ, ਫਿਰ ਬੂਹਾ ਢੋਇਆ ਤਾਂ।
ਸਾਡੇ ਖਿੜੇ ਬਗੀਚੇ 'ਚੋਂ,
ਹੱਥ ਪਿਆਰ ਫੜੀਚੇ ਤੋਂ,
ਕੋਈ ਡਾਕੂ ਭੈੜਾ ਆ
ਕਰ ਬੈਠਾ ਖੇਹੜਾ ਆ।
ਸਾਡਾ ਪਿਆਰ ਚੁਰਾ ਲਿਆ ਤਾਂ।
ਦੁਖ ਜਿੰਦ ਨੂੰ ਲਾ ਗਿਆ ਤਾਂ।

ਅਸੀਂ ਕੇਹਰੇ ਲੁਟੇ ਨਾ, ਲੁੱਟ ਦੋਹਰੀ ਹੋਈ ਸੀ
ਸਾਨੂੰ ਗੈਰਾਂ ਲੁੱਟਿਆਂ ਤਾਂ, ਸਾਡੀ ਜਿੰਦ ਨਾ ਰੋਈ ਸੀ।
ਪਰ ਜੋ ਸਾਡਾ ਹੋਇਆ ਸੀ
ਜਾ ਦੂਰ ਖਲੋਇਆ ਸੀ।
ਅਸੀਂ ਜੀਉਂਦੇ ਮੋਏ ਸਾਂ,
ਧਾਂਹੀਂ ਵੀ ਰੋਏ ਸਾਂ।
ਪਰ ਹੋਣੀ ਡਾਢੀ ਸੀ
ਅਸੀਂ ਬਣ ਗਏ ਫਾਡੀ ਸੀ।

ਕਿਆ ਖੇਡ ਨਿਆਰੀ ਹੈ, ਕਾਤਲ ਜੋ ਚਾਵ੍ਹਾਂ ਦਾ।
ਸਾਡੀ ਮੰਜ਼ਲ ਉਹੀ ਹੈ, ਮਾਲਕ ਹੈ ਰਾਵ੍ਹਾਂ ਦਾ।
ਅੱਜ ਦੂਰ 'ਰਟੈਂਡੇ' ਤੋਂ
ਇੱਕ ਲੰਬੇ ਪੈਂਡੇ ਤੋਂ,
ਸਾਨੂੰ ਨਜ਼ਰੀਂ ਆਵੇ ਉਹ।
ਸੁੱਖ ਜੱਗ ਦੇ ਪਾਵੇ ਉਹ।
ਜੁੱਗ ਲੰਬੇ ਜੀਵੇ ਉਹ।
ਘੁੱਟ ਪਿਆਰ ਦੇ ਪੀਵੇ ਉਹ।


# A.M.C. Carpet Ltd.

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**




## ਗਿਆਰਵਾਂ ਕੌਮਾਂਤਰੀ ਫ਼ਿਲਮ ਮੇਲਾ

# ਪ੍ਰਾਪਤੀਆਂ ਘੱਟ ਤੇ ਦਮਗਜੇ ਜ਼ਿਆਦਾ

**ਬੀ. ਐਸ. ਰਤਨ**



10 ਜਨਵਰੀ ਤੋਂ 24 ਜਨਵਰੀ 1987 ਤੱਕ ਨਵੀਂ ਦਿੱਲੀ ਵਿਚ ਭਾਰਤ ਦਾ ਗਿਆਰਵਾਂ ਅੰਤਰਰਾਸ਼ਟਰੀ ਫਿਲਮ ਸਮਾਰੋਹ ਹੋਇਆ। ਆਮ ਲੋਕਾਂ ਵਾਸਤੇ ਪੰਜ ਸਿਨੇਮਾਂ ਘਰਾਂ ਵਿਚ ਅਤੇ ਡੈਲੀਗੇਟਾਂ ਤੇ ਪ੍ਰੈਸ ਵਾਸਤੇ ਮੁਖ ਤੌਰ ਤੇ ਸੀਰੀਫੋਰਟ ਆਡੀਟੋਰੀਅਮ ਵਿਚ ਅਤੇ ਦੋ ਸਿਨੇਮਾ ਘਰਾਂ ਦੇ ਨਾਲ ਨਾਲ ਤਿੰਨ ਹੋਰ ਹਾਲਾਂ ਵਿਚ ਕੁਲ 309 ਫਿਲਮਾਂ ਦਿਖਾਈਆਂ ਗਈਆਂ ਜਿਨ੍ਹਾਂ ਵਿਚੋਂ 213 ਫੀਚਰ ਅਤੇ 96 ਡਾਕੂਮੈਂਟਰੀ ਫ਼ਿਲਮਾਂ ਸਨ। ਇਸ ਵਿਚ ਜਾਪਾਨ ਦੇ ਮਿਕਿਊ ਨਾਰੂਜ਼ ਤੇ ਜਰਮਨੀ ਦੇ ਵਰਨਰ ਹਰਜ਼ੋਗ ਦੀਆਂ ਮੁਖ ਫਿਲਮਾਂ ਦਾ ਵਖਰਾ ਪ੍ਰੋਗਰਾਮ ਸੀ ਅਤੇ ਇੰਜ ਹੀ ਸਪੇਨ ਦੇ ਲੂਈ ਬਯੂਨੇਲ ਦੀਆਂ ਅਤੇ ਇੰਗਲੈਂਡ ਦੇ ਪਾਵਲ-ਪਰੇਸ ਬਰਗਰ ਦੀਆਂ ਪੰਜ ਪੰਜ ਫਿਲਮਾਂ ਦਿਖਾ ਕੇ ਉਨ੍ਹਾਂ ਦੇ ਕੰਮ ਵੱਲ ਖਾਸ ਧਿਆਨ ਦਵਾਇਆ ਗਿਆ। ਪਸ਼ੂਆਂ, ਪੰਛੀਆਂ ਤੇ ਜਾਨਵਰਾਂ ਉਤੇ ਇਕ ਪੂਰਾ ਵੱਖਰਾ ਖੰਡ ਵੀ ਸੀ।

ਇਸ ਸਾਰੀ ਗਿਣਤੀ ਗਿਣਨ ਤੋਂ ਪ੍ਰਯੋਜਨ ਇਹ ਹੈ ਕਿ ਇਹ ਫ਼ਿਲਮ ਸਮਾਰੋਹ ਇਕ ਵਾਹਵਾ ਲੰਬਾ ਚੌੜਾ ਤੇ ਜਲਜਲੋ ਵਾਲਾ ਮੇਲਾ ਮਿਥਿਆ ਸੀ ਭਾਵੇਂ ਕਿ ਆਪਣੇ ਪ੍ਰਭਾਵ ਰੂਪ ਵਿਚ ਇਸ ਨੇ ਕੋਈ ਡੂੰਘਾ ਅਸਰ ਨਹੀਂ ਪਾਇਆ। ਇਸ ਦਾ ਵੱਡਾ ਕਾਰਨ ਇਸ ਦੇ ਪ੍ਰਤੀਯੋਗਤਾ ਖੰਡ ਵਿਚ ਆਈਆਂ 24 ਫਿਲਮਾਂ ਦੇ ਨਿਗੂਣੇ ਮਿਆਰ ਦਾ ਹੋ ਸਕਦਾ ਹੈ। ਇਸ ਤੋਂ ਇਲਾਵਾ ਜਾਣਕਾਰੀ ਖੰਡ ਲਈ ਚੁਣੀਆਂ ਬਾਹਲੀਆਂ ਫਿਲਮਾਂ ਵੀ ਨੀਵੇਂ ਮਿਆਰ ਵਾਲੀਆਂ ਹੀ ਸਨ। ਇੰਜ ਇਸ ਸਮਾਰੋਹ ਵਿਚ ਪ੍ਰਪੰਚ ਤਾਂ ਪੂਰਾ ਸੀ ਪਰ ਤੱਥ ਘੱਟ — ਫੋਕ ਜ਼ਿਆਦਾ ਤੇ ਰਸ ਵਿਰਲਾ ਵਿਰਲਾ। ਨਵੀਂ ਦਿੱਲੀ ਦੇ ਵਿਚ ਹਰ ਦੋ ਸਾਲਾਂ ਮਗਰੋਂ ਕੀਤੇ ਜਾਂਦੇ ਇਸ ਸਮਾਰੋਹ ਦੀ ਅੰਤਰ-ਰਾਸ਼ਟਰੀ ਅਹਿਮੀਅਤ ਹੋਰ ਥੱਲੇ ਨੂੰ ਗਈ। ਸ਼ਾਇਦ ਪੱਛਮੀ ਮੁਲਕ ਆਪਣੀਆਂ ਵਧੀਆਂ ਫਿਲਮਾਂ ਨਵੀਂ ਦਿੱਲੀ ਭੇਜਣ ਨੂੰ ਜ਼ਿਆਦਾ ਉਤਸੁਕ ਨਹੀਂ ਲਗਦੇ ਕਿਉਂਕਿ ਉਹ ਕਾਨਜ਼, ਬਰਲਿਨ, ਕਾਰਲੋਵੀ, ਮਾਸਕੋ, ਤੇ ਸ਼ਿਕਾਗੋ ਦੀਆਂ ਪ੍ਰਤੀਯੋਗਤਾਵਾਂ ਵਿਚ ਹਿਸਾ ਲੈਣ ਨੂੰ ਜ਼ਿਆਦਾ ਮਾਣ ਵਾਲੀ ਗੱਲ ਸਮਝਦੇ ਹਨ। ਜੇ ਨਵੀਂ ਦਿੱਲੀ ਫਿਲਮ ਸਮਾਰੋਹ ਨੇ ਅੰਤਰਰਾਸ਼ਟਰੀ ਪੱਧਰ ਤੇ ਕੋਈ ਮਾਣਯੋਗ ਦਰਜਾ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਇਸ ਸਮਾਰੋਹ ਦੀ ਇਕ ਖਾਸ ਨਿਵੇਕਲੀ ਪਛਾਣ ਤੇ ਹੋਂਦ ਘੜਨ ਦਾ ਉਪਰਾਲਾ ਕਰਨ ਦੀ ਲੋੜ ਹੈ। ਇਸ ਮੰਤਵ ਹਿਤ ਅਸੀਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੀਆਂ ਫਿਲਮਾਂ ਦੀ ਪੇਸ਼ਕਾਰੀ ਅਤੇ ਮਾਰਕੀਟ ਵੱਲ ਜ਼ਿਆਦਾ ਧਿਆਨ ਦੇ ਕੇ ਨਵੀਂ ਦਿੱਲੀ ਫਿਲਮ ਸਮਾਰੋਹ ਨੂੰ ਇਨ੍ਹਾਂ ਮਹਾਂਦੀਪਾਂ ਦੇ ਮੁਲਕਾਂ ਲਈ ਇਕ ਮਹੱਤਵਪੂਰਨ ਅਵਸਰ ਬਣਾ ਸਕਦੇ ਹਾਂ। ਵਰਨਾ ਇਹ ਸਮਾਰੋਹ ਸਿਰਫ ਕੁਲੀਨ ਵਰਗ ਦੇ ਪੱਛਮੀ ਸਭਿਆਚਾਰਕ ਨਕਲ ਕਰਨ ਵਾਲਿਆਂ ਅਤੇ ਨੌਕਰਸ਼ਾਹੀ ਅਥਵਾ ਰਾਜਨੀਤਕਾਂ ਦੀ ਅਯਾਸ਼ੀ ਤੇ ਮਨੋਰੰਜਨ ਦੇ ਮੌਕੇ ਤੋਂ ਸਿਵਾ ਹੋਰ ਕੁਝ ਨਹੀਂ ਰਹਿ ਜਾਵੇਗਾ।

ਗਿਆਰਵੇਂ ਸਮਾਰੋਹ ਦੀ ਰੂਪ ਰੇਖਾ ਕੁਝ ਇਹੋ ਜਿਹੀ ਹੀ ਹੋ ਨਿਬੜੀ ਫਿਲਮਾਂ ਦੀ ਚੋਣ ਕੁਝ ਅਜੇਹੀ ਸੀ ਕਿ ਜ਼ੋਰ ਭੜਕੀਲੇ ਦਿਖ ਦਿਖਾਵੇ ਉਪਰ ਹੀ ਸੀ। ਪੱਛਮ ਤੋਂ ਜੋ ਜ਼ਿਆਦਾ ਫਿਲਮਾਂ ਆਈਆਂ ਉਹ ਮਾਰ ਕੁਟਾਈ, ਦੌੜ ਭੱਜ, ਫੜ ਫੜਾਈ ਨਾਲ ਭਰਪੂਰ ਸਨ। ਤਲਾਕੇ ਮਾਂ ਪਿਉ, ਗੋਲੀਆਂ ਖਾਂਦੇ ਚਰਸਾਂ ਪੀਂਦੇ ਪੁੱਤ ਧੀਆਂ, ਖੂਨ, ਪੁਲਸ ਦੀ ਮਾਰ ਤੋਂ ਬਚਣ ਦੇ ਉਪਰਾਲੇ, ਸਿਸਕਦੀਆਂ ਪ੍ਰੇਮਕਾਵਾਂ, ਸਰੀਰਕ ਭੁੱਖਾਂ ਤੋਂ ਇਲਾਵਾ ਇਨ੍ਹਾਂ ਫਿਲਮਾਂ ਵਿਚ ਹੋਰ ਕੁਝ ਵੀ ਨਹੀਂ ਸੀ। ਗਾਹੜੇ ਗਾਹੜੇ ਰੰਗ, ਭੁਸਲੀਆਂ ਰੋਸ਼ਨੀਆਂ, ਮਕਾਨਾਂ ਅੰਦਰ ਉਪਰ ਥਲੇ ਜਾਂਦਾ ਆਉਂਦਾ ਕੈਮਰਾ, ਇਹੋ ਇਨ੍ਹਾਂ ਫਿਲਮਾਂ ਦੀ ਬਣਾਵਟ ਦੇ ਮੁਖ ਅੰਗ ਸਨ। ਤਕਨੀਕੀ ਪੱਖੋਂ ਪੂਰੀਆਂ ਪਰ ਮਾਨਵੀ ਮੰਤਵਾਂ ਪੱਖੋਂ ਹੌਲੀਆਂ ਤੇ ਸਤਹੀ, ਇਹ ਫਿਲਮਾਂ ਇਕ ਅਜੇਹੀ ਜਕੜਨ ਦਾ ਪ੍ਰਭਾਵ ਸਿਰਜਦੀਆਂ ਸਨ ਜੋ ਕਿ ਤਿੰਨ ਚਾਰ ਦਿਨਾਂ ਬਾਅਦ ਹੀ ਉਕਾਊ ਬਣ ਗਈ।

ਜੇ ਕਿਤੇ ਕੋਈ ਚੰਗੀ ਫਿਲਮ ਵੇਖਣ ਨੂੰ ਮਿਲੀ ਤਾਂ ਉਹ ਪੂਰਬੀ-ਯੂਰਪ ਦੇ ਮੁਲਕਾਂ—ਯੁਗੋਸਲਾਵੀਆ, ਚੈਕੋਸਲਵਾਕੀਆ, ਪੋਲੈਂਡ ਤੇ ਹੰਗਰੀ ਦੀ ਹੀ ਸੀ। ਜਾਂ ਫੇਰ ਇਕ ਅੱਧ ਫਿਲਮ ਕਿਊਬਾ ਦੀ ਜਿਵੇਂ ਕਿ 'ਲੈਜਾਨੀਆ'। ਯੂਗੋਸਲਾਵੀਆ ਦੀ ਫਿਲਮ 'ਦਾ ਲਾਸਟ ਪੁਆਇੰਟਸਮੈਨ ਆਨ ਦੀ ਨੈਰੋਗੇਜ ਰੇਲ' ਅਤੇ ਚੈਕੋਸਲਵਾਕੀਆ ਦੀ 'ਓ ਮਾਈ ਲਿਟਲ ਵਿਲੇਜ' ਜ਼ਿੰਦਗੀ ਅਤੇ ਆਮ ਆਦਮੀ ਨੂੰ ਨੇੜਿਉਂ ਹੋ ਕੇ ਵੇਖਦੀਆਂ ਹੋਈਆਂ, ਅਤੇ ਤਰੱਕੀ ਸਨਅਤਕਾਰੀ, ਭਵਿਖ ਬਾਰੇ ਬੜੇ ਅਹਿਮ ਸਵਾਲ ਪੁਛਦੀਆਂ ਹੋਈਆਂ ਵਧੀਆ ਫਿਲਮਾਂ ਸਨ।

ਪੋਲੈਂਡ ਤੋਂ ਜ਼ਾਨੂਸੀ ਦੀ ਫਿਲਮ 'ਦਾ ਕੁਆਇਟ ਸਨ ਓਵਰ ਪੋਲੈਂਡ', ਐਲੇਨ ਰੈਨੇ (ਫਰਾਂਸ) ਦੀ ਫਿਲਮ 'ਮੈਲ' ਅਤੇ ਪੋਲਾਂਸਕੀ (ਫਰਾਂਸ) ਦਾ ਬਣਾਈ ਫਿਲਮ 'ਪਾਇਰੇਟਜ਼' ਚੰਗੀਆਂ ਤਾਂ ਸਨ — ਤਕਨੀਕੀ ਪੱਧਰ ਤੋਂ ਪਰ ਇਨ੍ਹਾਂ ਮਹਾਨ ਡਾਇਰੈਕਟਰਾਂ ਦੇ ਉਚੇ ਨਾਮ ਨੂੰ ਵੱਟਾ ਹੀ ਲਾ ਰਹੀਆਂ ਸਨ, ਵਣਜ ਮੁਖੀ ਹੋਣ ਕਾਰਨ।

ਅਸਲ ਵਿਚ ਸਿਨਮਾ ਇਕ ਐਸੀ ਕਲਾ ਹੈ ਜਿਸ ਦੀ ਰੂਪ-ਵਿਧੀ ਦੇ ਤੱਤ ਅਜਿਹੇ ਹਨ ਕਿ ਜੇ ਉਨ੍ਹਾਂ ਦੀ ਠੀਕ ਦਰਸ਼ਨਾਤਮਿਕ ਪਕੜ ਨਾ ਹੋਵੇ ਤਾਂ ਉਹ ਸਿਨਮੇ ਨੂੰ ਕੇਵਲ ਵਣਜ ਵਿਹਾਰ ਦੀ ਵਸਤ ਬਣਾ ਕੇ ਜਾਣੋ ਛਕਣ-ਛਕਾਣ ਦੇ ਮੰਤਵ ਅਧੀਨ ਹੀ ਕਰ ਦਿੰਦੇ ਹਨ। ਸਰਮਾਏਦਾਰੀ ਨਿਜ਼ਾਮ ਇਸ ਦਾ ਭਰਪੂਰ ਫਾਇਦਾ ਉਠਾ ਰਿਹਾ ਹੈ। ਤਕਨੀਕ ਏਨੀਆਂ ਸਿਖਰਾਂ ਛੂਹ ਚੁੱਕੀ ਹੈ ਕਿ ਸਿਨਮੇ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਰੂਪ ਦਿਖਾਏ ਜਾ ਸਕਦੇ ਹਨ ਜੋ ਕਿ ਦਰਸ਼ਕ ਦੀ ਸੋਚਣੀ ਨੂੰ ਸੁੰਨ ਕਰਕੇ ਕੇਵਲ ਸਰੀਰਕ, ਇੰਦ੍ਰਿਆਵੀ ਤ੍ਰਿਪਤੀ ਨੂੰ ਇਕ ਝੂਠੇ ਢੰਗ ਨਾਲ ਤ੍ਰਿਪਤ ਕਰਨ ਦੀ ਸ਼ਕਤੀ ਰਖਦੇ ਹਨ। ਇਸ ਤਰ੍ਹਾਂ ਦਰਸ਼ਕ ਅਸਲੀਅਤ ਨਾਲੋਂ ਟੁੱਟ ਕੇ ਇਕ ਨਸ਼ੇ-ਰੂਪੀ ਤ੍ਰਿਪਤੀ ਮਾਣ ਕੇ ਭੰਬਲਭੂਸੇ ਦਾ ਸ਼ਿਕਾਰ ਹੋ ਜਾਂਦਾ ਹੈ, ਤੇ ਇਹ ਸਰਮਾਏਦਾਰੀ ਨੂੰ ਬਹੁਤ ਲਾਹੇਵੰਦਾ ਹੁੰਦਾ ਹੈ — ਪੈਸੇ ਕਮਾਣ ਵਲੋਂ ਵੀ ਤੇ ਆਮ ਜਨਤਾ ਨੂੰ ਨਸ਼ਈ ਕਰਕੇ ਉਨ੍ਹਾਂ ਦੀ ਘਾਲਣਾ ਘਾਲਣ ਦੀ ਤਾਂਘ ਨੂੰ ਸਿੱਲ੍ਹਾ ਕਰਕੇ ਵੀ।

ਕਲਾ ਰੂਪ ਵਿਚ ਸਿਨਮਾ, ਚਮਕਦੇ ਪਰਦੇ ਉਪਰ ਤੁਰਦੀ ਫਿਰਦੀ ਮੂਰਤ ਦਾ ਝਾਉਲਾ ਸਿਰਜ ਕੇ, ਆਪਣੀ ਵੱਲ ਕਹਿੰਦਾ ਹੈ। ਗੱਲ ਕਹੀ ਨਹੀਂ ਜਾਂਦੀ, ਪੇਸ਼ ਹੁੰਦੀ ਹੈ ਆਪਣੀ ਪੂਰੀ ਸ਼ਕਲ-ਸੂਰਤ ਤੇ ਹੋਂਦ ਲੈ ਕੇ। ਇੰਜ ਸਿਨਮੇ ਵਿਚ ਵਸਤੂ ਤੇ ਕਥਨ ਸਹਿਜ ਹੀ ਇਕ ਦੂਜੇ ਵਿਚ ਅਭੇਦ ਹੁੰਦੇ ਹਨ, ਜੋ ਦਿਖਾਇਆ ਜਾ ਰਿਹਾ ਹੁੰਦਾ ਹੈ ਉਹੀ ਕਿਹਾ ਜਾ ਰਿਹਾ ਹੁੰਦਾ ਹੈ। ਅਜਿਹੀ ਅਵਸਥਾ ਵਿਚ ਇਹ ਆਮ ਹੋ ਜਾਂਦਾ ਹੈ ਕਿ ਦਿਖਾਉਣ ਵਿਧੀ ਦਿਖਾਵੇ ਦੀ ਪੱਧਰ ਤੇ ਹੀ ਪਹੁੰਚ ਜਾਵੇ ਤੇ ਜੋ ਦਿਖਾਇਆ ਗਿਆ ਹੈ ਉਹ ਆਪਣੇ ਤੋਂ ਵਡੇਰੀ ਕਿਸੇ ਸੰਭਾਵਨਾ ਦਾ ਲਖਾਇਕ ਨਾ ਹੋ ਕੇ ਆਪਣੇ ਆਪ ਨੂੰ ਹੀ ਸੰਬੋਧਿਤ ਹੋ ਜਾਵੇ। ਸਰਮਾਏਦਾਰੀ ਵਣਜੀ ਸਿਨਮਾ ਸਿਰਫ ਏਸੇ ਪੱਧਰ ਤੇ ਹੀ ਵਿਚਰਦਾ ਹੈ ਤੇ ਇਕ ਝਾਤੀਆਂ ਮਾਰਨ ਵਾਲੀ ਇੱਛਾ ਨੂੰ ਉਕਸਾਂਦਾ ਹੈ, ਭੜਕਾਂਦਾ ਹੈ ਤੇ ਇੰਜ ਆਮ ਬੰਦੇ ਨੂੰ ਅਫੀਮ ਦਾ ਨਸ਼ਾ ਜਿਹਾ ਦੇ ਕੇ ਕਿਸੇ ਧੁੰਦਲਕੇ ਸੰਸਾਰ ਵਿਚ ਧੱਕ ਦਿੰਦਾ ਹੈ।

ਸਿਨਮਾ ਕਿਸੇ ਜ਼ਿੰਮੇਵਾਰ ਡਾਇਰੈਕਟਰ ਲਈ ਵੱਡੀ ਚਣੌਤੀ ਇਸ ਤਰ੍ਹਾ ਬਣਦਾ ਹੈ ਕਿ ਇਹ ਦਿੱਖ ਦਿਖਾਵਾ ਮਾਤਰ ਨਾ ਬਣ ਜਾਵੇ ਅਤੇ ਨਾ ਹੀ ਝਾਤੀਆਂ ਮਾਰਨ ਵਾਲੀ ਵਸਤੂ ਹੋ ਨਿਬੜੇ। ਸਿਨਮੇ ਵਿਚ ਸਥਾਨ ਦਾ ਅਨੁਭਵ (Sense of space) ਅਤੇ ਲੈਅ ਦਾ ਅਨੁਭਵ (Sense of movement) ਬਹੁਤ ਜ਼ਰੂਰੀ ਸੰਚਾਰ-ਸਾਧਨ ਹਨ। ਜਿਸ ਤਰੀਕੇ ਨਾਲ ਕੈਮਰਾ ਚਲਿਆ ਹੈ, ਜਿਸ ਲੈਅ ਵਿਚ ਚਲਿਆ ਹੈ ਜਿਤਨਾ ਸਮਾਂ, ਲਗਾਤਾਰ, ਉਸ ਵਰਤਿਆ ਹੈ, ਜਿਤਨਾ ਸਥਾਨ ਉਸ ਆਪਣੇ ਪਾਸਾਰ ਵਿਚ ਲਿਆਂਦਾ ਹੈ, ਜਿਥੇ 'ਸ਼ਾਟ' ਤੋੜੀ ਹੈ, ਜਿਥੋਂ ਦ੍ਰਿਸ਼ ਨੂੰ ਕੱਟ ਕੇ ਕਿਸੇ ਹੋਰ ਪਾਸੇ ਫੋਕਸ ਕੀਤਾ ਹੈ, ਇਹ ਕੇਵਲ ਤਕਨੀਕੀ ਵਿਧੀਆਂ ਨਾ ਹੋ ਕੇ ਅਰਥਾਂ ਦੀਆਂ ਧਾਰਨੀ ਸ਼ਕਤੀਆਂ ਬਣਨ, ਇਸੇ ਵਿਚ ਹੀ ਕਿਸੇ ਸਿਨਮੇ ਦੀ ਸ਼ਕਤੀ ਹੈ।

ਉਪਰ ਦੱਸੇ ਗੁਣਾਂ ਦੀ ਪੂਰੇ ਰੂਪ ਵਿਚ ਧਾਰਨੀ ਕੇਵਲ ਇਕ ਫਿਲਮ ਸੀ — ਕੁਝ ਹੋਰ ਫਿਲਮਾਂ ਵਿਚ ਘੱਟ ਵੱਧ ਅਜੇਹੀਆਂ ਉਦਾਹਰਣਾਂ ਮਿਲਦੀਆਂ ਸਨ। ਪਰ ਸੰਪੂਰਨ ਫਿਲਮੀ ਅਨੁਭਵ ਆਂਦਰੇ ਤਾਰਕੋਂਸਕੀ ਦੀ ਫਿਲਮ 'ਦਾ ਸੈਕਰੀਫਾਈਸ' ਨੇ ਹੀ ਸਿਰਜਿਆ। ਇਸ ਫਿਲਮ ਨੂੰ ਇਸ ਦਹਾਕੇ ਦੀ ਸਭ ਤੋਂ ਉਤਮ ਕਿਰਤ ਕਿਹਾ ਜਾ ਸਕਦਾ ਹੈ, ਪਰ ਹੈਰਾਨੀ ਦੀ

ਬਾਕੀ ਪੰਨਾ 34 'ਤੇ


# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

*** Without any obligation, contact**

Buying, Selling or Trading

**ਮਕਾਨ ਵੇਚਣ ਜਾਂ ਖ਼ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ**

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

ਪੰਨਾ 33 ਦੀ ਬਾਕੀ

ਗੱਲ ਇਹ ਹੈ ਕਿ 1986 ਦੇ ਕਾਨਜ਼ ਫਿਲਮ ਸਮਾਰੋਹ ਵਿਚ ਇਸ ਫਿਲਮ ਦੀ ਅਵਹੇਲਨਾ ਕਰਦੇ ਹੋਏ ਇੰਗਲੈਂਡ ਦੇ ਡਾਇਰੈਕਟਰ ਰੋਲੈਂਡ ਜੋਫੇ ਦੀ ਫਿਲਮ 'ਦਾ ਮਿਸ਼ਨ' ਨੂੰ ਸਰਵ ਉਤਮ ਮੰਨਿਆ ਗਿਆ। ਉਸ ਫਿਲਮ ਨੂੰ ਦੇਖਣ ਦਾ ਮੌਕਾ ਵੀ ਸਾਨੂੰ ਨਵੀਂ ਦਿੱਲੀ ਸਮਾਰੋਹ ਵਿਚ ਮਿਲਿਆ। ਉਹ ਇਕ ਤਕਨੀਕੀ ਪੱਧਰ ਤੋਂ ਪ੍ਰਪੱਕ ਫਿਲਮ ਹੈ ਪਰ ਉਸ ਵਿਚ 'ਦਾ ਸੈਕਰੀਫਾਈਸ' ਫਿਲਮ ਵਰਗੀ ਮਾਨਵੀ ਲੈਅ, ਉਥਲ-ਪੁਥਲ ਮਾਨਵੀ ਜਜ਼ਬਿਆਂ ਦੀ ਤਰਜਮਾਨੀ, ਮਾਨਵ ਮਨਾਂ ਦੇ ਵੇਗ ਨੂੰ ਸ਼ੁਧ ਦ੍ਰਿਸ਼-ਰੂਪ ਦੀ ਤਰਲਤਾ ਵਿਚ ਸਾਡੇ ਨਾਲ ਜੋੜਨ ਦੀ ਸਮਰੱਥਾ ਨਹੀਂ। 'ਦਾ ਮਿਸ਼ਨ' ਨੂੰ ਅਸੀਂ ਦੇਖਦੇ ਹਾਂ, ਚਕਾਚੌਂਧ ਹੁੰਦੇ ਹਨ। 'ਦਾ ਸੈਕਰੀਫਾਈਸ' ਅੱਖਾਂ ਥਾਣੀ ਸਾਡੇ ਅੰਦਰ ਉਤਰਦੀ ਹੈ ਸਾਡੇ ਸਾਹਾਂ ਦਾ ਹਿਸਾ ਬਣਦੀ ਹੈ। ਵੱਖ ਵੱਖ ਪੱਧਰਾਂ ਤੇ ਸਾਡੀ ਦੁਫੇੜ ਨੂੰ ਉਜਾਗਰ ਕਰਦੀ ਹੈ, ਸਾਡੇ ਨਾਲ ਇਕ ਸੰਵਾਦ ਰਚਾਉਂਦੀ ਹੈ, ਸਾਡੀ ਸੰਵੇਦਨਾ ਨੂੰ ਗਹਿਰਾਉਂਦੀ ਹੈ।

ਸੋ, ਇਨਾਮਾਂ ਦੀ ਤਾਂ ਇਹੋ ਜਿਹੀ ਹੀ ਮਿਥੀ ਗਿਣੀ ਘੜਤ ਹੁੰਦੀ ਹੈ। ਸਾਡੇ ਨਵੀਂ ਦਿੱਲੀ ਦੇ ਸਮਾਰੋਹ ਵਿਚ ਵੀ ਜਿਸ ਫਿਲਮ ਨੂੰ (ਰੂਸ ਦੀ 'ਗੁੱਡਬਾਈ ਗਰੀਨ ਸਮਰ') ਸੁਨਹਿਰੀ ਮੋਰ ਦਿੱਤਾ ਗਿਆ ਉਹੋ ਜਿਹੀਆਂ ਪੰਜਾਹ ਇਸ਼ਕੀਆ ਹਿੰਦੀ ਫਿਲਮਾਂ ਹਰ ਸਾਲ ਭਾਰਤ ਵਿਚ ਦੇਖੀਆਂ ਜਾ ਸਕਦੀਆਂ ਹਨ। ਅਸਲ ਵਿਚ ਸਿਨਮਾ ਇਕ ਅਜੇਹੀ ਤਾਕਤਵਰ ਸੰਚਾਰ-ਵਿਧੀ ਤੇ ਅਸਰ ਪਾਉਣ ਵਾਲੀ ਕਲਾ ਹੈ ਕਿ ਕੋਈ ਵੀ ਸੱਤਾਧਾਰੀ ਇਸ ਨੂੰ ਪੂਰੀ ਤਰ੍ਹਾਂ ਆਪਣੇ ਵੱਸ ਕਰਨ ਦਾ ਚਾਹਵਾਨ ਹੋ ਜਾਂਦਾ ਹੈ। ਸਿਨੇਮਾ ਇੰਜ ਇਕ ਰਾਜਨੀਤਕ ਤੱਥ ਹੀ ਬਣ ਰਿਹਾ ਹੈ। ਇਕ ਤਰ੍ਹਾਂ ਨਾਲ ਹਰ ਫਿਲਮ ਰਾਜਨੀਤਕ ਹੈ, ਏਸ ਲਈ ਨਹੀਂ ਕਿ ਉਹ ਕਿਸੇ ਰਾਜਨੀਤਕ ਘਟਨਾ ਦੁਆਲੇ ਉਸਰੀ ਹੈ, ਸਗੋਂ ਇਸ ਤੋਂ ਵੀ ਜ਼ਿਆਦਾ ਪਕੇਰੇ ਰੂਪ ਵਿਚ ਕਿਉਂਕਿ ਜਾਂ ਤਾਂ ਉਹ ਅਜੋਕੀ ਸੱਤਾ ਦੀ ਪੁਸ਼ਟੀ ਕਰ ਰਹੀ ਹੁੰਦੀ ਹੈ ਤੇ ਜਾਂ ਫੇਰ ਏਸ ਨੂੰ ਬਦਲਣ ਵਲ ਹੰਭਲਾ ਮਾਰ ਰਹੀ ਹੁੰਦੀ ਹੈ।

ਭਾਰਤ ਵਿਚ ਬਹੁਤੀਆਂ ਫਿਲਮਾਂ ਹਾਲੇ ਕੇਵਲ ਸਰਮਾਏਦਾਰ ਸੱਤਾਧਾਰੀਆਂ ਦੀਆਂ ਹਥਠੋਕਾ ਬਣੀਆਂ ਹੋਈਆਂ ਹਨ। ਸਿਨਮੇ ਦੇ ਸਭ ਤੋਂ ਵੱਡੇ ਰੋਲ — ਅੱਜ ਦੇ ਇਤਿਹਾਸਕ ਯਥਾਰਥ ਨੂੰ ਦ੍ਰਿਸ਼ ਬਧ ਕਰਕੇ ਸੰਭਾਲਣਾ — ਵੱਲ ਭਾਰਤ ਦੇ ਫਿਲਮਾਂ ਬਣਾਉਣ ਵਾਲਿਆਂ ਦੀ ਜੋ ਜ਼ਿਮੇਵਾਰੀ ਹੈ ਉਸ ਦੀ ਚੇਤਨਾ ਅਜੇ ਬਹੁਤ ਹੀ ਘੱਟ ਦਿਸ ਰਹੀ ਹੈ।

ਫਿਲਮ ਸਮਾਰੋਹਾਂ ਦਾ ਮੰਤਵ ਦੁਨੀਆਂ ਭਰ ਦੀਆਂ ਵਧੀਆ ਸਿਨਮਾ ਕਿਰਤਾਂ ਦੀ ਪੇਸ਼ਕਾਰੀ ਦਾ ਮੌਕਾ ਬਣਾਉਣਾ ਹੁੰਦਾ ਹੈ ਨਾ ਕਿ ਸਿਰਫ ਇਕ ਭੜਕੀਲਾ ਮੇਲਾ ਰਚਣਾ। ਅਸਿੱਧੇ ਤੌਰ ਤੇ ਨਿੱਜੀ ਰੂਪ ਵਿਚ ਇਕ ਨਵੀਂ ਦਿੱਲੀ ਵਰਗੇ ਫਿਲਮ ਮੇਲੇ ਦਾ ਫਾਇਦਾ ਇਉਂ ਹੋਇਆ ਭਾਵੇਂ ਮੰਨਿਆ ਜਾ ਸਕਦਾ ਹੈ ਕਿ ਹਰ ਰੋਜ਼ ਜੇ ਨਿਮਨ-ਮਿਆਰੀਆਂ ਛੇ ਫਿਲਮਾਂ ਵੇਖਣੀਆਂ ਪੈ ਜਾਣ ਤਾਂ ਕੁਝ ਦਿਨਾਂ ਬਾਅਦ ਹੀ ਦਰਸ਼ਕ ਅੰਦਰ ਇਹੋ ਜਿਹੀਆਂ ਮਨੋਰਥ ਹੀਣ, ਛਾਤੀਆਂ ਮਾਰੂ ਦ੍ਰਿਸ਼ ਸੰਗਲੀਆਂ ਨੂੰ ਨਾ ਵੇਖਣ ਦੀ ਸਮਰੱਥਾ ਉਜਾਗਰ ਹੋ ਜਾਂਦੀ ਹੈ।





ਡਿੰਪਲ ਕਪਾਡੀਆ ਤੇ ਜੈਕੀ ਸ਼ਰਾਫ ਫ਼ਿਲਮ 'ਕਾਸ਼' ਦੇ ਕੁਝ ਦ੍ਰਿਸ਼ਾਂ 'ਚ

## ਫ਼ਿਲਮਨਾਮਾ

■ ਏ ਸੀ ਫਿਲਮਜ਼ ਦੀ ਪੰਜਾਬੀ ਫ਼ਿਲਮ 'ਤੁਨਕਾ ਪਿਆਰ ਦਾ' ਦੀ ਪੰਜ ਰੋਜ਼ਾ ਸ਼ੂਟਿੰਗ ਬੰਬਈ ਵਿਖੇ ਹੋਈ ਜਿਸ ਵਿਚ ਦਿਲਜੀਤ ਕੌਰ, ਟੀਨਾ ਘਈ, ਸੁਰਿੰਦਰ ਛਿੰਦਾ, ਸੁਰਿੰਦਰ ਵਾਲੀਆ, ਮੀਨਾਕਸ਼ੀ ਕੰਵਰ, ਵੇਦ ਗੋਸਵਾਮੀ, ਐਸ ਪੀ ਕੋਹਲੀ, ਅਵਤਾਰ ਗਰੇਵਾਲ ਤੇ ਅਨਿਲ ਪੰਡਿਤ ਨੇ ਭਾਗ ਲਿਆ। ਨਿਰਮਾਤਾ ਅਮਰਜੀਤ ਵਾਲੀਆ ਤੇ ਚਰਨਜੀਤ ਬਾਜਵਾ ਦੀ ਫ਼ਿਲਮ ਦੀਆਂ ਤੇਰਾਂ ਰੀਲਾਂ ਤਿਆਰ ਹੋ ਗਈਆਂ ਹਨ। ਅਨਿਲ ਪੰਡਿਤ ਦੁਆਰਾ ਡਾਇਰੈਕਟ ਕੀਤੀ ਜਾ ਰਹੀ ਇਸ ਫ਼ਿਲਮ ਦਾ ਸੰਗੀਤ ਚਰਨਜੀਤ ਆਹੂਜਾ ਤਿਆਰ ਕਰ ਰਿਹਾ ਹੈ।

■ ਚਾਲੀ ਦਿਨਾਂ ਦੀ ਸ਼ੂਟਿੰਗ ਤੋਂ ਬਾਅਦ ਮੋਹਨ ਗੇਹਾਨੀ ਦੀ ਫ਼ਿਲਮ 'ਦਿਲਰੁਬਾ ਤਾਂਗੇ ਵਾਲੀ' ਤਿਆਰ ਹੋ ਗਈ ਹੈ। ਐਸ ਆਰ ਪ੍ਰਤਾਪ ਦੁਆਰਾ ਡਾਇਰੈਕਟ ਕੀਤੀ ਹੋਈ ਇਸ ਫ਼ਿਲਮ ਵਿਚ ਸ਼੍ਰੀਪ੍ਰਧਾ, ਹੇਮੰਤ ਬਿਰਜੇ, ਕ੍ਰਿਸ਼ਨਾ, ਰਾਜਿੰਦਰ ਨਾਥ, ਦੇਵਾ ਤੇ ਪ੍ਰਾਣ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਖਾਲਿਦ ਇਸ ਫ਼ਿਲਮ ਦਾ ਗੀਤਕਾਰ ਤੇ ਅਨਵਰ ਉਸਮਾਨ ਸੰਗੀਤਕਾਰ ਹੈ।

■ ਐਸ ਕੇ ਕਪੂਰ ਦੀ ਫ਼ਿਲਮ 'ਸੀਤਾਪੁਰ ਕੀ ਗੀਤਾ' ਤਿਆਰ ਹੋ ਗਈ ਹੈ। ਸ਼ਿਬੂ ਮਿੱਤਰਾ ਦੀ ਡਾਇਰੈਕਸ਼ਨ ਹੇਠ ਬਣੀ ਇਸ ਫ਼ਿਲਮ ਵਿਚ ਹੇਮਾ ਮਾਲਿਨੀ, ਪ੍ਰਾਣ, ਸ਼ਕਤੀ ਕਪੂਰ, ਰਜ਼ਾ ਮੁਰਾਦ ਤੇ ਅਮਜਦ ਖਾਨ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਫੈਜ਼ ਸਲੀਮ ਦੀ ਕਹਾਣੀ ਤੇ ਆਧਾਰਤ ਇਸ ਫ਼ਿਲਮ ਦੇ ਗੀਤ ਵਰਮਾ ਮਲਿਕ ਨੇ ਲਿਖੇ ਹਨ ਜਦਕਿ ਸੰਗੀਤ ਸੈਨਿਕ ਓਮੀ ਨੇ ਤਿਆਰ ਕੀਤਾ ਹੈ।

■ 'ਮਲਕਾ-ਏ-ਤਰੰਨਮ ਨੂਰਜਹਾਂ ਜਲਦ ਹੀ ਭਾਰਤ ਆ ਰਹੀ ਹੈ। ਉਸਦਾ ਬੀਤੇ ਦਿਨੀਂ ਦਿਲ ਦਾ ਅਮਰੀਕਾ ਵਿਖੇ ਉਪਰੇਸ਼ਨ ਹੋਇਆ ਸੀ ਜੋ ਸਫ਼ਲ ਰਿਹਾ। ਨੂਰਜਹਾਂ ਨੂੰ ਭਾਰਤ ਆਉਣ ਦੀ ਦਾਅਵਤ ਪ੍ਰਸਿੱਧ ਅਭਿਨੇਤਾ ਦਲੀਪ ਕੁਮਾਰ ਨੇ ਦਿੱਤੀ ਹੈ।

■ ਨਿਰਦੇਸ਼ਕ ਅਵਤਾਰ ਭੋਗਲ ਨੇ ਬੀਤੇ ਦਿਨੀਂ ਬੰਬਈ ਦੇ ਫ਼ਿਲਮਸਤਾਨ ਸਟੂਡੀਓ ਵਿਖੇ ਨਿਰਮਾਤਾ ਅਸ਼ੋਕ ਪੰਜਾਬੀ ਦੀ ਫ਼ਿਲਮ 'ਜ਼ਖਮੀ ਔਰਤ' ਦੀ ਬਾਰਾਂ ਰੋਜ਼ਾ ਸ਼ੂਟਿੰਗ ਕੀਤੀ ਜਿਸ ਵਿਚ ਡਿੰਪਲ ਕਪਾਡੀਆ, ਅਨੂਪ ਸ਼ੇਖਰ, ਰਾਜ ਬੱਬਰ, ਰਮਾ ਵਿਜ, ਅਰੁਨਾ ਇਰਾਨੀ, ਤੇਜ ਸਪਰੂ, ਪੁਨੀਤ ਈਸਰ ਅਤੇ ਦਲੀਪ ਤਾਹਿਲ ਨੇ ਭਾਗ ਲਿਆ। ਬੱਪੀ ਲਹਿਰੀ ਦੇ ਸੰਗੀਤ ਵਿਚ ਪਰੋਈ ਜਾਣ ਵਾਲੀ ਇਸ ਫ਼ਿਲਮ ਦੇ ਗੀਤ ਫਾਰੂਕ ਕੈਸਰ ਨੇ ਲਿਖੇ ਹਨ।

■ ਰਾਧਿਕਾ ਫ਼ਿਲਮਜ਼ ਦੀ ਅਗਲੀ ਫ਼ਿਲਮ ਦਾ ਨਾਂ 'ਔਰਤ ਤੇਰੀ ਯਹੀ ਕਹਾਨੀ' ਹੋਏਗਾ ਜਿਸ ਵਿਚ ਮੀਨਾਕਸ਼ੀ ਸ਼ੇਸ਼ਾਧਰੀ ਮੁੱਖ ਭੂਮਿਕਾ ਨਿਭਾਏਗੀ ਤੇ ਉਸ ਤੋਂ ਇਲਾਵਾ ਸੁਮੀਤ ਸੇਗਲ ਤੇ ਸਚਿਨ ਵੀ ਇਸ ਵਿਚ ਅਹਿਮ ਕਿਰਦਾਰ ਅਦਾ ਕਰਨਗੇ। ਮੋਹਨ ਜੀ ਪ੍ਰਸ਼ਾਦ ਦੀ ਡਾਇਰੈਕਸ਼ਨ ਹੇਠ ਬਣਨ ਵਾਲੀ ਇਸ ਫ਼ਿਲਮ ਦੇ ਗੀਤ ਤੇ ਡਾਇਲਾਗ ਰਾਜਿੰਦਰ ਕ੍ਰਿਸ਼ਨ ਲਿਖੇਗਾ। ਸਚਿਨ ਮਜੂਮਦਾਰ ਫ਼ਿਲਮ ਦੀ ਫੋਟੋਗਰਾਫੀ ਕਰੇਗਾ ਤੇ ਅਨੰਦ ਮਿਲਿੰਦ ਸੰਗੀਤ ਤਿਆਰ ਕਰਨਗੇ।

■ ਲੇਖਕ-ਨਿਰਦੇਸ਼ਕ ਕੇ ਡੀ ਸਿੰਘ ਨੇ ਜਵਾਹਰ ਪਿਕਚਰ ਪੈਲੇਸ ਦੀ ਫ਼ਿਲਮ 'ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾ' ਦੀ ਬਾਰਾਂ ਰੋਜ਼ਾ ਸ਼ੂਟਿੰਗ ਫ਼ਿਲਮ ਸਿਟੀ ਬੰਬਈ ਵਿਖੇ ਕੀਤੀ ਜਿਸ ਵਿਚ ਕਰਨ ਸ਼ਾਹ, ਅਨੁਰਾਧਾ ਪਟੇਲ, ਰਕੇਸ਼ ਬੇਦੀ, ਚੰਦਨੀ ਮਿਸ਼ਰਾ, ਸਦਾਸ਼ਿਵ ਅਮਰਾਪੁਰਕਰ, ਸੈਨਿਕਾ ਗਿੱਲ ਤੇ ਉਰਮਿਲਾ ਭੱਟ ਨੇ ਭਾਗ ਲਿਆ। ਵੀ. ਸੋਕਤ ਇਸ ਫ਼ਿਲਮ ਦੀ ਫੋਟੋਗਰਾਫੀ ਕਰ ਰਿਹਾ ਹੈ ਜਦ ਕਿ ਗੀਤ ਸਮੀਰ ਨੇ ਲਿਖੇ ਹਨ ਤੇ ਸੰਗੀਤ ਔਮਕਾਰ ਦਾ ਹੈ।

NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA

Life, Health, Group Insurance,
Annuities, Pension Plans
Temprary and Permanent Policies

Smokers & Non Smokers Rates
ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ
ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ:

Off: 685-7364 Bhupinder Dhaliwal Res: 589-1559



Bhupinder Dhaliwal

# ਪੰਜਾਬੀ ਦੇ ਪ੍ਰਸਿਧ ਲੇਖਕਾਂ ਦਾ ਸਨਮਾਨ



ਚੰਡੀਗੜ੍ਹ — ਪੰਜਾਬ ਕਲਾ ਭਵਨ ਦੇ ਪ੍ਰਦਰਸ਼ਨੀ ਹਾਲ ਵਿਚ ਪੰਜਾਬ ਆਰਟ ਕੌਂਸਲ ਦੀ ਸ਼ਾਖਾ ਪੰਜਾਬ ਸਾਹਿਤ ਅਕਾਡਮੀ ਵਲੋਂ ਪੰਜਾਬੀ ਦੇ ਤਿੰਨ ਪ੍ਰਸਿਧ ਲੇਖਕਾਂ ਦੇ ਸਨਮਾਨ ਵਿਚ ਵੱਡੀ ਪੱਧਰ 'ਤੇ ਇਕ ਅਭਿਨੰਦਨ ਸਮਾਰੋਹ ਆਯੋਜਿਤ ਕੀਤਾ ਗਿਆ। ਜਿਨ੍ਹਾਂ ਲੇਖਕਾਂ ਦਾ ਅਭਿਨੰਦਨ ਕੀਤਾ ਗਿਆ ਉਨ੍ਹਾਂ ਵਿਚ ਪੰਜਾਬੀ ਦੇ ਸਿਰਮੌਰ ਤੇ ਬਾਬਾ ਬੋਹੜ ਕਰਕੇ ਜਾਣੇ ਜਾਂਦੇ ਲੇਖਕ ਪ੍ਰਿ: ਸੰਤ ਸਿੰਘ ਸੇਖੋਂ, ਜਿਨ੍ਹਾਂ ਨੂੰ ਇਸ ਵਰ੍ਹੇ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿ: ਸੁਜਾਨ ਸਿੰਘ ਪੰਜਾਬ ਦੇ ਮੋਢੀ ਕਹਾਣੀਕਾਰ ਜਿਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਸ਼ਹਿਰ ਤੇ ਗਰਾਂ' ਉਪਰ ਸਾਹਿਤ ਅਕਾਡਮੀ ਐਵਾਰਡ ਦੇ ਕੇ ਸਨਮਾਨਿਆ ਗਿਆ ਹੈ ਤੇ ਤੀਜੇ ਸਨ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਸ. ਗੁਰਦਿਆਲ ਸਿੰਘ ਜਿਨ੍ਹਾਂ ਨੂੰ ਉਨ੍ਹਾਂ ਦੀ ਸਮੁੱਚੀ ਸਾਹਿਤਕ ਦੇਣ ਬਦਲੇ ਸੋਵੀਅਤ ਲੈਂਡ ਨਹਿਰੂ ਐਵਾਰਡ ਜਿਹੇ ਬਹੁਮੁਲੇ ਸਨਮਾਨ ਨਾਲ ਸਨਮਾਨਿਆ ਗਿਆ ਹੈ।

ਸਮਾਰੋਹ ਦੀ ਸ਼ੁਰੂਆਤ ਨਾਵਲਕਾਰ ਗੁਰਦਿਆਲ ਸਿੰਘ ਦੇ ਪਹਿਲੇ ਤੇ ਬਹੁਚਰਚਿਤ ਨਾਵਲ 'ਮੜ੍ਹੀ ਦਾ ਦੀਵਾ' ਨੂੰ ਆਧਰ ਬਣਾ ਕੇ ਲਿਖੇ ਪ੍ਰੋ. ਸੁਖਜੀਤ ਕੌਰ ਦੇ ਪੇਪਰ ਨਾਲ ਹੋਈ। ਦੂਜਾ ਪੇਪਰ ਡਾ. ਕੇਸਰ ਸਿੰਘ ਨੇ ਪ੍ਰਿ. ਸੁਜਾਨ ਸਿੰਘ ਦੇ ਜੀਵਨ ਤੇ ਕਹਾਣੀ ਯਾਤਰਾ ਨਾਲ ਸਬੰਧਤ ਪੜ੍ਹਿਆ। ਤੀਜਾ ਪੇਪਰ ਪ੍ਰਿ. ਸੰਤ ਸਿੰਘ ਸੇਖੋਂ ਦੀ ਸਮੁੱਚੀ ਸਾਹਿਤਕ ਘਾਲਣਾ ਬਾਰੇ ਡਾ. ਰਘਬੀਰ ਸਿੰਘ ਸਿਰਜਣਾ ਨੇ ਪੜ੍ਹਿਆ।

ਪੰਜਾਬ ਆਰਟ ਕੌਂਸਲ ਦੇ ਚੇਅਰਮੈਨ ਡਾ. ਅਤਰ ਸਿੰਘ ਜੋ ਕਿ ਇਸ ਅਭਿਨੰਦਨ ਸਮਾਰੋਹ ਦੇ ਪ੍ਰਧਾਨ ਵੀ ਸਨ, ਨੇ ਤਿੰਨਾਂ ਵਿਦਵਾਨਾਂ ਨੂੰ ਸਨਮਾਨਿਆ।

ਸ. ਗੁਰਦਿਆਲ ਸਿੰਘ, ਪ੍ਰਿ. ਸੁਜਾਨ ਸਿੰਘ ਤੇ ਪ੍ਰਿ. ਸੰਤ ਸਿੰਘ ਸੇਖੋਂ ਨੇ ਕਰਮਵਾਰ ਆਪਣੇ ਆਪਣੇ ਜੀਵਨ ਦੇ ਪ੍ਰੇਰਨਾ ਸਰੋਤ ਅਤੇ ਦਿਲਚਸਪ ਛਿਣਾਂ ਬਾਰੇ ਜ਼ਿਕਰ ਕੀਤਾ।

ਡਾਕਟਰ ਅਤਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪੰਜਾਬ ਆਰਟ ਕੌਂਸਲ ਤੇ ਉਸ ਦੀਆਂ ਤਿੰਨੋਂ ਸ਼ਾਖਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਮਹੱਤਵਪੂਰਨ ਕੰਮ ਨੂੰ ਨੇਪਰੇ ਚਾੜ੍ਹਨ ਲਈ ਮਾਰੇ ਹੰਭਲੇ ਬਾਰੇ ਕਿਹਾ ਕਿ ਕੌਂਸਲ ਨੇ ਅਖੀਰ ਪੰਜਾਬ ਸਰਕਾਰ ਕੋਲੋਂ ਦਸ ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕਰਾ ਲਈ ਹੈ ਤੇ ਇਸ ਪੈਸੇ ਨਾਲ ਪੰਜਾਬ ਕਲਾ ਭਵਨ ਦੀ ਰਹਿੰਦੀ ਉਸਾਰੀ ਪੂਰੀ ਕੀਤੀ ਜਾਵੇਗੀ। ਇਹ ਇਮਾਰਤ ਕਲਾਕਾਰਾਂ ਤੇ ਸਾਹਿਤਕਾਰਾਂ ਦਾ ਘਰ ਹੈ। ਸਾਡਾ ਫਰਜ਼ ਬਣਦਾ ਹੈ ਅਸੀਂ ਆਪਣੇ ਘਰ ਵਿਚ ਮਿਲ ਬੈਠ ਕੇ ਕਲਾ ਤੇ ਸਾਹਿਤ ਦੇ ਇਕੱਠ ਕਰੀਏ। ਇਸ ਮੌਕੇ 'ਤੇ ਪੰਜਾਬ ਸਾਹਿਤ ਅਕਾਡਮੀ ਦੇ ਮੀਤ ਪ੍ਰਧਾਨ ਸ. ਗੁਲਜ਼ਾਰ ਸਿੰਘ ਸੰਧੂ ਨੇ ਖੂਬਸੂਰਤ ਪੈਨ-ਪੈਂਸਲ ਡਾ. ਅਤਰ ਸਿੰਘ ਨੂੰ ਭੇਟ ਕਰਦਿਆਂ ਬੇਨਤੀ ਕੀਤੀ ਕਿ ਉਹ ਰਾਜਨੀਤੀ ਵਲੋਂ ਹਟ ਕੇ ਫਿਰ ਸਾਹਿਤ ਵਲ ਆਉਣ।

ਸਟੇਜ ਦਾ ਕੰਮ ਸ. ਸੰਧੂ ਹੋਰਾਂ ਨਿਭਾਇਆ।

[illegible]


# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ

ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।

## ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੋ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਉਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)
Res. 228-0452

## IMMIGRATION PROBLEMS?

**Let us assist you as we have been doing since 1946**

**Complete Immigration Service in Canada**

Sponsoring Immediate Family
Close Relatives
Independent Immigrants
Fiance (e) Application
Student Visa
Refugee Application
Visitors Visa
Adoption Application
Returning Resident Permit
Citizenship Application
Orphan Relatives Application

Investors Immigration
Entrepreneurs Immigration
Self-Employed Immigration
Family Business Immigration
Work Permit
Retired Person Application
Release Hearing
Immigration Inquiry
Immigration Appeal
Preparing Application Forms
Etc....

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
# 201-1275 W. 6th Avenue, Vancouver, B.C. Canada.
Off. (604) 733-1644

# GILL AUTO SALES

DLR #8220

## ਗਿੱਲ ਆਟੋ ਸੇਲਜ਼

'ਤੇ ਪਹੁੰਚੋ

## ਕਾਰਾਂ, ਵੈਨਾਂ ਜਾਂ ਪਿੱਕ ਅੱਪ ਖ਼੍ਰੀਦੋ

ਕਿਸੇ ਵੀ ਮੇਕ ਦੀ ਨਵੀਂ ਜਾਂ ਪੁਰਾਣੀ ਕਾਰ ਲੈਣ ਲਈ

**ਸਾਨੂੰ ਮਿਲੋ**

**ਅਸੀਂ ਤੁਹਾਡੇ ਹਜ਼ਾਰਾਂ ਡਾਲਰ ਬਚਾਅ ਸਕਦੇ ਹਾਂ**

### ਗਿੱਲ ਵੈਨ ਕਨਵਰਸ਼ਨ

ਆਪਣੀ ਵੈਨ ਦੀ ਕਨਵਰਸ਼ਨ ਕਰਵਾਉਣ ਲਈ ਸਾਡੇ ਕੋਲ ਪਹੁੰਚੋ —

—ਖਿੜਕੀਆਂ—

- ਪੂਰੀ ਤਬਦੀਲੀ
- ਆਈ. ਸੀ. ਬੀ. ਸੀ. ਕਲੇਮਜ਼
- ਸਨ-ਰੂਫ਼
- ਹਰ ਤਰ੍ਹਾਂ ਦੀਆਂ ਲੋੜਾਂ ਅਨੁਸਾਰ ਤੁਹਾਡੀ ਪਲੈਨ ਅਨੁਸਾਰ ਕੰਮ ਹੋਏਗਾ

**ਵਧੀਆ ਰੇਟ — ਗਰੰਟੀ ਦਾ ਕੰਮ**

### Gill Van Conversion

**—WINDOWS—**

- Complete Conversions
- I.C.B.C. Claims
- Full Line of Accessories
- Sun-roofs

We will build to your plans or ours

**BEST RATES — GUARANTEED WORK**

ਅੱਜ ਹੀ ਮਿਲੋ :

## P.S. GILL — SURINDER SINGH

## QUALITY USED CARS

ALL QUALITY CARS, PICK UPS & VANS TO CHOOSE FROM

**6138 KINGSWAY**

(Between Gilly & Imperial)

**Ph. 432-7333**